ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 144
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 26 May, 2026) ਮੰਗਲਵਾਰ, 26 ਮਈ, 2026, 12 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਹੁਣ ਪੰਜਾਬ 'ਚ ਈਦ-ਉੱਲ-ਜ਼ੁਹਾ (ਬਕਰੀਦ) ਦੀ ਛੁੱਟੀ 27 ਦੀ ਥਾਂ 28 ਮਈ ਨੂੰ ਹੋਵੇਗੀ

ਚੰਡੀਗੜ੍ਹ, 25 ਮਈ (ਚ.ਨ.ਸ.): ਪੰਜਾਬ ਸਰਕਾਰ ਵੱਲੋਂ ਨੈਗੋਸ਼ੀਏਬਲ ਐਕਟ-1881 ਦੀ ਧਾਰਾ 25 ਅਧੀਨ ਈਦ-ਉੱਲ-ਜ਼ੁਹਾ (ਬਕਰੀਦ) ਦੇ ਸਬੰਧ ਵਿੱਚ ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਮਿਤੀ 28 ਮਈ 2026 (ਵੀਰਵਾਰ) ਨੂੰ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਪਹਿਲਾਂ ਈਦ-ਉੱਲ-ਜ਼ੁਹਾ (ਬਕਰੀਦ) ਦੇ ਮੌਕੇ ਮਿਤੀ 27 ਮਈ 2026 ਨੂੰ ਗਜ਼ਟਿਡ ਛੁੱਟੀ ਐਲਾਨੀ ਗਈ ਸੀ, (ਬਾਕੀ ਸਫ਼ਾ 2 'ਤੇ)

### ਤੇਲ ਕੀਮਤਾਂ 'ਚ ਚੌਥੀ ਵਾਰ ਵਾਧਾ

## ਪੰਜਾਬ 'ਚ ਪੈਟਰੋਲ 105 ਤੇ ਡੀਜ਼ਲ 95 ਰੁ: ਤੱਕ ਪੁੱਜਾ




ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 25 ਮਈ :ਪੰਜਾਬ ਤੇ ਚੰਡੀਗੜ੍ਹ ਵਿਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਇਕ ਵਾਰ ਫਿਰ ਵਾਧਾ ਹੋਇਆ ਹੈ। ਪੈਟਰੋਲ ਦੇ ਰੇਟ 2.60 ਰੁਪਏ ਤੇ ਡੀਜ਼ਲ ਵਿਚ 2.70 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ। ਚੰਡੀਗੜ੍ਹ ਵਿਚ ਪਹਿਲੀ ਵਾਰ ਪੈਟਰੋਲ 100 ਰੁਪਏ ਪ੍ਰਤੀ ਲੀਟਰ ਦੇ ਪਾਰ ਚਲਾ ਗਿਆ ਹੈ। ਇਥੇ 2.5 ਰੁਪਏ ਵਧਣ ਦੇ ਬਾਅਦ ਪੈਟਰੋਲ ਹੁਣ 101.53 ਰੁਪਏ ਪ੍ਰਤੀ ਲੀਟਰ ਤੇ 2.53 ਰੁਪਏ ਵਧਣ ਦੇ ਬਾਅਦ ਡੀਜ਼ਲ 89.63 ਰੁਪਏ ਪ੍ਰਤੀ ਲੀਟਰ ਵਿਕ ਰਿਹਾ ਹੈ। ਦੂਜੇ ਪਾਸੇ ਪੰਜਾਬ ਵਿਚ ਪੈਟਰੋਲ ਹੁਣ 105.44 ਰੁਪਏ ਤੇ ਡੀਜ਼ਲ 95.38 ਰੁਪਏ ਪ੍ਰਤੀ ਲੀਟਰ ਹੋ ਗਿਆ ਹੈ। ਮੋਹਾਲੀ ਵਿਚ ਪੈਟਰੋਲ ਦਾ ਰੇਟ ਸਭ ਤੋਂ ਵਧ 105.99 ਰੁਪਏ ਪ੍ਰਤੀ ਲੀਟਰ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ 15 ਮਈ, 19 ਮਈ ਤੇ 23 ਮਈ ਨੂੰ ਰੇਟ ਵਧਾਏ ਗਏ ਸਨ। ਬੀਤੇ 10 ਦਿਨਾਂ ਵਿਚ ਪੰਜਾਬ ਵਿਚ ਪੈਟਰੋਲ ਦੇ ਰੇਟਾਂ ਵਿਚ ਕੁੱਲ 7.25 ਰੁਪਏ ਪ੍ਰਤੀ ਲੀਟਰ ਤੇ ਡੀਜ਼ਲ ਦੇ (ਬਾਕੀ ਸਫਾ 2 'ਤੇ)

### ਖੜਗੇ ਵੱਲੋਂ ਤੇਲ ਕੀਮਤਾਂ 'ਚ ਵਾਧੇ ਨੂੰ ਲੈ ਕੇ ਕੇਂਦਰ ਦੀ ਆਲੋਚਨਾ

ਨਵੀਂ ਦਿੱਲੀ, 25 ਮਈ (ਚ.ਨ.ਸ.): ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੋਮਵਾਰ ਨੂੰ 10 ਦਿਨਾਂ ਵਿਚ ਤੇਲ ਦੀਆਂ ਕੀਮਤਾਂ ਵਿਚ ਚੌਥੇ ਵਾਧੇ ਨੂੰ ਲੈ ਕੇ ਕੇਂਦਰ ਸਰਕਾਰ ਦੀ ਆਲੋਚਨਾ ਕਰਦੇ ਹੋਏ ਦੋਸ਼ ਲਾਇਆ ਕਿ ਕਿਸਾਨ, ਛੋਟੇ ਉਦਯੋਗ ਅਤੇ ਸਮਾਜ ਦਾ ਹਰ ਵਰਗ 'ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਦੇਸ਼ ਦੀ ਲੁੱਟ ਦਾ ਖਮਿਆਜ਼ਾ ਭੁਗਤ ਰਿਹਾ ਹੈ'।'ਬਾਲਣ ਦੀ ਲੁੱਟ ਦਾ ਰੋਜ਼ਾਨਾ ਹਮਲਾ ਅਜੇ ਖਤਮ ਨਹੀਂ ਹੋਇਆ!' ਖੜਗੇ ਨੇ ਅੱਗੇ ਦਾਅਵਾ ਕੀਤਾ ਕਿ ਪਿਛਲੇ 12 ਸਾਲਾਂ ਵਿਚ, ਸਰਕਾਰ ਨੇ 42 ਲੱਖ ਕਰੋੜ ਰੁਪਏ ਦੀ 'ਲੁੱਟ' ਕੀਤੀ ਹੈ। ਖੜਗੇ ਨੇ ਕਿਹਾ, 'ਹਰ ਈਂਧਨ ਦੀਆਂ ਕੀਮਤਾਂ ਵਿਚ ਵਾਧਾ ਘਰੇਲੂ ਬਜਟ ਲਈ ਇਕ ਹੋਰ ਝਟਕਾ ਹੈ। ਕਿਸਾਨਾਂ ਤੋਂ ਲੈ ਕੇ ਐੱਮ.ਐੱਸ.ਐੱਮ.ਈ. ਤੱਕ ਸਮਾਜ ਦੇ ਹਰ ਵਰਗ ਨੂੰ ਭਾਜਪਾ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ।

# ਪੰਜਾਬ 'ਚ ਨਗਰ ਨਿਗਮ ਚੋਣਾਂ ਲਈ ਵੋਟਾਂ ਅੱਜ ਤੇ ਨਤੀਜੇ 29 ਨੂੰ

## ਰੋਡ ਸ਼ੋਅ ਤੇ ਚੋਣ ਜਲਸਿਆਂ ਨਾਲ ਸਿਆਸੀ ਧਿਰਾਂ ਨੇ ਮਾਰਿਆ ਆਖ਼ਰੀ ਹੰਭਲਾ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 25 ਮਈ : ਪੰਜਾਬ ਵਿੱਚ ਨਗਰ ਨਿਗਮ ਤੇ ਨਗਰ ਕੌਂਸਲ/ਨਗਰ ਪੰਚਾਇਤ ਚੋਣਾਂ ਲਈ ਚੋਣ ਪ੍ਰਚਾਰ ਅੱਜ ਸਮਾਪਤ ਹੋ ਗਿਆ। ਚੋਣ ਪ੍ਰਚਾਰ ਦੇ ਆਖ਼ਰੀ ਦਿਨ ਸਿਆਸੀ ਧਿਰਾਂ ਨੇ ਆਪੋ ਆਪਣੇ ਉਮੀਦਵਾਰਾਂ ਦੀ ਹਮਾਇਤ 'ਚ ਆਖ਼ਰੀ ਹੰਭਲਾ ਮਾਰਿਆ। ਪੰਜਾਬ ਦੀਆਂ 9 ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਲਈ 26 ਮਈ ਨੂੰ ਵੋਟਾਂ ਪੈਣਗੀਆਂ ਅਤੇ 29 ਮਈ ਨੂੰ ਚੋਣ ਨਤੀਜੇ ਆਉਣਗੇ। ਚੋਣ ਪ੍ਰਚਾਰ ਦੇ ਆਖ਼ਰੀ ਦਿਨ ਉਮੀਦਵਾਰਾਂ ਨੇ ਰੋਡ ਸ਼ੋਅ ਕੱਢੇ ਅਤੇ ਚੋਣ ਜਲਸੇ ਕੀਤੇ। ਉਮੀਦਵਾਰਾਂ ਨੇ ਘਰ-ਘਰ ਜਾ ਕੇ ਵੋਟਰਾਂ ਨਾਲ ਸੰਪਰਕ ਕੀਤਾ। ਇਸ ਦੌਰਾਨ ਨਗਰ ਕੌਂਸਲ ਜਗਰਾਓਂ ਦੇ ਵਾਰਡ ਨੰਬਰ 13 'ਚ ਰੋਡ ਸ਼ੋਅ ਦੌਰਾਨ 'ਆਪ' ਅਤੇ ਕਾਂਗਰਸ ਦੇ ਵਰਕਰਾਂ ਦਰਮਿਆਨ ਝੜਪ ਹੋ ਗਈ। ਇਸ ਮੌਕੇ ਇੱਟਾਂ ਰੋੜੇ ਚੱਲੇ ਜਿਸ ਨਾਲ ਕਈ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਫੌਰੀ ਹਸਪਤਾਲ ਭਰਤੀ ਕਰਾਇਆ ਗਿਆ। ਝੜਪ 'ਚ



ਕੁਝ ਗੱਡੀਆਂ ਵੀ ਨੁਕਸਾਨੀਆਂ ਗਈਆਂ।

ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਚੋਣਾਂ ਸ਼ਹਿਰੀ ਵੋਟਰਾਂ ਦੇ ਸਿਆਸੀ ਰੌਅ ਦਾ ਪ੍ਰਗਟਾਅ ਕਰਨਗੀਆਂ। ਪੰਜਾਬ ਰਾਜ ਚੋਣ ਕਮਿਸ਼ਨ ਨੇ 11 ਮਈ ਨੂੰ ਚੋਣਾਂ ਦਾ ਐਲਾਨ ਕੀਤਾ ਸੀ ਅਤੇ 19 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਵਾਪਸੀ ਮਗਰੋਂ ਉਮੀਦਵਾਰਾਂ ਨੂੰ ਕਰੀਬ 5-6 ਦਿਨ ਹੀ ਚੋਣ ਪ੍ਰਚਾਰ ਕਰਨ ਦਾ ਮੌਕਾ ਮਿਲਿਆ। ਕੁੱਲ 10,809 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ ਅਤੇ ਚੋਣ ਮੈਦਾਨ 'ਚ ਇਸ ਵੇਲੇ 7,555 ਉਮੀਦਵਾਰ ਹਨ। ਇਨ੍ਹਾਂ ਚੋਣਾਂ 'ਚ 36,72,932 ਵੋਟਰ ਆਪਣੇ ਹੱਕ ਦਾ ਇਸਤੇਮਾਲ ਕਰਨਗੇ। ਚੋਣਾਂ ਮੌਕੇ ਵੋਟਾਂ ਬੈਲੇਟ ਪੇਪਰ ਨਾਲ ਹੀ ਪੈਣਗੀਆਂ।

ਇਨ੍ਹਾਂ ਚੋਣਾਂ 'ਚ ਨਗਰ ਨਿਗਮ ਬਠਿੰਡਾ, ਅਬੋਹਰ, ਬਟਾਲਾ, ਬਰਨਾਲਾ, ਕਪੂਰਥਲਾ, ਮੋਗਾ, ਪਠਾਨਕੋਟ ਅਤੇ ਮੋਹਾਲੀ ਦੀ ਚੋਣ ਸਭ ਧਿਰਾਂ ਲਈ ਵਕਾਰੀ ਹੈ। (ਬਾਕੀ ਸਫਾ 2 'ਤੇ)

### ਚੋਣਾਂ ਲਈ ਸਾਰੇ ਯੋਗ ਕਾਮਿਆਂ ਨੂੰ ਵੋਟਾਂ ਵਾਸਤੇ ਛੋਟ ਦਾ ਐਲਾਨ

ਚੰਡੀਗੜ੍ਹ, 25 ਮਈ (ਚ.ਨ.ਸ.):ਪੰਜਾਬ ਸਰਕਾਰ ਨੇ ਰਜਿਸਟਰਡ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਨੂੰ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਦੀ ਛੋਟ ਦਿੱਤੀ ਹੈ। ਇਸ ਸਬੰਧੀ ਪੰਜਾਬ ਵਿੱਚ ਰਜਿਸਟਰਡ ਦੁਕਾਨਾਂ ਅਤੇ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਕਾਮੇ ਜੋ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਵੋਟਰ ਵਜੋਂ ਰਜਿਸਟਰਡ ਹਨ, ਨੂੰ ਵੋਟਾਂ ਵਾਲੇ ਦਿਨ 26 ਮਈ, 2026 (ਮੰਗਲਵਾਰ) ਨੂੰ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਐਕਟ ਦੀ ਧਾਰਾ 10 ਦੀ ਉਪ-ਧਾਰਾ 1 ਦੇ ਉਪਬੰਧਾਂ ਤੋਂ ਛੋਟ ਦਿੱਤੀ ਜਾਵੇਗੀ।

ਦੱਸਣਯੋਗ ਹੈ ਕਿ 26 ਮਈ, 2026 (ਬਾਕੀ ਸਫਾ 2 'ਤੇ)

### ਸੁਪਰੀਮ ਕੋਰਟ ਵੱਲੋਂ ਨਿਗਮ ਚੋਣਾਂ ਬੈਲਟ ਪੇਪਰ ਨਾਲ ਕਰਵਾਉਣ ਨੂੰ ਹਰੀ ਝੰਡੀ

ਚੰਡੀਗੜ੍ਹ, 25 ਮਈ (ਚ.ਨ.ਸ.): ਸੁਪਰੀਮ ਕੋਰਟ ਨੇ ਵੋਟਾਂ ਤੋਂ ਇੱਕ ਦਿਨ ਪਹਿਲਾਂ ਅੱਜ ਪੰਜਾਬ ਰਾਜ ਚੋਣ ਕਮਿਸ਼ਨ ਦੇ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦੀਆਂ ਚੋਣਾਂ ਬੈਲਟ ਪੇਪਰਾਂ ਰਾਹੀਂ ਕਰਾਉਣ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਸਿਖਰਲੀ ਅਦਾਲਤ ਵੱਲੋਂ ਸੁਣਾਏ ਇਸ ਫ਼ੈਸਲੇ ਨਾਲ ਨਿਗਮ ਤੇ ਕੌਂਸਲ ਚੋਣਾਂ ਦੇ ਬੈਲਟ ਪੇਪਰਾਂ ਨਾਲ ਕਰਾਉਣ ਲਈ ਰਾਹ ਸਾਫ਼ ਹੋ ਗਿਆ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 22 ਮਈ ਨੂੰ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਨਿਗਮ ਤੇ ਕੌਂਸਲ ਚੋਣਾਂ ਬੈਲਟ ਪੇਪਰਾਂ ਨਾਲ ਕਰਾਏ ਜਾਣ ਬਾਰੇ ਫ਼ੈਸਲਾ ਕੀਤਾ ਸੀ ਅਤੇ ਇਸ ਪੜਾਅ 'ਤੇ ਚੋਣ ਪ੍ਰਕਿਰਿਆ 'ਚ ਦਾਖਲ (ਬਾਕੀ ਸਫਾ 2 'ਤੇ)

### ਪੰਜਾਬ 'ਚ ਕਹਿਰ ਦੀ ਗਰਮੀ ਵਿਚਾਲੇ ਰਾਹਤ ਭਰੀ ਖ਼ਬਰ

## ਮੌਸਮ ਵਿਭਾਗ ਵੱਲੋਂ ਪੰਜਾਬ ਵਿੱਚ 3 ਦਿਨਾਂ ਲਈ ਮੀਂਹ ਦੀ ਪੇਸ਼ੀਨਗੋਈ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 25 ਮਈ :ਪੰਜਾਬ ਵਿੱਚ ਪੈ ਰਹੀ ਭਿਆਨਕ ਗਰਮੀ ਵਿਚਾਲੇ ਰਾਹਤ ਭਰੀ ਖਬਰ ਸਾਹਮਣੇ ਆਈ ਹੈ। ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿੱਚ ਮੀਂਹ, ਤੇਜ਼ ਹਵਾਵਾਂ ਅਤੇ ਤੂਫਾਨ ਦੀ ਭਵਿੱਖਬਾਣੀ ਕੀਤੀ ਹੈ। 27 ਮਈ ਤੱਕ ਲੂ ਚੱਲਣ ਦਾ ਅਲਰਟ ਜਾਰੀ ਕੀਤਾ ਗਿਆ ਹੈ, ਜਦੋਂ ਕਿ 28 ਮਈ ਤੋਂ 30 ਮਈ ਤੱਕ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਗਰਜ, ਤੇਜ਼ ਹਵਾਵਾਂ ਅਤੇ ਮੀਂਹ ਪੈਣ ਦੀ ਉਮੀਦ ਹੈ। ਇਸ ਨਾਲ ਗਰਮੀ ਤੋਂ ਰਾਹਤ ਮਿਲਣ ਦੀ ਉਮੀਦ ਹੈ।

ਮੌਸਮ ਵਿਭਾਗ ਨੇ ਇਨ੍ਹਾਂ ਦਿਨਾਂ ਦੌਰਾਨ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਅਤੇ ਤੂਫਾਨ ਦਾ ਅਲਰਟ ਵੀ ਜਾਰੀ ਕੀਤਾ ਹੈ। ਵਿਭਾਗ ਮੁਤਾਬਕ 25 ਮਈ ਨੂੰ ਅਸਮਾਨ ਤੇ ਅੰਸ਼ਿਕ ਤੌਰ 'ਤੇ ਬੱਦਲਵਾਈ ਰਹੀ। 26 ਅਤੇ 27 ਮਈ ਨੂੰ ਮੌਸਮ ਸਾਫ਼ ਰਹੇਗਾ, ਜਿਸ ਨਾਲ ਤਾਪਮਾਨ ਵਧਣ ਦੀ ਉਮੀਦ ਹੈ। ਇਸ ਸਮੇਂ ਦੌਰਾਨ ਤਾਪਮਾਨ 42 ਤੋਂ 43 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। 28 ਮਈ ਨੂੰ ਅਸਮਾਨ 'ਤੇ ਅੰਸ਼ਕ ਤੌਰ 'ਤੇ ਬੱਦਲਵਾਈ ਰਹਿਣ ਦੀ ਉਮੀਦ ਹੈ, ਜਿਸ ਨਾਲ (ਬਾਕੀ ਸਫਾ 2 'ਤੇ)

## ਦੇਸ਼ ਦੀਆਂ 131 ਹਸਤੀਆਂ ਦਾ ਰਾਸ਼ਟਰਪਤੀ ਵੱਲੋਂ ਪਦਮ ਪੁਰਸਕਾਰ ਨਾਲ ਸਨਮਾਨ

### ਧਰਮਿੰਦਰ ਮਰਨ ਉਪਰੰਤ 'ਪਦਮ ਵਿਭੂਸ਼ਣ' ਨਾਲ ਸਨਮਾਨਿਤ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 25 ਮਈ :ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਅੱਜ ਰਾਸ਼ਟਰਪਤੀ ਭਵਨ ਵਿਖੇ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਦੌਰਾਨ ਕਲਾ, ਸਾਹਿਤ, ਚਿਕਿਤਸਾ, ਵਿਗਿਆਨ ਅਤੇ ਖੇਡਾਂ ਸਮੇਤ ਵੱਖ-ਵੱਖ ਖੇਤਰਾਂ ਦੀਆਂ 131 ਪ੍ਰਮੁੱਖ ਹਸਤੀਆਂ ਨੂੰ ਦੇਸ਼ ਦੇ ਵੱਕਾਰੀ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਇਸ ਸਾਲ ਦੇ ਪੁਰਸਕਾਰਾਂ ਵਿੱਚ ਪੰਜ ਪਦਮ ਵਿਭੂਸ਼ਣ, 13 ਪਦਮ ਭੂਸ਼ਣ ਅਤੇ 113 ਪਦਮ ਸ਼੍ਰੀ ਸਨਮਾਨ ਸ਼ਾਮਲ ਹਨ।

**ਧਰਮਿੰਦਰ ਅਤੇ ਹੋਰਾਂ ਨੂੰ ਪਦਮ ਵਿਭੂਸ਼ਣ**

ਭਾਰਤੀ ਸਿਨੇਮਾ ਦੇ ਦਿੱਗਜ ਅਦਾਕਾਰ ਧਰਮਿੰਦਰ ਸਿੰਘ ਦਿਓਲ ਨੂੰ ਮਰਨ ਉਪਰੰਤ ਦੇਸ਼ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਨਾਲ ਨਿਵਾਜ਼ਿਆ ਗਿਆ। ਉਨ੍ਹਾਂ ਤੋਂ ਇਲਾਵਾ ਸੁਪਰੀਮ ਕੋਰਟ ਦੇ



ਸਾਬਕਾ ਜੱਜ ਕੇ. ਟੀ. ਥਾਮਸ, ਕੇਰਲ ਦੇ ਸਾਬਕਾ ਮੁੱਖ ਮੰਤਰੀ ਵੀ. ਐਸ. ਅਚਯੁਤਾਨੰਦਨ (ਮਰਨ ਉਪਰੰਤ), ਐਨ. ਰਾਜਮ (ਕਲਾ) ਅਤੇ ਪੀ. ਨਾਰਾਇਣਨ (ਸਾਹਿਤ ਅਤੇ ਸਿੱਖਿਆ) ਨੂੰ ਵੀ ਪਦਮ ਵਿਭੂਸ਼ਣ ਸਨਮਾਨ ਦਿੱਤੇ ਗਏ।

**ਖੇਡਾਂ ਤੇ ਮਨੋਰੰਜਨ ਖੇਤਰ ਦੀਆਂ ਪ੍ਰਾਪਤੀਆਂ**

ਖੇਡ ਜਗਤ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਅਤੇ ਸਟਾਰ ਬੱਲੇਬਾਜ਼ ਰੋਹਿਤ ਸ਼ਰਮਾ ਨੂੰ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। ਮਨੋਰੰਜਨ ਜਗਤ ਦੀ ਗੱਲ ਕਰੀਏ ਤਾਂ ਅਦਾਕਾਰ ਆਰ. ਮਾਧਵਨ ਨੂੰ ਪਦਮ ਸ਼੍ਰੀ ਅਤੇ ਮਸ਼ਹੂਰ ਗਾਇਕਾ ਅਲਕਾ ਯਾਗਨਿਕ, ਅਦਾਕਾਰ ਮਮੂਟੀ ਅਤੇ ਪੀਯੂਸ਼ ਪਾਂਡੇ (ਮਰਨ ਉਪਰੰਤ) ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

**ਹੋਰ ਪ੍ਰਮੁੱਖ ਸਨਮਾਨ**

ਸਿਆਸੀ ਅਤੇ ਜਨਤਕ ਖੇਤਰ ਵਿੱਚ ਭਗਤ ਸਿੰਘ ਕੋਸ਼ਿਆਰੀ, ਸ਼ਿਬੂ ਸੋਰੇਨ (ਮਰਨ ਉਪਰੰਤ) ਅਤੇ ਵੀ. ਕੇ. ਮਲਹੋਤਰਾ (ਮਰਨ ਉਪਰੰਤ) ਨੂੰ ਪਦਮ ਭੂਸ਼ਣ ਦਿੱਤਾ ਗਿਆ। ਕਾਰੋਬਾਰੀ ਜਗਤ ਤੋਂ ਉਦੈ ਕੋਟਕ ਅਤੇ ਖੇਡਾਂ ਵਿੱਚੋਂ ਵਿਜੇ ਅੰਮ੍ਰਿਤਰਾਜ ਨੂੰ ਵੀ ਪਦਮ ਭੂਸ਼ਣ ਸਨਮਾਨ ਨਾਲ ਨਿਵਾਜ਼ਿਆ ਗਿਆ। ਪੈਰਾ ਐਥਲੀਟ ਪ੍ਰਵੀਨ ਕੁਮਾਰ ਅਤੇ ਕ੍ਰਿਕਟਰ ਸਵਿਤਾ ਪੂਨੀਆ ਨੂੰ ਵੀ ਪਦਮ ਸ਼੍ਰੀ ਦਿੱਤਾ ਗਿਆ। ਇਹ ਪੁਰਸਕਾਰ ਜਨਵਰੀ, 2026 ਵਿੱਚ ਘੋਸ਼ਿਤ ਕੀਤੇ ਗਏ ਸਨ, ਜਿਨ੍ਹਾਂ ਨੂੰ ਅੱਜ ਅਧਿਕਾਰਤ ਤੌਰ 'ਤੇ ਪ੍ਰਦਾਨ ਕੀਤਾ ਗਿਆ।

### ਪੰਜਾਬ 'ਚ ਅਵਾਰਾ ਕੁੱਤਿਆਂ ਨੂੰ ਖ਼ਤਮ ਕਰਨ ਲਈ 'ਖੁੱਲ੍ਹੀ ਛੁੱਟੀ' ਦਾ ਮਾਮਲਾ

## ਸੁਪਰੀਮ ਕੋਰਟ ਵੱਲੋਂ ਮਾਨ ਦੇ ਬਿਆਨ ਸਬੰਧੀ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 25 ਮਈ :ਸੁਪਰੀਮ ਕੋਰਟ ਨੇ ਸੋਮਵਾਰ ਨੂੰ ਇੱਕ ਐੱਨ.ਜੀ.ਓ. ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕਥਿਤ ਬਿਆਨ ਨੂੰ ਉਜਾਗਰ ਕੀਤਾ ਗਿਆ ਸੀ ਕਿ ਅਦਾਲਤ ਨੇ ਅਵਾਰਾ ਕੁੱਤਿਆਂ ਨੂੰ ਖਤਮ ਕਰਨ ਲਈ 'ਖੁੱਲ੍ਹੀ ਛੁੱਟੀ' ਦੇ ਦਿੱਤੀ ਹੈ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਐਡਵੋਕੇਟ ਅਨਿਲ ਕੁਮਾਰ ਮਿਸ਼ਰਾ ਨੂੰ ਕਿਹਾ,'ਸਿਰਫ਼ ਇਸ ਲਈ ਕਿ ਇੱਕ ਮੁੱਖ ਮੰਤਰੀ ਬਿਆਨ ਦਿੰਦਾ ਹੈ, ਕੀ ਇਸਦਾ ਮਤਲਬ ਇਹ ਹੈ ਕਿ ਸਾਨੂੰ ਆਪਣਾ ਹੁਕਮ ਬਦਲਣਾ ਪਵੇਗਾ...' ਇਹ ਗੱਲ ਉਨ੍ਹਾਂ ਨੇ ਉਦੋਂ ਕਹੀ ਜਦੋਂ ਵਕੀਲ ਨੇ ਐੱਨ.ਜੀ.ਓ. 'ਐਨੀਮਲਜ਼ ਆਰ ਪੀਪਲ ਟੂ' ਦੀ ਤਰਫ਼ੋਂ ਜ਼ਰੂਰੀ ਸੁਣਵਾਈ ਲਈ ਮਾਮਲੇ ਦਾ ਜ਼ਿਕਰ ਕੀਤਾ। ਅਦਾਲਤ ਨੇ ਪਟੀਸ਼ਨਕਰਤਾ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜਾਣ ਲਈ ਕਿਹਾ। ਬੈਂਚ ਨੇ ਮਿਸ਼ਰਾ ਨੂੰ ਕਿਹਾ, 'ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਹਾਈ ਕੋਰਟਾਂ ਵੱਲੋਂ ਕੀਤੀ ਜਾਣੀ ਹੈ। ਅਸੀਂ ਤੁਹਾਨੂੰ ਦੱਸਿਆ ਸੀ ਕਿ ਮਾਮਲਾ ਹਾਈ ਕੋਰਟ ਨੂੰ ਸੌਂਪਿਆ ਗਿਆ ਹੈ। ਜਾਓ ਅਤੇ (ਬਾਕੀ ਸਫਾ 2 'ਤੇ)



### ਸੜਕ ਹਾਦਸੇ 'ਚ ਪੁਲਿਸ ਮੁਲਾਜ਼ਮ ਸਮੇਤ ਦੋ ਦੀ ਮੌਤ

ਪਟਿਆਲਾ, 25 ਮਈ (ਚ.ਨ.ਸ.):ਪਟਿਆਲਾ ਜ਼ਿਲ੍ਹੇ ਦੇ ਘਨੌਰ ਇਲਾਕੇ ਵਿੱਚ ਸੋਮਵਾਰ ਨੂੰ ਪਿੰਡ ਸੰਧਾਰਸੀ ਨੇੜੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਇੱਕ ਪੁਲਿਸ ਮੁਲਾਜ਼ਮ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜਾਣਕਾਰੀ ਅਨੁਸਾਰ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਇੱਕ ਤੇਜ਼ ਰਫ਼ਤਾਰ ਟਰੈਕਟਰ ਦੀ ਪਿੰਡ ਨੇੜੇ ਇੱਕ ਕਾਰ ਨਾਲ ਸਿੱਧੀ ਟੱਕਰ ਹੋ ਗਈ। ਚਸ਼ਮਦੀਦਾਂ ਨੇ ਪੁਲਿਸ ਨੂੰ ਦੱਸਿਆ ਕਿ ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ।

ਹਾਦਸੇ ਤੋਂ ਤੁਰੰਤ ਬਾਅਦ ਸਥਾਨਕ ਵਸਨੀਕ ਮੌਕੇ 'ਤੇ ਪਹੁੰਚ ਗਏ ਅਤੇ ਪੁਲਿਸ ਨੂੰ ਸੂਚਿਤ ਕਰਨ ਤੋਂ ਪਹਿਲਾਂ ਨੁਕਸਾਨੀ ਗਈ ਗੱਡੀ ਵਿੱਚ ਫਸੇ ਕਾਰ ਸਵਾਰਾਂ ਨੂੰ ਬਾਹਰ ਕੱਢਿਆ। (ਬਾਕੀ ਸਫਾ 2 'ਤੇ)

### ਤਾਮਿਲਨਾਡੂ ਦੇ ਮੁੱਖ ਮੰਤਰੀ ਵਿਜੇ ਵੱਲੋਂ ਵੱਡਾ ਐਲਾਨ

## 14.22 ਲੱਖ ਕਿਸਾਨਾਂ ਦਾ ਸਹਿਕਾਰੀ ਬੈਂਕਾਂ ਤੋਂ ਲਿਆ ਗਿਆ ਫ਼ਸਲੀ ਕਰਜ਼ਾ ਹੋਵੇਗਾ ਮੁਆਫ਼

ਚੜ੍ਹਦੀਕਲਾ ਬਿਊਰੋ

ਚੇਨਈ, 25 ਮਈ :ਤਮਿਲਨਾਡੂ ਦੇ ਨਵੇਂ ਮੁੱਖ ਮੰਤਰੀ ਵਿਜੇ ਨੇ ਸੂਬੇ ਦੇ ਕਿਸਾਨਾਂ ਲਈ ਇੱਕ ਬਹੁਤ ਵੱਡੀ ਰਾਹਤ ਦਾ ਐਲਾਨ ਕਰਦਿਆਂ ਆਪਣਾ ਪਹਿਲਾ ਵੱਡਾ ਤੋਹਫ਼ਾ ਦਿੱਤਾ ਹੈ। ਉਨ੍ਹਾਂ ਨੇ ਸਹਿਕਾਰੀ ਬੈਂਕਾਂ ਤੋਂ ਲਏ ਗਏ ਫ਼ਸਲੀ ਕਰਜ਼ਿਆਂ ਨੂੰ ਮਾਫ਼ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਲੱਖਾਂ ਪਰਿਵਾਰਾਂ ਨੂੰ ਆਰਥਿਕ ਮਦਦ ਮਿਲੇਗੀ।

**ਕਰਜ਼ਾ ਮੁਆਫ਼ੀ ਦੀਆਂ ਸ਼ਰਤਾਂ ਅਤੇ ਲਾਭਪਾਤਰੀ:** ਮੁੱਖ ਮੰਤਰੀ ਵੱਲੋਂ ਕੀਤੇ ਗਏ ਇਸ ਐਲਾਨ ਅਨੁਸਾਰ, ਸੀਮਾਂਤ ਕਿਸਾਨਾਂ ਦਾ 50,000 ਰੁਪਏ ਤੱਕ ਦਾ ਕਰਜ਼ਾ ਮੁਆਫ਼ ਕੀਤਾ ਜਾਵੇਗਾ। ਇਸ ਦੇ ਨਾਲ ਹੀ ਵੱਡੇ ਕਿਸਾਨਾਂ ਨੂੰ ਵੀ ਰਾਹਤ ਦਿੰਦੇ ਹੋਏ ਉਨ੍ਹਾਂ ਦਾ 5,000 ਰੁਪਏ ਤੱਕ ਦਾ ਕਰਜ਼ਾ ਮੁਆਫ਼ ਕਰਨ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਇਸ



ਫੈਸਲੇ ਨਾਲ ਸੂਬੇ ਦੇ ਲਗਭਗ 14.22 ਲੱਖ ਕਿਸਾਨਾਂ ਨੂੰ ਸਿੱਧਾ ਲਾਭ ਪਹੁੰਚੇਗਾ।

**ਸਰਕਾਰੀ ਖ਼ਜ਼ਾਨੇ 'ਤੇ ਬੋਝ ਅਤੇ ਭੁਗਤਾਨ ਪ੍ਰਕਿਰਿਆ:** ਇਸ ਕਰਜ਼ਾ ਮੁਆਫ਼ੀ ਯੋਜਨਾ ਨੂੰ ਲਾਗੂ ਕਰਨ ਲਈ ਸੂਬਾ ਸਰਕਾਰ 'ਤੇ ਲਗਭਗ 2,044 ਕਰੋੜ ਰੁਪਏ ਦਾ ਖ਼ਰਚ ਆਵੇਗਾ। ਸਰਕਾਰ ਨੇ ਇਹ ਵੀ ਸਪੱਸ਼ਟ (ਬਾਕੀ ਸਫਾ 2 'ਤੇ)

## ਸਾਬਕਾ ਰਾਜ ਸਭਾ ਮੈਂਬਰ ਰਾਜ ਮਹਿੰਦਰ ਸਿੰਘ ਮਜੀਠਾ ਅਕਾਲੀ ਦਲ ਛੱਡ 'ਆਪ' 'ਚ ਸ਼ਾਮਿਲ



ਚੰਡੀਗੜ੍ਹ, 25 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵੱਡਾ ਸਿਆਸੀ ਝਟਕਾ ਲੱਗਿਆ ਹੈ। ਉੱਥੇ ਹੀ ਆਮ ਆਦਮੀ ਪਾਰਟੀ ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਸੋਮਵਾਰ ਨੂੰ ਅਕਾਲੀ ਦਲ ਦੇ ਦਿੱਗਜ ਆਗੂ, ਸਾਬਕਾ ਰਾਜ ਸਭਾ ਮੈਂਬਰ, ਸਾਬਕਾ ਵਿਧਾਇਕ ਤੇ ਚੀਫ਼ ਖ਼ਾਲਸਾ ਦੀਵਾਨ ਦੇ ਮੁਖੀ ਰਾਜਮਹਿੰਦਰ ਸਿੰਘ ਮਜੀਠਾ 'ਆਪ' ਵਿੱਚ ਸ਼ਾਮਲ ਹੋ ਗਏ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਮਹਿੰਦਰ ਸਿੰਘ ਮਜੀਠਾ ਤੇ ਉਨ੍ਹਾਂ ਦੇ ਸਾਥੀਆਂ ਦਾ ਆਮ ਆਦਮੀ ਪਾਰਟੀ ਵਿੱਚ ਸਵਾਗਤ ਕੀਤਾ। ਉਨ੍ਹਾਂ ਦੇ ਨਾਲ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਕਿਹਾ ਕਿ (ਬਾਕੀ ਸਫਾ 2 'ਤੇ)

## ਬੂਥ ਕਬਜ਼ੇ ਵਾਲੇ ਬਿਆਨ 'ਤੇ ਕਾਰਵਾਈ ਦੀ ਮੰਗ ਵਾਲੀ ਬਾਜਵਾ ਦੀ ਪਟੀਸ਼ਨ ਹਾਈਕੋਰਟ ਵੱਲੋਂ ਜੁਰਮਾਨੇ ਨਾਲ ਖਾਰਜ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 25 ਮਈ :ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸੋਮਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਪਾਈ ਗਈ ਜਨਹਿਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ 25,000 ਰੁਪਏ ਜੁਰਮਾਨਾ ਵੀ ਲਗਾਇਆ ਹੈ। ਬਾਜਵਾ ਨੇ ਇਸ ਪਟੀਸ਼ਨ ਰਾਹੀਂ ਸੱਤਾਧਾਰੀ ਪਾਰਟੀ ਦੇ ਇੱਕ ਵਿਧਾਇਕ ਵੱਲੋਂ ਵੋਟਿੰਗ ਬੂਥਾਂ 'ਤੇ ਕਬਜ਼ਾ ਕਰਨ ਬਾਰੇ ਦਿੱਤੇ ਗਏ ਕਥਿਤ ਬਿਆਨ 'ਤੇ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਇਹ ਫੈਸਲਾ ਉਦੋਂ ਆਇਆ ਜਦੋਂ ਬੈਂਚ ਨੇ ਬਾਜਵਾ ਵੱਲੋਂ ਆਪਣੇ ਖ਼ਿਲਾਫ਼ ਚੱਲ ਰਹੀ ਇੱਕ ਐੱਫ.ਆਈ.ਆਰ. ਦੀ ਜਾਣਕਾਰੀ ਲੁਕਾਉਣ ਦਾ ਨੋਟਿਸ ਲਿਆ। ਬਾਜਵਾ ਨੇ ਅਦਾਲਤ ਤੱਕ ਪਹੁੰਚ ਕਰਕੇ ਪੰਜਾਬ ਸਰਕਾਰ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਕੁਲਵੰਤ ਸਿੰਘ ਬਾਜ਼ੀਗਰ ਖ਼ਿਲਾਫ਼ ਇੱਕ ਇਕੱਠ ਨੂੰ ਸੰਬੋਧਨ ਕਰਨ ਦੌਰਾਨ ਦਿੱਤੇ ਗਏ ਕਥਿਤ ਬਿਆਨਾਂ ਲਈ ਸਖ਼ਤ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਪਟੀਸ਼ਨ ਵਿੱਚ ਰਾਜ ਚੋਣ ਕਮਿਸ਼ਨਰ ਨੂੰ ਇਹ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਸੀ ਕਿ ਨਗਰ ਨਿਗਮ/ਕੌਂਸਲ ਚੋਣਾਂ ਦੌਰਾਨ ਸੱਤਾ ਦੀ ਦੁਰਵਰਤੋਂ, ਜ਼ੋਰ-ਜ਼ਬਰਦਸਤੀ ਅਤੇ ਹਿੰਸਾ ਨੂੰ ਰੋਕਣ ਲਈ ਸਾਰੇ ਸੰਵੇਦਨਸ਼ੀਲ ਪੋਲਿੰਗ ਬੂਥਾਂ 'ਤੇ ਲੋੜੀਂਦੀ ਪੁਲਿਸ ਫੋਰਸ ਅਤੇ ਸੁਤੰਤਰ ਸੁਪਰਵਾਈਜ਼ਰ (ਆਬਜ਼ਰਵਰ) ਤਾਇਨਾਤ (ਬਾਕੀ ਸਫਾ 2 'ਤੇ)



### ਪੰਜਾਬ ਵਿੱਚ ਅਵਾਰਾ ਕੁੱਤਿਆਂ ਲਈ 'ਨੋ-ਗੋ ਜ਼ੋਨ' ਬਣਾਉਣ ਦੀ ਤਿਆਰੀ

ਚੰਡੀਗੜ੍ਹ, 25 ਮਈ (ਚ.ਨ.ਸ.):ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਅਵਾਰਾ ਕੁੱਤਿਆਂ ਲਈ 'ਨੋ-ਗੋ ਜ਼ੋਨ' (ਜਿੱਥੇ ਉਨ੍ਹਾਂ ਦਾ ਜਾਣਾ ਵਰਜਿਤ ਹੋਵੇਗਾ) ਦੀ ਪਛਾਣ ਕਰਨੀ ਸ਼ੁਰੂ ਕਰ ਦਿੱਤੀ ਹੈ। ਅਵਾਰਾ ਪਸ਼ੂਆਂ ਦੇ ਪ੍ਰਬੰਧਨ ਲਈ ਇੱਕ ਵਿਆਪਕ ਰਣਨੀਤਕ ਕਾਰਜ ਯੋਜਨਾ ਤਹਿਤ, ਸਥਾਨਕ ਸੰਸਥਾਵਾਂ ਨੇ ਰਾਜਮਾਰਗਾਂ ਅਤੇ ਪ੍ਰਮੁੱਖ ਜਨਤਕ ਅਦਾਰਿਆਂ ਵਿੱਚ ਅਵਾਰਾ ਪਸ਼ੂਆਂ ਲਈ 'ਨੋ-ਗੋ ਜ਼ੋਨ' ਲਾਗੂ ਕਰਨ ਲਈ ਇੱਕ ਖਰੜਾ ਤਿਆਰ ਕੀਤਾ ਹੈ। ਇਨ੍ਹਾਂ ਖੇਤਰਾਂ ਨੂੰ ਨਿਸ਼ਚਿਤ ਅਤੇ ਲਾਗੂ ਕਰਨ ਤੋਂ ਪਹਿਲਾਂ ਸੰਵੇਦਨਸ਼ੀਲ ਅਦਾਰਿਆਂ ਦੀ ਮੈਪਿੰਗ ਅਤੇ ਨੋਡਲ ਅਫ਼ਸਰਾਂ ਦੀ ਨਿਯੁਕਤੀ ਪੂਰੀ (ਬਾਕੀ ਸਫਾ 2 'ਤੇ)

## ਕਾਂਗਰਸੀ ਆਗੂ ਅਲਕਾ ਲਾਂਬਾ ਮਹਿਲਾ ਰਾਖਵਾਂਕਰਨ ਪ੍ਰਦਰਸ਼ਨ ਮਾਮਲੇ 'ਚ ਦੋਸ਼ੀ ਕਰਾਰ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 25 ਮਈ : ਕਾਂਗਰਸ ਆਗੂ ਅਲਕਾ ਲਾਂਬਾ ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਅਦਾਲਤ ਨੇ ਆਲ ਇੰਡੀਆ ਮਹਿਲਾ ਕਾਂਗਰਸ ਦੀ ਕੌਮੀ ਪ੍ਰਧਾਨ ਅਲਕਾ ਲਾਂਬਾ ਨੂੰ ਜੰਤਰ-ਮੰਤਰ 'ਤੇ ਮਹਿਲਾ ਰਾਖਵਾਂਕਰਨ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਹੋਏ ਪ੍ਰਦਰਸ਼ਨ ਨਾਲ ਜੁੜੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਹੁਣ ਆਉਂਦੀ 5 ਜੂਨ ਨੂੰ ਅਲਕਾ ਲਾਂਬਾ ਦੀ ਸਜ਼ਾ 'ਤੇ ਅਦਾਲਤ ਵਿਚ ਬਹਿਸ ਹੋਵੇਗੀ। ਉੱਥੇ ਹੀ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ 'ਤੇ ਕਾਂਗਰਸੀ ਆਗੂ ਅਲਕਾ ਲਾਂਬਾ ਨੇ ਕਿਹਾ ਕਿ ਮੈਨੂੰ ਇਹੀ ਉਮੀਦ ਸੀ। ਹਾਲਾਂਕਿ ਮੈਂ ਡਰਨ ਵਾਲਿਆਂ ਵਿੱਚੋਂ ਨਹੀਂ ਹਾਂ। ਜ਼ਿਕਰਯੋਗ ਹੈ ਕਿ ਇਹ ਜੁਲਾਈ, 2024 ਦਾ ਮਾਮਲਾ ਹੈ, ਜਦੋਂ ਮਾਨਸੂਨ ਸੈਸ਼ਨ ਚੱਲ ਰਿਹਾ ਸੀ ਅਤੇ ਮਹਿਲਾ ਕਾਂਗਰਸ ਦੀ ਰਾਸ਼ਟਰੀ ਪ੍ਰਧਾਨ ਦੇ ਤੌਰ 'ਤੇ ਮੈਂ ਅਤੇ ਮੇਰੀਆਂ ਸਾਰੀਆਂ ਭੈਣਾਂ ਆਪਣੇ ਸੰਵਿਧਾਨਕ ਅਤੇ ਲੋਕਤੰਤਰਿਕ ਅਧਿਕਾਰਾਂ ਤਹਿਤ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੀਆਂ ਸੀ। ਅਸੀਂ ਔਰਤਾਂ ਲਈ ਰਾਖਵਾਂਕਰਨ ਅਤੇ ਸੁਰੱਖਿਆ ਲਾਗੂ ਕਰਨ ਦੀ ਮੰਗ ਕਰ ਰਹੇ ਸੀ।



ਅਲਕਾ ਲਾਂਬਾ ਨੇ ਅੱਗੇ ਕਿਹਾ ਕਿ ਪ੍ਰਦਰਸ਼ਨ ਦੇ ਦੌਰਾਨ ਹੀ ਮਾਮਲੇ ਵਿੱਚ ਦਬਾਅ ਹੇਠ ਆ ਕੇ ਪੁਲਿਸ ਨੇ ਮੇਰੇ ਖ਼ਿਲਾਫ਼ (ਬਾਕੀ ਸਫਾ 2 'ਤੇ)

## ਪੰਜਾਬ-2027: ਕੀ ਸੱਚਮੁੱਚ ਬਣੇਗੀ 'ਤ੍ਰਿਸ਼ੰਕੂ' ਵਿਧਾਨ ਸਭਾ ?

ਦਰਸ਼ਨ ਸਿੰਘ ਦਰਸ਼ਕ

ਪਟਿਆਲਾ, 25 ਮਈ : ਪੰਜਾਬ ਦੀਆਂ 2027 ਵਿਧਾਨ ਸਭਾ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ, ਸਿਆਸੀ ਮਾਹੌਲ ਤੇਜ਼ੀ ਨਾਲ ਗਰਮ ਹੁੰਦਾ ਜਾ ਰਿਹਾ ਹੈ। ਹਰ ਪਾਰਟੀ — ਭਾਵੇਂ ਉਹ ਆਮ ਆਦਮੀ ਪਾਰਟੀ ਹੋਵੇ, ਕਾਂਗਰਸ ਹੋਵੇ, ਸ਼੍ਰੋਮਣੀ ਅਕਾਲੀ ਦਲ ਹੋਵੇ ਜਾਂ ਭਾਰਤੀ ਜਨਤਾ ਪਾਰਟੀ — ਆਪਣੀ-ਆਪਣੀ ਜਿੱਤ ਦੇ ਦਾਅਵੇ ਕਰ ਰਹੀ ਹੈ। ਪਰ ਕਾਂਗਰਸ ਦੇ ਸੀਨੀਅਰ ਆਗੂ ਅਸ਼ਵਨੀ ਕੁਮਾਰ ਵਰਗੇ ਤਜ਼ਰਬੇਕਾਰ ਨੇਤਾ ਨੇ ਇਹ ਕਹਿ ਕਿ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਿਸੇ ਵੀ ਪਾਰਟੀ ਨੂੰ ਬਹੁਮਤ ਮਿਲਣ ਵਾਲਾ ਨਹੀਂ ਹੈ ਅਤੇ 'ਤ੍ਰਿਸ਼ੰਕੂ' ਵਿਧਾਨ ਸਭਾ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਕਈ ਹੋਰ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਹੰਗ ਵਿਧਾਨ ਸਭਾ ਇੱਕ ਉੱਚ-ਸੰਭਾਵਿਤ



ਨਤੀਜਾ ਬਣਦਾ ਜਾ ਰਿਹਾ ਹੈ।

ਲੇਕਿਨ ਪੰਜਾਬ ਦੀ ਸਿਆਸਤ ਦੀ ਨਬਜ਼ ਪਹਿਚਾਨਣ ਵਾਲੇ ਅਤੇ ਸਟੀਕ ਟਿੱਪਣੀ ਕਾਰ ਡਾ. ਕੇਹਰ ਸਿੰਘ ਹੰਗ ਵਿਧਾਨ ਸਭਾ ਦੇ ਅਨੁਮਾਨ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਲੋਕਾਂ ਨੇ ਹਮੇਸ਼ਾ ਹੀ ਸਪਸ਼ਟ ਫ਼ਤਵਾ ਦਿੱਤਾ ਹੈ ਅਤੇ ਇੱਥੇ ਇਕ ਪਾਰਟੀ ਜਾਂ ਗੱਠਜੋੜ ਦੀ ਸਰਕਾਰ ਬਣਦੀ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਭਾਵੇਂ ਸਿਆਸੀ ਹਾਲਾਤ ਕਾਫ਼ੀ ਅਸਪਸ਼ਟ ਹਨ ਪਰ ਪੰਜਾਬ ਦੇ ਲੋਕਾਂ ਦੀ ਖ਼ਾਸੀਅਤ ਰਹੀ ਹੈ ਕਿ ਅਖੀਰਲੇ ਸਮੇਂ ਉਹ ਕਿਸੇ ਇਕ ਪਾਰਟੀ ਜਾਂ ਗੱਠਜੋੜ ਨੂੰ ਜਿਤਾਉਂਦੇ ਰਹੇ ਹਨ।

ਪੰਜਾਬ ਵਿਧਾਨ ਸਭਾ ਵਿੱਚ ਕੁੱਲ 117 ਸੀਟਾਂ ਹਨ ਅਤੇ ਸਰਕਾਰ ਬਣਾਉਣ ਲਈ ਕਿਸੇ ਵੀ ਪਾਰਟੀ ਨੂੰ ਘੱਟੋ-ਘੱਟ 59 ਸੀਟਾਂ ਦੀ ਲੋੜ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਸੂਬੇ ਵਿੱਚ ਝਾੜੂ ਫੇਰਦੇ ਹੋਏ 117 ਵਿੱਚੋਂ 92 ਸੀਟਾਂ ਜਿੱਤੀਆਂ ਸਨ, ਜਦੋਂਕਿ ਅਕਾਲੀ ਦਲ ਅਤੇ ਭਾਜਪਾ ਨੂੰ ਕ੍ਰਮਵਾਰ 3 ਅਤੇ 2 ਸੀਟਾਂ ਨਾਲ ਪੰਜਾਬ ਦੀ ਸਿਆਸਤ ਵਿਚੋਂ ਮਨਫ਼ੀ ਕਰ ਦਿੱਤਾ ਸੀ। ਇਨ੍ਹਾਂ ਚੋਣਾਂ ਵਿਚ ਕਾਂਗਰਸ ਸੱਤਾ ਵਿਚੋਂ ਤਾਂ ਬਾਹਰ ਹੋ ਗਈ ਸੀ ਪਰ ਫਿਰ ਵੀ ਉਸ ਨੂੰ 20 ਸੀਟਾਂ ਮਿਲ ਗਈਆਂ ਸਨ, ਇਸ ਲਈ ਉਹ ਪ੍ਰਮੁੱਖ ਵਿਰੋਧੀ ਧਿਰ ਬਣ ਗਈ ਸੀ। ਪਰ 2027 ਵਿੱਚ ਸਿਆਸੀ ਸਮੀਕਰਨ ਬਿਲਕੁਲ ਵੱਖਰੇ ਨਜ਼ਰ ਆ ਰਹੇ ਹਨ। ਪੰਜਾਬ ਪਿਛਲੇ ਇੱਕ ਦਹਾਕੇ ਵਿੱਚ ਸਿਆਸੀ ਤੌਰ 'ਤੇ ਬਹੁਤ ਅਸਥਿਰ ਹੋ ਗਿਆ ਹੈ — ਸੱਤਾ-ਵਿਰੋਧੀ ਲਹਿਰ, ਖੇਤੀ ਸੰਕਟ, ਨਸ਼ਿਆਂ ਦੀ ਸਮੱਸਿਆ ਅਤੇ ਵੋਟਰਾਂ ਦੀਆਂ ਬਦਲਦੀਆਂ ਉਮੀਦਾਂ ਇਸ ਅਸਥਿਰਤਾ ਦੇ ਮੁੱਖ ਕਾਰਨ ਹਨ। ਆਮ ਆਦਮੀ ਪਾਰਟੀ ਨੇ 2022 ਵਿੱਚ ਬਹੁਤ ਵੱਡੇ ਵਾਅਦਿਆਂ ਨਾਲ ਸੱਤਾ ਹਾਸਲ ਕੀਤੀ ਸੀ- ਨਸ਼ਾ-ਮੁਕਤ ਪੰਜਾਬ, ਰੁਜ਼ਗਾਰ, ਭ੍ਰਿਸ਼ਟਾਚਾਰ-ਮੁਕਤ ਸ਼ਾਸਨ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ। ਪਰ ਪੰਜ ਸਾਲਾਂ ਦੇ ਸ਼ਾਸਨ ਤੋਂ ਬਾਅਦ ਸੱਤਾ-ਵਿਰੋਧੀ ਭਾਵਨਾ ਸਾਫ਼ ਦਿਖਾਈ ਦੇ ਰਹੀ ਹੈ। ਪੰਜਾਬ ਅੱਜ ਥੱਕਿਆ ਹੋਇਆ, ਨਿਰਾਸ਼, ਚਿੰਤਤ ਅਤੇ ਆਰਥਿਕ ਦਬਾਅ ਵਿੱਚ ਹੈ।

ਨਾਮਵਰ ਵਿਸ਼ਲੇਸ਼ਕ ਡਾ. ਜਗਰੂਪ ਸਿੰਘ ਸੇਖੋਂ ਇਸ ਗੱਲੋਂ ਆਮ ਆਦਮੀ ਪਾਰਟੀ ਦੇ ਸ਼ਾਸਨ ਤੋਂ ਖ਼ੁਸ਼ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਪਾਰਟੀ ਨੇ ਜਿਸ ਤਰ੍ਹਾਂ ਲੋਕਾਂ ਨੂੰ ਸਬਜ਼ਬਾਗ ਦਿਖਾਏ ਸਨ, ਉਹ ਕਿਸੇ ਪਾਸੇ ਨਜ਼ਰ ਨਹੀਂ ਆ ਰਹੇ। ਉੱਪਰੋਂ ਇਹ ਪਾਰਟੀ ਜਿਹੜੇ ਵੀ ਕੰਮ ਕਰ ਰਹੀ ਹੈ, ਉਨ੍ਹਾਂ ਤੋਂ ਪ੍ਰਭਾਵ ਮਿਲਦਾ ਹੈ ਕਿ ਉਹ ਜਿਸ ਤਰ੍ਹਾਂ ਭਾਜਪਾ ਦੇ ਇਸ਼ਾਰੇ ਉੱਤੇ ਕੰਮ ਕਰ ਰਹੀ ਹੈ। ਪੰਜਾਬ ਦੀਆਂ ਜੋ ਦਹਾਕਿਆਂ ਦੀਆਂ ਸਮੱਸਿਆਵਾਂ ਹਨ ਉਹ ਓਵੇਂ ਦੀ ਓਵੇਂ ਖੜ੍ਹੀਆਂ ਦਿਖਾਈ ਦੇ ਰਹੀਆਂ ਹਨ। ਬਦਲਾਅ ਵਾਲੀ ਕੋਈ (ਬਾਕੀ ਸਫਾ 2 'ਤੇ)

### ਹਿਮਾਚਲ ਪੁਲਿਸ ਵੱਲੋਂ ਪੰਜਾਬ ਅਤੇ ਹਰਿਆਣਾ ਦੇ 3 ਮੁੱਖ ਨਸ਼ਾ ਤਸਕਰ ਗ੍ਰਿਫ਼ਤਾਰ

ਸ਼ਿਮਲਾ, 25 ਮਈ (ਚ.ਨ.ਸ.):ਨਸ਼ਾ ਮਾਫੀਆ ਖ਼ਿਲਾਫ਼ ਆਪਣੀ ਵੱਡੀ ਕਾਰਵਾਈ ਨੂੰ ਜਾਰੀ ਰੱਖਦਿਆਂ, ਹਿਮਾਚਲ ਪੁਲਿਸ ਨੇ ਸ਼ਿਮਲਾ ਜ਼ਿਲ੍ਹੇ ਵਿੱਚ ਦਰਜ ਦੋ ਵੱਖ-ਵੱਖ ਮਾਮਲਿਆਂ ਵਿੱਚ ਪੰਜਾਬ ਅਤੇ ਹਰਿਆਣਾ ਤੋਂ ਤਿੰਨ ਮੁੱਖ ਅੰਤਰਰਾਜੀ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਅੰਮ੍ਰਿਤਪਾਲ (22) ਵਾਸੀ ਮੋਗਾ (ਪੰਜਾਬ), ਕੁਲਦੀਪ ਸਿੰਘ (34) ਵਾਸੀ ਪਿੰਡ ਪੱਥਰੇੜੀ, ਜ਼ਿਲ੍ਹਾ ਅੰਬਾਲਾ (ਹਰਿਆਣਾ) ਅਤੇ ਸ਼ਵਨਦੀਪ (21) ਵਾਸੀ ਪਿੰਡ ਪੱਟੀ, ਜ਼ਿਲ੍ਹਾ ਤਰਨਤਾਰਨ (ਪੰਜਾਬ) ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਿਮਲਾ ਦੇ ਐੱਸ.ਐੱਸ.ਪੀ. ਗੌਰਵ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਦਰਜ ਦੋ ਵੱਖ-ਵੱਖ ਮਾਮਲਿਆਂ ਦੀ ਜਾਂਚ ਸ਼ੁਰੂ ਕਰਨ ਤੋਂ ਬਾਅਦ ਇਨ੍ਹਾਂ ਤਿੰਨਾਂ ਮੁਲਜ਼ਮਾਂ ਦੀ (ਬਾਕੀ ਸਫਾ 2 'ਤੇ)

*ਨੀਟ ਪੇਪਰ ਲੀਕ ਮਾਮਲਾ*

# ਐਨ.ਟੀ.ਏ. ਨੇ ਸਬਕ ਨਹੀਂ ਸਿੱਖਿਆ: ਸੁਪਰੀਮ ਕੋਰਟ

ਨਵੀਂ ਦਿੱਲੀ, 25 ਮਈ (ਚ.ਨ.ਸ.): ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਇਹ ਅਫਸੋਸ ਦੀ ਗੱਲ ਹੈ ਕਿ ਐਨਟੀਏ ਨੇ ਪਿਛਲੇ ਨੀਟ ਪੇਪਰ ਲੀਕ ਤੋਂ ਕੋਈ ਸਬਕ ਨਹੀਂ ਸਿੱਖਿਆ ਹੈ। ਇਸ ਦੇ ਨਾਲ ਹੀ ਅਦਾਲਤ ਨੇ ਮੈਡੀਕਲ ਦਾਖਲਾ ਪ੍ਰੀਖਿਆ ਕਰਵਾਉਣ ਵਾਲੀ ਇਸ ਟੈਸਟਿੰਗ ਏਜੰਸੀ ਨੂੰ ਬਦਲ ਕੇ ਇੱਕ ਮਜ਼ਬੂਤ ਅਤੇ ਖੁਦਮੁਖਤਿਆਰ ਸੰਸਥਾ ਬਣਾਉਣ ਦੀ ਮੰਗ ਵਾਲੀਆਂ ਪਟੀਸ਼ਨਾਂ 'ਤੇ ਕੇਂਦਰ, ਐਨਟੀਏ ਅਤੇ ਸੀਬੀਆਈ ਤੋਂ ਜਵਾਬ ਮੰਗਿਆ ਹੈ।ਜਸਟਿਸ ਪੀਐਸ ਨਰਸਿਮਹਾ ਅਤੇ ਜਸਟਿਸ ਆਲੋਕ ਅਰਾਧੇ ਦੇ ਬੈਂਚ ਨੇ ਨਿਰਦੇਸ਼ ਦਿੱਤਾ ਕਿ ਪਟੀਸ਼ਨਾਂ ਦੀਆਂ ਕਾਪੀਆਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਅਤੇ ਹੋਰ ਧਿਰਾਂ ਨੂੰ ਦਿੱਤੀਆਂ ਜਾਣ। ਅਦਾਲਤ ਨੇ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਨੂੰ, ਜੋ ਨੀਟ ਪ੍ਰੀਖਿਆ ਕਰਵਾਉਣ ਲਈ ਜ਼ਿੰਮੇਵਾਰ ਹੈ, 2024 ਵਿੱਚ ਅਦਾਲਤ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਬਾਰੇ ਵੀਰਵਾਰ ਤੱਕ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਹੈ।

ਬੈਂਚ ਨੇ ਕਿਹਾ, 'ਇਹ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਨੇ ਆਪਣੇ ਸਬਕ ਨਹੀਂ ਸਿੱਖੇ ਹਨ। ਇਹ ਮਾਮਲਾ ਪਹਿਲਾਂ ਵੀ ਇਸ ਅਦਾਲਤ ਵਿੱਚ ਆਇਆ ਸੀ। ਇੱਕ ਕਮੇਟੀ ਸੀ, ਇੱਕ ਨਿਗਰਾਨੀ ਕਮੇਟੀ ਜਿਸ ਨੇ ਕੁਝ ਸਿਫਾਰਸ਼ਾਂ ਕੀਤੀਆਂ ਸਨ ਅਤੇ ਉਹ ਸਵੀਕਾਰ ਕਰ ਲਈਆਂ ਗਈਆਂ ਸਨ। ਅਸੀਂ ਚਾਹੁੰਦੇ ਹਾਂ ਕਿ ਐਨਟੀਏ ਕਮੇਟੀ ਵੱਲੋਂ ਸੁਝਾਈਆਂ ਗਈਆਂ ਸਿਫਾਰਸ਼ਾਂ ਦੀ ਪਾਲਨਾ ਲਈ ਚੁੱਕੇ ਗਏ ਕਦਮਾਂ ਬਾਰੇ ਹਲਫ਼ਨਾਮਾ ਦਾਇਰ ਕਰੇ।'ਸਿਖਰਲੀ ਅਦਾਲਤ, ਜਿਸ ਨੇ ਵਕੀਲ ਤਨਵੀ ਦੂਬੇ ਰਾਹੀਂ ਫੈਡਰੇਸ਼ਨ ਆਫ ਆਲ ਇੰਡੀਆ ਮੈਡੀਕਲ ਐਸੋਸੀਏਸ਼ਨ (ਫੈਮਾ) ਦੁਆਰਾ ਦਾਇਰ ਕੀਤੀ ਗਈ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ, ਨੇ ਕਿਹਾ ਕਿ ਉਹ ਇਸੇ ਤਰ੍ਹਾਂ ਦੇ ਸਾਰੇ ਮਾਮਲਿਆਂ ਨੂੰ ਇਕੱਠੇ ਜੋੜ ਰਹੀ ਹੈ।ਇਸ ਨੇ ਐਨਟੀਏ ਦੇ ਕੰਮਕਾਜ ਨੂੰ ਸੁਧਾਰਨ ਲਈ ਸਾਬਕਾ ਇਸਰੋ ਮੁਖੀ ਕੇ ਰਾਧਾਕ੍ਰਿਸ਼ਨਨ ਦੀ ਅਗਵਾਈ ਵਾਲੀ ਕੇਂਦਰ ਦੁਆਰਾ ਨਿਯੁਕਤ ਕਮੇਟੀ ਨੂੰ ਉਨ੍ਹਾਂ ਦੇ ਨਿਰਦੇਸ਼ਾਂ ਦੀ ਪਾਲਣਾ ਲਈ ਚੁੱਕੇ ਗਏ ਕਦਮਾਂ ਦਾ ਵੇਰਵਾ ਦੇਣ ਲਈ ਕਿਹਾ ਹੈ।



## ਕੇਜਰੀਵਾਲ ਨੇ ਕੇਂਦਰੀ ਸਿੱਖਿਆ ਮੰਤਰੀ ਨੂੰ ਦੱਸਿਆ ਅਯੋਗ ਅਤੇ ਨਿਕੰਮਾ

ਨਵੀਂ ਦਿੱਲੀ, 25 ਮਈ (ਚ.ਨ.ਸ.): ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ 'ਅਯੋਗ ਅਤੇ ਨਿਕੰਮਾ' ਕਰਾਰ ਦਿੰਦਿਆਂ ਸੋਮਵਾਰ ਨੂੰ ਕਿਹਾ ਕਿ ਕੇਂਦਰੀ ਮੰਤਰੀ ਦੀ ਵਜ੍ਹਾ ਕਰਕੇ ਦੇਸ਼ ਭਰ ਦੇ ਲੱਖਾਂ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਨਹੀਂ ਕੀਤਾ ਜਾ ਸਕਦਾ। ਕੇਜਰੀਵਾਲ ਨੇ ਕੇਂਦਰੀ ਮਾਧਿਅਮਿਕ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਦੀ ਮੁਲਾਂਕਣ ਪ੍ਰਣਾਲੀ ਵਿੱਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਪ੍ਰਧਾਨ ਦੇ ਅਸਤੀਫੇ ਦੀ ਮੰਗ ਕੀਤੀ।ਕੇਜਰੀਵਾਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਹਿੰਦੀ ਵਿੱਚ ਜਾਰੀ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਸੀ.ਬੀ.ਐਸ.ਈ. ਮੁਲਾਂਕਣ ਵਿੱਚ ਭਾਰੀ ਬੇਨਿਯਮੀਆਂ ਨੇ ਲੱਖਾਂ ਬੱਚਿਆਂ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕ ਦਿੱਤਾ ਹੈ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਤੁਰੰਤ ਬਰਖਾਸਤ ਕਰ ਦੇਣਾ ਚਾਹੀਦਾ ਹੈ।'ਉਨ੍ਹਾਂ ਕਿਹਾ ਕਿ ਪਹਿਲਾਂ ਨੀਟ ਅਤੇ ਹੁਣ ਸੀ.ਬੀ.ਐਸ.ਈ. ਧਰਮੇਂਦਰ ਪ੍ਰਧਾਨ ਇੱਕ ਦਿਨ ਵੀ ਸਿੱਖਿਆ ਮੰਤਰੀ ਦੇ ਅਹੁਦੇ 'ਤੇ ਰਹਿਣ ਦੇ ਯੋਗ ਨਹੀਂ ਹਨ।' ਸਾਬਕਾ ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 10ਵੀਂ ਅਤੇ 12ਵੀਂ ਜਮਾਤ ਦੇ ਕਈ ਵਿਦਿਆਰਥੀ ਭਾਰੀ ਤਣਾਅ ਵਿੱਚ ਹਨ ਅਤੇ ਉਨ੍ਹਾਂ ਦੇ ਮਾਪੇ ਵੀ ਕਾਫੀ ਪਰੇਸ਼ਾਨ ਹਨ।



*ਸ਼ੇਅਰ ਬਾਜ਼ਾਰ 'ਚ ਆਈ ਤੇਜ਼ੀ*

# ਸੈਂਸੈਕਸ ਨੇ ਮਾਰੀ 1073 ਅੰਕਾਂ ਦੀ ਲੰਮੀ ਛਾਲ, ਨਿਫਟੀ 24,000 ਤੋਂ ਪਾਰ

ਮੁੰਬਈ, 25 ਮਈ (ਚ.ਨ.ਸ.): ਅੱਜ ਸੋਮਵਾਰ ਸਵੇਰੇ ਤੋਂ ਹੀ ਭਾਰਤੀ ਸ਼ੇਅਰ ਬਾਜ਼ਾਰ ਵਿੱਚ ਜ਼ਬਰਦਸਤ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਬਾਜ਼ਾਰ ਖੁੱਲ੍ਹਦੇ ਹੀ ਸੈਂਸੈਕਸ 800 ਅੰਕਾਂ ਤੋਂ ਵੱਧ ਚੜ੍ਹ ਗਿਆ, ਜਦਕਿ ਨਿਫਟੀ 50 ਵਿੱਚ ਵੀ 250 ਅੰਕਾਂ ਦੀ ਤੇਜ਼ੀ ਦਰਜ ਕੀਤੀ ਗਈ। ਬਾਜ਼ਾਰ ਵਿੱਚ ਇਸ ਤੇਜ਼ੀ ਦਾ ਸਭ ਤੋਂ ਵੱਡਾ ਕਾਰਨ ਕੱਚੇ ਤੇਲ ਵਿੱਚ ਨਰਮੀ ਹੈ, ਜੋ ਕਿ ਲਗਭਗ 97 ਡਾਲਰ 'ਤੇ ਕਾਰੋਬਾਰ ਕਰ ਰਿਹਾ ਹੈ। ਸੈਕਟਰਲ ਪ੍ਰਦਰਸ਼ਨ ਨੂੰ ਦੇਖਦੇ ਹੋਏ, ਐਫਐਮਸੀਜੀ ਨੂੰ ਛੱਡ ਕੇ ਸਾਰੇ ਸੂਚਕਾਂਕ ਹਰੇ ਰੰਗ ਵਿੱਚ ਬੰਦ ਹੋਏ। ਆਟੋ, ਪੀ.ਐਸ.ਯੂ. ਬੈਂਕ, ਪ੍ਰਾਈਵੇਟ ਬੈਂਕ ਅਤੇ ਵਿੱਤੀ ਸਭ ਤੋਂ ਮਜ਼ਬੂਤ ਸਨ। ਸਿਰਫ਼ ਐਫਐਮਸੀਜੀ ਸੂਚਕਾਂਕ ਵਿੱਚ ਥੋੜ੍ਹੀ ਜਿਹੀ ਗਿਰਾਵਟ ਦੇਖਣ ਨੂੰ ਮਿਲੀ। ਮੌਜੂਦਾ ਸਮੇਂ ਸੈਂਸੈਕਸ 1073.61 ਅੰਕ ਭਾਵ 1.42% ਦੇ ਵਾਧੇ ਨਾਲ 76,488.96 ਦੇ ਪੱਧਰ 'ਤੇ ਬੰਦ ਹੋਇਆ ਹੈ। ਸੈਂਸੈਕਸ ਦੇ 26 ਸ਼ੇਅਰਾਂ ਚ ਵਾਧਾ ਅਤੇ ਸਿਰਫ਼ 4 ਸਟਾਕ ਵਿਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।

ਬਜਾਜ ਫਾਇਨਾਂਸ, ਲਾਰਸਨ ਐਂਡ ਟਰਬੋ, ਐੱਚਡੀਐੱਫਸੀ ਬੈਂਕ, ਇਟਰਨਲ, ਬਜਾਜ ਫਿਨਸਰਵ, ਕੋਟਕ ਬੈਂਕ,ਆਈਸ਼ਰ ਮੋਟਰਜ਼, ਅਡਾਨੀ ਐਂਟਰਪ੍ਰਾਈਜ਼ਿਜ਼, ਬਜਾਜ ਫਾਈਨੈਂਸ ਨਿਫਟੀ ਵਿੱਚ ਸਭ ਤੋਂ ਵੱਧ ਲਾਭ ਪ੍ਰਾਪਤ ਕਰਨ ਵਾਲੇ ਸਨ, ਜਿਨ੍ਹਾਂ ਵਿੱਚ 3-6.5% ਦਾ ਵਾਧਾ ਹੋਇਆ।

ਦੂਜੇ ਪਾਸੇ ਨਿਫਟੀ 312.40 ਅੰਕ ਭਾਵ 1.32% ਦੇ ਵਾਧੇ ਨਾਲ 24,031.70 ਦੇ ਪੱਧਰ 'ਤੇ ਬੰਦ ਹੋਇਆ ਹੈ। ਇਸ ਨਾਲ ਬੀ.ਐੱਸ.ਈ. 'ਤੇ ਸੂਚੀਬੱਧ ਕੰਪਨੀਆਂ ਦਾ ਕੁੱਲ ਮਾਰਕੀਟ ਕੈਪ ਵੱਧ ਕੇ 468 ਲੱਖ ਕਰੋੜ ਰੁਪਏ ਹੋ ਗਿਆ ਹੈ।



**ਬਾਜ਼ਾਰ ਵਿੱਚ ਇਸ ਵੱਡੀ ਤੇਜ਼ੀ ਦੇ 5 ਮੁੱਖ ਕਾਰਨ:** ਅਮਰੀਕਾ-ਈਰਾਨ ਸ਼ਾਂਤੀ ਸਮਝੌਤੇ ਦੀ ਉਮੀਦ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿਆਨ ਕਿ ਵਾਸ਼ਿੰਗਟਨ ਅਤੇ ਤੇਹਰਾਨ ਵਿਚਕਾਰ ਹੋਰਮੁਜ਼ ਜਲਡਮਰੂਮੱਧ ਨੂੰ ਮੁੜ ਖੋਲ੍ਹਣ ਲਈ ਸ਼ਾਂਤੀ ਸਮਝੌਤੇ 'ਤੇ ਗੱਲਬਾਤ ਲਗਭਗ ਮੁਕੰਮਲ ਹੋ ਚੁੱਕੀ ਹੈ, ਨੇ ਵਿਸ਼ਵ ਬਾਜ਼ਾਰਾਂ ਵਿੱਚ ਹਾਂ-ਪੱਖੀ ਸੰਦੇਸ਼ ਭੇਜਿਆ ਹੈ।

**ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ:** ਸ਼ਾਂਤੀ ਵਾਰਤਾ ਦੀਆਂ ਖ਼ਬਰਾਂ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਕਰੈਸ਼ ਹੋ ਗਈਆਂ ਹਨ। ਬ੍ਰੈਂਟ ਕਰੂਡ 5% ਡਿੱਗ ਕੇ 98 ਡਾਲਰ ਅਤੇ ਡਬਲਯੂ.ਟੀ.ਆਈ ਕਰੂਡ ਕਰੀਬ 6% ਡਿੱਗ ਕੇ 91.30 ਡਾਲਰ ਪ੍ਰਤੀ ਬੈਰਲ 'ਤੇ ਆ ਗਿਆ ਹੈ। ਭਾਰਤ ਆਪਣੀ ਲੋੜ ਦਾ 85% ਤੇਲ ਦਰਾਮਦ ਕਰਦਾ ਹੈ, ਇਸ ਲਈ ਤੇਲ ਦਾ ਸਸਤਾ ਹੋਣਾ ਭਾਰਤੀ ਬਾਜ਼ਾਰ ਲਈ ਵੱਡੀ ਰਾਹਤ ਹੈ।

**ਗਲੋਬਲ ਬਾਜ਼ਾਰਾਂ ਵਿੱਚ ਤੇਜ਼ੀ:** ਜਾਪਾਨ ਦਾ ਨਿੱਕੇਈ ਇੰਡੈਕਸ ਇਤਿਹਾਸ ਵਿੱਚ ਪਹਿਲੀ ਵਾਰ 65,000 ਦੇ ਪਾਰ ਚਲਾ ਗਿਆ। ਚੀਨ ਅਤੇ ਤਾਇਵਾਨ ਦੇ ਬਾਜ਼ਾਰਾਂ ਵਿੱਚ ਵੀ ਤੇਜ਼ੀ ਦੇਖੀ ਗਈ, ਜਿਸ ਦਾ ਅਸਰ ਭਾਰਤੀ ਬਾਜ਼ਾਰ 'ਤੇ ਵੀ ਪਿਆ।

**ਰੁਪਏ ਵਿੱਚ ਮਜ਼ਬੂਤੀ:** ਪਿਛਲੇ ਹਫ਼ਤੇ ਦੇ ਹੇਠਲੇ ਪੱਧਰ ਤੋਂ ਉੱਭਰਦੇ ਹੋਏ ਭਾਰਤੀ ਰੁਪਿਆ ਡਾਲਰ ਦੇ ਮੁਕਾਬਲੇ 0.37% ਮਜ਼ਬੂਤ ਹੋ ਕੇ 95.34 'ਤੇ ਖੁੱਲ੍ਹਿਆ, ਜਿਸ ਨਾਲ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਵਧਿਆ ਹੈ।

**ਬਾਂਡ ਯੀਲਡ ਵਿੱਚ ਗਿਰਾਵਟ:** ਅਮਰੀਕੀ ਟ੍ਰੇਜ਼ਰੀ ਬਾਂਡ ਯੀਲਡ ਵਿੱਚ ਗਿਰਾਵਟ ਆਉਣ ਕਾਰਨ ਨਿਵੇਸ਼ਕਾਂ ਨੇ ਬਾਂਡ ਮਾਰਕੀਟ ਦੀ ਬਜਾਏ ਸ਼ੇਅਰ ਬਾਜ਼ਾਰ ਵਿੱਚ ਪੈਸਾ ਲਗਾਉਣਾ ਸ਼ੁਰੂ ਕਰ ਦਿੱਤਾ ਹੈ।

**ਚਿੰਤਾ ਦਾ ਵਿਸ਼ਾ:** ਬਾਜ਼ਾਰ ਵਿੱਚ ਤੇਜ਼ੀ ਦੇ ਬਾਵਜੂਦ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦੀ ਲਗਾਤਾਰ ਵੇਚਵਾਲੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਸਾਲ 2026 ਵਿੱਚ ਹੁਣ ਤੱਕ ਵਿਦੇਸ਼ੀ ਨਿਵੇਸ਼ਕਾਂ ਨੇ 2,22,343 ਕਰੋੜ ਰੁਪਏ ਦੀ ਵੇਚਵਾਲੀ ਕੀਤੀ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ।

## ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਨੇ ਮਾਰੀ ਵੱਡੀ ਛਾਲ




ਨਵੀਂ ਦਿੱਲੀ, 25 ਮਈ (ਚ.ਨ.ਸ.): ਅੱਜ ਯਾਨੀ ਸੋਮਵਾਰ (25 ਮਈ) ਨੂੰ ਘਰੇਲੂ ਵਾਅਦਾ ਬਾਜ਼ਾਰ (ਐਮ.ਸੀ.ਐਕਸ.) ਵਿੱਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਜ਼ਬਰਦਸਤ ਤੇਜ਼ੀ ਦੇਖਣ ਨੂੰ ਮਿਲੀ ਹੈ। ਕੌਮਾਂਤਰੀ ਪੱਧਰ 'ਤੇ ਕਮਜ਼ੋਰ ਅਮਰੀਕੀ ਡਾਲਰ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਆਈ ਵੱਡੀ ਗਿਰਾਵਟ ਕਾਰਨ ਸੋਨਾ ਆਪਣੇ ਨਵੇਂ ਰਿਕਾਰਡ ਪੱਧਰ ਵੱਲ ਵੱਧ ਰਿਹਾ ਹੈ। ਸੋਮਵਾਰ ਸਵੇਰੇ ਐਮ.ਸੀ.ਐਕਸ.'ਤੇ ਸੋਨੇ ਦਾ ਜੂਨ ਫਿਊਚਰ 0.40 ਫੀਸਦੀ ਦੇ ਵਾਧੇ ਨਾਲ 1,59,315 ਰੁਪਏ ਪ੍ਰਤੀ 10 ਗ੍ਰਾਮ 'ਤੇ ਟ੍ਰੇਡ ਕਰ ਰਿਹਾ ਸੀ। ਇਸ ਦੇ ਨਾਲ ਹੀ ਚਾਂਦੀ ਦੀਆਂ ਕੀਮਤਾਂ ਵਿੱਚ ਵੀ ਵੱਡਾ ਉਛਾਲ ਦੇਖਣ ਨੂੰ ਮਿਲਿਆ ਹੈ। ਐਮ.ਸੀ.ਐਕਸ.'ਤੇ ਚਾਂਦੀ ਦਾ ਜੁਲਾਈ ਫਿਊਚਰ 1.44 ਫੀਸਦੀ ਵੱਧ ਕੇ 2,75,750 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਿਆ।

**ਕਿਉਂ ਵੱਧ ਰਹੀਆਂ ਹਨ ਕੀਮਤਾਂ?**

ਬਾਜ਼ਾਰ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਡਾਲਰ ਇੰਡੈਕਸ ਵਿੱਚ ਆਈ ਕਰੀਬ 0.30 ਫੀਸਦੀ ਦੀ ਗਿਰਾਵਟ ਨੇ ਸੋਨੇ ਦੀਆਂ ਕੀਮਤਾਂ ਨੂੰ ਸਪੋਰਟ ਦਿੱਤੀ ਹੈ।

ਇਸ ਤੋਂ ਇਲਾਵਾ, ਅਮਰੀਕਾ ਅਤੇ ਈਰਾਨ ਵਿਚਾਲੇ ਸ਼ਾਂਤੀ ਸਮਝੌਤੇ ਦੀਆਂ ਵਧਦੀਆਂ ਉਮੀਦਾਂ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ 5 ਫੀਸਦੀ ਤੋਂ ਵੱਧ ਦੀ ਗਿਰਾਵਟ ਆਈ ਹੈ, ਜਿਸ ਨਾਲ ਬੈਂਚਮਾਰਕ ਬ੍ਰੈਂਟ ਕਰੂਡ 98 ਡਾਲਰ ਪ੍ਰਤੀ ਬੈਰਲ ਤੋਂ ਹੇਠਾਂ ਆ ਗਿਆ ਹੈ।

## ਹੁਣ ਪੰਜਾਬ 'ਚ ਈਦ-ਉੱਲ-ਜ਼ੂਹਾ (ਬਕਰੀਦ)

ਪਰੰਤੂ ਹੁਣ ਇਸ ਵਿੱਚ ਸੋਧ ਕਰਦਿਆਂ ਇਹ ਛੁੱਟੀ ਮਿਤੀ 28 ਮਈ 2026 (ਵੀਰਵਾਰ) ਨੂੰ ਕੀਤੀ ਗਈ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਅੱਜ ਨੋਟੀਫਿਕੇਸਨ ਜਾਰੀ ਕਰ ਦਿੱਤੀ ਗਈ ਹੈ।

## ਪੰਜਾਬ 'ਚ ਨਗਰ ਨਿਗਮ ਚੋਣਾਂ ਲਈ

ਬਰਨਾਲਾ ਨਿਗਮ ਦੀ ਪਹਿਲੀ ਵਾਰ ਚੋਣ ਹੋ ਰਹੀ ਹੈ। 'ਆਪ' ਵਿਧਾਇਕਾਂ ਅਤੇ ਵਜ਼ੀਰਾਂ ਨੇ ਚੋਣ ਪ੍ਰਚਾਰ 'ਚ ਅੱਜ ਆਖ਼ਰੀ ਵਾਹ ਲਾਈ, ਕਿਉਂਕਿ ਨਤੀਜੇ ਉਨ੍ਹਾਂ ਦੀ ਕਾਰਗੁਜ਼ਾਰੀ ਮਾਪਣਗੇ ਅਤੇ ਸਿਆਸੀ ਭਵਿੱਖ ਤੈਅ ਕਰਨਗੇ। ਇਨ੍ਹਾਂ ਚੋਣਾਂ 'ਚ ਭਾਜਪਾ ਦਾ ਗਰਾਫ਼ ਵੀ ਸਾਹਮਣੇ ਆਏਗਾ ਜੋ ਤੇਜ਼ ਰਫ਼ਤਾਰੀ ਨਾਲ ਚੋਣ ਮੈਦਾਨ 'ਚ ਕੁੱਦੀ ਹੈ। ਰਾਜ ਚੋਣ ਕਮਿਸ਼ਨ ਅਨੁਸਾਰ ਪੋਲਿੰਗ ਸਟੇਸ਼ਨਾਂ ਦੇ ਨੇੜੇ ਚੋਣਾਂ ਨਾਲ ਸਬੰਧਤ ਕੋਈ ਵੀ ਪ੍ਰਚਾਰ ਸਮੱਗਰੀ ਪ੍ਰਦਰਸ਼ਿਤ ਨਹੀਂ ਕੀਤੀ ਜਾ ਸਕੇਗੀ।

26 ਮਈ ਨੂੰ ਜਨਤਕ ਛੁੱਟੀ ਐਲਾਨੀ ਪੰਜਾਬ ਸਰਕਾਰ ਨੇ ਨਿਗਮ ਤੇ ਕੌਂਸਲ ਚੋਣਾਂ ਦੌਰਾਨ ਸੁਚਾਰੂ ਵੋਟਿੰਗ ਲਈ 26 ਮਈ ਨੂੰ ਸੂਬੇ ਵਿੱਚ ਜਨਤਕ ਛੁੱਟੀ ਐਲਾਨ ਦਿੱਤੀ ਹੈ। ਚੰਡੀਗੜ੍ਹ ਸਥਿਤ ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰ, ਬੋਰਡ, ਕਾਰਪੋਰੇਸ਼ਨ, ਵਿੱਦਿਅਕ ਸੰਸਥਾਵਾਂ ਅਤੇ ਹੋਰ ਸਰਕਾਰੀ ਸੰਸਥਾਵਾਂ ਬੰਦ ਰਹਿਣਗੀਆਂ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਲਈ 26 ਮਈ ਨੂੰ ਵਿਸ਼ੇਸ਼ ਕੈਜ਼ੂਅਲ ਛੁੱਟੀ ਦਾ ਐਲਾਨ ਕੀਤਾ ਹੈ।

## ਚੋਣਾਂ ਲਈ ਸਾਰੇ ਯੋਗ ਕਾਮਿਆਂ ਨੂੰ ਵੋਟਾਂ ਵਾਸਤੇ

(ਮੰਗਲਵਾਰ) ਨੂੰ 24-30 ਮਈ, 2026 ਦੇ ਵਿਚਕਾਰ ਆਉਣ ਵਾਲੇ ਨਿਯਮਤ ਹਫਤਾਵਾਰੀ ਛੁੱਟੀ ਵਾਲੇ ਦਿਨ ਦੀ ਬਜਾਏ ਇੱਕ ਲਾਜਮੀ ਛੁੱਟੀ ਵਾਲਾ ਦਿਨ ਨਹੀਂ ਮੰਨਿਆ ਜਾਵੇਗਾ। ਕਿਰਤ ਵਿਭਾਗ ਪੰਜਾਬ ਦੁਆਰਾ ਜਾਰੀ ਨੋਟੀਫਿਕੇਸਨ ਦੀ ਕਾਪੀ ਨੱਥੀ ਹੈ।

## ਸੁਪਰੀਮ ਕੋਰਟ ਵੱਲੋਂ ਨਿਗਮ ਚੋਣਾਂ ਬੈਲਟ ਪੇਪਰ ਨਾਲ

ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਹੁਣ ਇਹ ਮਾਮਲਾ ਸੁਪਰੀਮ ਕੋਰਟ 'ਚ ਸੁਣਵਾਈ ਅਧੀਨ ਸੀ।

ਅੱਜ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਪਟੀਸ਼ਨਕਰਤਾ ਰੁਚਿਤਾ ਗਰਗ ਨੂੰ ਅਦਾਲਤ ਵਿੱਚ ਦੇਰ ਨਾਲ ਪਹੁੰਚਣ ਨੂੰ ਲੈ ਕੇ ਸਵਾਲ ਕੀਤੇ। ਬੈਂਚ ਨੇ ਕਿਹਾ ਕਿ ਇਸ ਪੜਾਅ 'ਤੇ ਚੋਣ ਪ੍ਰਕਿਰਿਆ ਨੂੰ ਅਸਥਿਰ ਨਹੀਂ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਨਿਗਮ ਤੇ ਕੌਂਸਲ ਚੋਣਾਂ ਵਿੱਚ ਇੱਕ ਨਿਗਰਾਨ ਨਿਯੁਕਤ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਹੈ। ਭਲਕੇ 26 ਮਈ ਨੂੰ ਵੋਟਾਂ ਪੈਣੀਆਂ ਹਨ।

## ਪੰਜਾਬ 'ਚ ਪੈਟਰੋਲ

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

## 105 ਤੇ

ਰੇਟਾਂ ਵਿਚ ਕੁੱਲ 7.55 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ।

ਪੈਟਰੋਲ-ਡੀਜ਼ਲ ਮਹਿੰਗਾ ਹੋਣ ਦਾ ਸਿੱਧਾ ਅਸਰ ਟਰਾਂਸਪੋਰਟ ਸੈਕਟਰ 'ਤੇ ਪੈਂਦਾ ਹੈ। ਈਂਧਣ ਕੀਮਤਾਂ ਵਧਣ ਦੇ ਬਾਅਦ ਟੈਕਸੀ, ਆਟੋ ਤੇ ਮਾਲ ਢੁਆਈ ਦੇ ਕਿਰਾਏ ਵਧਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਸਬਜ਼ੀਆਂ, ਰਾਸ਼ਨ ਤੇ ਰੋਜ਼ਮੱਰਾ ਦੀਆਂ ਚੀਜ਼ਾਂ ਦੇ ਰੇਟ ਵੀ ਵਧ ਸਕਦੇ ਹਨ। ਵਪਾਰੀਆਂ ਦਾ ਕਹਿਣਾ ਹੈ ਕਿ ਲਗਾਤਾਰ ਵਧਦੇ ਫਿਊਲ ਰੇਟ ਨਾਲ ਮਾਲ ਢੁਆਈ ਦੀ ਲਾਗਤ ਵਧ ਰਹੀ ਹੈ। ਇਸ ਨਾਲ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਦੇ ਰੇਟ ਵਧਣਗੇ।

ਇਸ ਵਾਧੇ ਦੀ ਮੁੱਖ ਵਜ੍ਹਾ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਿਚ ਉਤਰਾਅ-ਚੜ੍ਹਾਅ ਹੈ। ਈਰਾਨ ਤੇ ਅਮਰੀਕਾ ਦੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਕਰੂਡ ਆਇਲ ਦੇ ਰੇਟ 70 ਡਾਲਰ ਸਨ ਜੋ ਹੁਣ ਵੱਧ ਕੇ 100 ਡਾਲਰ ਪ੍ਰਤੀ ਬੈਰਲ ਦੇ ਪਾਰ ਪਹੁੰਚ ਗਏ ਹਨ। ਕਰੂਡ ਦੀਆਂ ਕੀਮਤਾਂ ਵਧਣ ਨਾਲ ਤੇਲ ਕੰਪਨੀਆਂ ਦਬਾਅ ਵਿਚ ਸੀ। ਇਸ ਲਈ ਕੰਪਨੀਆਂ ਨੇ ਘਾਟੇ ਦੀ ਭਰਪਾਈ ਲਈ ਇਹ ਕਦਮ ਚੁੱਕਿਆ ਹੈ। ਜੇਕਰ ਕੱਚੇ ਤੇਲ ਦੀਆਂ ਕੀਮਤਾਂ ਵਿਚ ਤੇਜ਼ੀ ਬਣੀ ਰਹੀ ਤਾਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਹੋਰ ਵੀ ਵਧਾਈ ਜਾ ਸਕਦੀਆਂ ਹਨ।

## ਸੁਪਰੀਮ ਕੋਰਟ ਵੱਲੋਂ ਮਾਨ ਦੇ ਬਿਆਨ ਸਬੰਧੀ

ਹਾਈ ਕੋਰਟ ਨੂੰ ਬੇਨਤੀ ਕਰੋ।'

ਮਿਸ਼ਰਾ ਨੇ ਦੋਸ਼ ਲਾਇਆ ਸੀ ਕਿ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਅਵਾਰਾ ਕੁੱਤਿਆਂ ਨੂੰ ਮਾਰਿਆ ਜਾ ਰਿਹਾ ਹੈ। ਵਕੀਲ ਨੇ ਦੋਸ਼ ਲਾਇਆ ਕਿ ਅਵਾਰਾ ਕੁੱਤਿਆਂ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ 19 ਮਈ ਦੇ ਹੁਕਮਾਂ ਤੋਂ ਬਾਅਦ, ਮਾਨ ਨੇ ਕਥਿਤ ਤੌਰ 'ਤੇ ਟਵੀਟ ਕੀਤਾ ਸੀ ਕਿ ਸੁਪਰੀਮ ਕੋਰਟ ਨੇ 'ਅਵਾਰਾ ਕੁੱਤਿਆਂ ਨੂੰ ਮਾਰਨ ਲਈ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ।' ਮਾਨ ਨੇ ਕਥਿਤ ਤੌਰ 'ਤੇ ਕਿਹਾ ਸੀ, 'ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਪੰਜਾਬ ਸਰਕਾਰ ਕੱਲ੍ਹ ਤੋਂ ਅਵਾਰਾ ਅਤੇ ਖੂੰਖਾਰ ਕੁੱਤਿਆਂ ਨੂੰ ਖਤਮ ਕਰਨ ਲਈ ਇੱਕ ਵਿਸ਼ਾਲ ਮੁਹਿੰਮ ਸ਼ੁਰੂ ਕਰੇਗੀ ਜੋ ਬੱਚਿਆਂ ਅਤੇ ਰਾਹਗੀਰਾਂ ਦੀ ਜਾਨ ਨੂੰ ਖਤਰੇ ਵਿੱਚ ਪਾਉਂਦੇ ਹਨ... ਸੁਪਰੀਮ ਕੋਰਟ ਦਾ ਧੰਨਵਾਦ।'

ਹਾਲਾਂਕਿ, ਮਾਨ ਦੇ ਕਥਿਤ ਬਿਆਨ 'ਤੇ ਸਖ਼ਤ ਇਤਰਾਜ਼ ਜਤਾਉਂਦੇ ਹੋਏ ਐਨ.ਜੀ.ਓ. ਨੇ ਸੁਪਰੀਮ ਕੋਰਟ ਨੂੰ ਇਹ ਸਪੱਸ਼ਟ ਕਰਨ ਦੀ ਅਪੀਲ ਕੀਤੀ ਕਿ ਕੁੱਤਿਆਂ ਨੂੰ ਸਿਰਫ ਸੀਮਤ ਪਰਿਭਾਸ਼ਿਤ ਹਾਲਤਾਂ ਵਿੱਚ ਅਤੇ ਯੋਗ ਮਾਹਰਾਂ ਦੁਆਰਾ ਸਹੀ ਤਸਦੀਕ ਤੋਂ ਬਾਅਦ 'ਐਨੀਮਲ ਬਰਥ ਕੰਟਰੋਲ (ਏ.ਬੀ.ਸੀ.) ਰੂਲਜ਼, 2023' ਦੇ ਅਨੁਸਾਰ ਹੀ ਮਾਰਿਆ ਜਾ ਸਕਦਾ ਹੈ ਅਤੇ ਇਸਦੇ ਨਿਰਦੇਸ਼ਾਂ ਦਾ ਮਕਸਦ ਕਦੇ ਵੀ ਅਵਾਰਾ ਕੁੱਤਿਆਂ ਨੂੰ ਵੱਡੇ ਪੱਧਰ 'ਤੇ ਮਾਰਨ ਜਾਂ ਜ਼ਹਿਰ ਦੇ ਕੇ ਜਾਂ ਹੋਰ ਸਾਧਨਾਂ ਰਾਹੀਂ ਗੈਰ-ਨਿਆਂਇਕ ਹੱਤਿਆ ਨੂੰ ਅਧਿਕਾਰਤ ਕਰਨਾ ਨਹੀਂ ਸੀ।

ਐਨ.ਜੀ.ਓ. ਇਹ ਵੀ ਚਾਹੁੰਦੀ ਸੀ ਕਿ ਬੈਂਚ ਸਾਰੇ ਰਾਜਾਂ ਦੇ ਡੀਜੀਪੀ ਨੂੰ ਨਿਰਦੇਸ਼ ਦੇਵੇ ਕਿ ਉਹ ਇਹ ਯਕੀਨੀ ਬਣਾਉਣ ਕਿ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਦੇ ਨਾਮ 'ਤੇ ਕੋਈ ਵੀ ਕੁੱਤਾ ਗੈਰ-ਕਾਨੂੰਨੀ ਤਰੀਕੇ ਨਾਲ ਮਾਰਿਆ, ਜ਼ਹਿਰ ਦਿੱਤਾ ਜਾਂ ਹੋਰ ਨੁਕਸਾਨ ਨਾ ਪਹੁੰਚਾਇਆ ਜਾਵੇ। ਜਿਵੇਂ ਕਿ ਪੂਰੇ ਭਾਰਤ ਵਿੱਚ ਅਵਾਰਾ ਕੁੱਤਿਆਂ ਦੇ ਕੱਟਣ/ਹਮਲਿਆਂ ਦੀਆਂ ਘਟਨਾਵਾਂ 'ਚਿੰਤਾਜਨਕ ਬਾਰੰਬਾਰਤਾ ਅਤੇ ਗੰਭੀਰਤਾ' ਨਾਲ ਵਾਪਰ ਰਹੀਆਂ ਹਨ, ਸੁਪਰੀਮ ਕੋਰਟ ਨੇ 19 ਮਈ ਨੂੰ ਪਹਿਲੀ ਵਾਰ ਮਨੁੱਖੀ ਜੀਵਨ ਲਈ ਖਤਰੇ ਨੂੰ ਰੋਕਣ ਲਈ ਪਾਗਲ, ਲਾਇਲਾਜ ਬਿਮਾਰ, ਜਾਂ ਸਪੱਸ਼ਟ ਤੌਰ 'ਤੇ ਖਤਰਨਾਕ ਅਵਾਰਾ ਕੁੱਤਿਆਂ ਨੂੰ ਮਾਰਨ ਦੀ ਇਜਾਜ਼ਤ ਦਿੱਤੀ ਸੀ।

## ਮੌਸਮ ਵਿਭਾਗ ਵੱਲੋਂ ਪੰਜਾਬ ਵਿੱਚ

ਤਾਪਮਾਨ 44 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਉਮੀਦ ਹੈ।

ਮੌਸਮ ਵਿਭਾਗ ਦੇ ਤਾਜ਼ਾ ਅੰਕੜਿਆਂ ਮੁਤਾਬਕ ਸੂਬੇ ਦੇ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 0.3 ਡਿਗਰੀ ਸੈਲਸੀਅਸ ਦਾ ਥੋੜ੍ਹਾ ਜਿਹਾ ਵਾਧਾ ਹੋਇਆ ਹੈ, ਜੋ ਕਿ ਆਮ ਦੇ ਨੇੜੇ ਹੈ। ਔਸਤ ਘੱਟੋ-ਘੱਟ ਤਾਪਮਾਨ ਵਿੱਚ 0.4 ਡਿਗਰੀ ਸੈਲਸੀਅਸ ਦੀ ਗਿਰਾਵਟ ਦੇ ਬਾਵਜੂਦ ਇਹ ਆਮ ਨਾਲੋਂ 2.4 ਡਿਗਰੀ ਵੱਧ ਹੈ। ਪਿਛਲੇ 24 ਘੰਟਿਆਂ ਦੌਰਾਨ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਗਰਜ, ਬਿਜਲੀ ਅਤੇ ਤੇਜ਼ ਹਵਾਵਾਂ ਚੱਲੀਆਂ। ਬਠਿੰਡਾ 44.6 ਡਿਗਰੀ ਸੈਲਸੀਅਸ ਤਾਪਮਾਨ ਦੇ ਨਾਲ ਪੰਜਾਬ ਦਾ ਸਭ ਤੋਂ ਗਰਮ ਸ਼ਹਿਰ ਰਿਹਾ, ਜਦੋਂ ਕਿ ਭਾਖੜਾ ਡੈਮ (ਨੰਗਲ) ਵਿਖੇ ਸਭ ਤੋਂ ਘੱਟ ਤਾਪਮਾਨ 22.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਸੜਕ ਹਾਦਸੇ 'ਚ ਪੁਲਿਸ ਮੁਲਾਜ਼ਮ ਸਮੇਤ ਦੋ ਦੀ ਮੌਤ

ਸੂਚਨਾ ਮਿਲਦਿਆਂ ਹੀ ਸਥਾਨਕ ਪੁਲਿਸ ਤੁਰੰਤ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਜ਼ਖ਼ਮੀ ਵਿਅਕਤੀ ਨੂੰ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਪੁਲਿਸ ਮੁਲਾਜ਼ਮ ਦੱਸਿਆ ਜਾ ਰਿਹਾ ਹੈ। ਸਥਾਨਕ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕ ਪੁਲਿਸ ਮੁਲਾਜ਼ਮ ਅਤੇ ਦੂਜੇ ਵਿਅਕਤੀ ਦੀ ਪਛਾਣ ਅਤੇ ਹੋਰ ਵੇਰਵਿਆਂ ਦੀ ਤਸਦੀਕ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਾਦਸੇ ਦੇ ਸਹੀ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਪਰ ਟਰੈਕਟਰ ਚਾਲਕ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਅਗਲੇਰੀ ਜਾਂਚ ਲਈ ਟਰੈਕਟਰ ਨੂੰ ਜ਼ਬਤ ਕਰ ਲਿਆ ਗਿਆ ਹੈ।

## 14.22 ਲੱਖ ਕਿਸਾਨਾਂ ਦਾ ਸਹਿਕਾਰੀ ਬੈਂਕਾਂ ਤੋਂ

ਕੀਤਾ ਹੈ ਕਿ ਕਰਜ਼ੇ ਦੀ ਇਹ ਰਾਸ਼ੀ ਸਿੱਧੇ ਤੌਰ 'ਤੇ ਸਹਿਕਾਰੀ ਬੈਂਕਾਂ ਨੂੰ ਟ੍ਰਾਂਸਫਰ ਕੀਤੀ ਜਾਵੇਗੀ ਤਾਂ ਜੋ ਕਿਸਾਨਾਂ ਦੇ ਨਾਮ 'ਤੇ ਕੋਈ ਵੀ ਬਕਾਇਆ ਰਾਸ਼ੀ ਨਾ ਰਹੇ। ਇਹ ਫੈਸਲਾ ਉਨ੍ਹਾਂ ਕਿਸਾਨਾਂ ਲਈ ਸੰਜੀਵਨੀ ਸਾਬਤ ਹੋਵੇਗਾ ਜਿਨ੍ਹਾਂ ਦੀਆਂ ਫ਼ਸਲਾਂ ਮੌਸਮ ਦੀ ਮਾਰ ਜਾਂ ਬਾਜ਼ਾਰ ਦੀਆਂ ਅਨਿਸ਼ਚਿਤਤਾਵਾਂ ਕਾਰਨ ਬਰਬਾਦ ਹੋ ਜਾਂਦੀਆਂ ਹਨ।

ਕਿਸਾਨਾਂ ਦੇ ਹਿੱਤਾਂ ਤੇ ਜਲ ਅਧਿਕਾਰਾਂ ਦੀ ਰੱਖਿਆ : ਕਰਜ਼ਾ ਮਾਫ਼ੀ ਤੋਂ ਇਲਾਵਾ, ਮੁੱਖ ਮੰਤਰੀ ਨੇ ਸੂਬੇ ਦੇ ਕਿਸਾਨਾਂ ਦੇ ਹਿੱਤਾਂ ਅਤੇ ਜਲ ਅਧਿਕਾਰਾਂ ਦੀ ਰੱਖਿਆ ਲਈ ਇੱਕ ਅਹਿਮ ਮੀਟਿੰਗ ਵੀ ਕੀਤੀ। ਇਹ ਮੀਟਿੰਗ ਕਰਨਾਟਕ ਵਿੱਚ ਇੱਕ ਨਵੇਂ ਪ੍ਰੋਜੈਕਟ ਲਈ ਹੋਏ 'ਭੂਮੀ ਪੂਜਨ' ਤੋਂ ਬਾਅਦ ਬੁਲਾਈ ਗਈ ਸੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤਮਿਲਨਾਡੂ ਦੇ ਕਿਸਾਨਾਂ ਦੇ ਹਿੱਤ ਸੁਰੱਖਿਅਤ ਰਹਿਣ।

## ਸਾਬਕਾ ਰਾਜ ਸਭਾ ਮੈਂਬਰ ਰਾਜ ਮਹਿੰਦਰ ਸਿੰਘ ਮਜੀਠਾ ਅਕਾਲੀ

# ਪਹਿਲੇ ਸਫ਼ੇ ਦੀ ਬਾਕੀ

## ਦਲ

ਸੂਬੇ ਦੇ ਵਿਕਾਸ ਤੇ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਵਰਗਾਂ ਦੇ ਲੋਕ ਤੇ ਆਗੂ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ।

ਰਾਜਮਹਿੰਦਰ ਸਿੰਘ ਮਜੀਠਾ ਦੇ ਨਾਲ-ਨਾਲ ਇਲਾਕੇ ਦੀਆਂ ਕਈ ਹੋਰ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਵੀ 'ਆਪ' ਵਿੱਚ ਸ਼ਾਮਲ ਹੋਈਆਂ। ਇਨ੍ਹਾਂ ਵਿੱਚ ਸਾਬਕਾ ਆਰਟੀਆਈ ਕਮਿਸ਼ਨਰ ਹੇਮਇੰਦਰ ਸਿੰਘ ਮਜੀਠਾ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਸੁਖਦੀਪ ਸਿੰਘ ਮਜੀਠਾ ਨੇ 'ਆਪ' ਦਾ ਪੱਲਾ ਫੜਿਆ। ਇਨ੍ਹਾਂ ਸਾਰੇ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਅਤੇ ਸਰਕਾਰ ਦੇ ਕੰਮਕਾਜ 'ਤੇ ਆਪਣਾ ਪੂਰਾ ਭਰੋਸਾ ਪ੍ਰਗਟਾਇਆ।

ਮੁਖਮੰਤਰੀ ਭਗਵੰਤ ਮਾਨ ਨੇ ਸ਼ਾਮਿਲ ਹੋਣ ਵਾਲੇ ਸਾਰੇ ਆਗੂਆਂ ਨੂੰ ਵਧਾਈ ਦਿੰਦਿਆਂ ਐਕਸ 'ਤੇ ਲਿਖਿਆ 'ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਅੱਜ ਇੱਕ ਬਹੁਤ ਹੀ ਵੱਡਾ ਅਤੇ ਅਹਿਮ ਵਾਧਾ ਹੋਇਆ ਹੈ..ਪੰਜਾਬ ਦੇ ਧਾਰਮਿਕ, ਸਮਾਜਿਕ ਅਤੇ ਸਿਆਸੀ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ, ਸਾਬਕਾ ਰਾਜ ਸਭਾ ਮੈਂਬਰ, ਸਾਬਕਾ ਐੱਮ.ਐੱਲ.ਏ ਤੇ ਚੀਫ ਖਾਲਸਾ ਦੀਵਾਨ ਦੇ ਸਰਪ੍ਰਸਤ ਸ. ਰਾਜਮਹਿੰਦਰ ਸਿੰਘ ਮਜੀਠਾ ਜੀ, ਸਾਬਕਾ RTI ਕਮਿਸ਼ਨਰ ਹੇਮਇੰਦਰ ਸਿੰਘ ਮਜੀਠਾ ਜੀ ਅਤੇ ਚੀਫ ਖਾਲਸਾ ਦੀਵਾਨ ਦੇ ਮੌਜੂਦਾ ਮੈਂਬਰ ਸੁਖਦੀਪ ਸਿੰਘ ਮਜੀਠਾ ਜੀ ਅੱਜ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ 'ਆਪ' ਪਰਿਵਾਰ ਵਿੱਚ ਸ਼ਾਮਲ ਹੋਏ ਹਨ। ਮੈਂ ਤਹਿ ਦਿਲੋਂ ਇਹਨਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕਰਦਾ ਹਾਂ।

ਅਜਿਹੇ ਤਜ਼ਰਬੇਕਾਰ ਅਤੇ ਪੰਜਾਬ ਦੀ ਬਿਹਤਰੀ ਸੋਚਣ ਵਾਲੇ ਆਗੂਆਂ ਦੇ ਸਾਥ ਨਾਲ ਤੁਹਾਡੇ 'ਰੰਗਲਾ ਪੰਜਾਬ' ਸਿਰਜਣ ਦੇ ਸੁਪਨੇ ਨੂੰ ਹੋਰ ਵੱਡੀ ਮਜ਼ਬੂਤੀ ਮਿਲੇਗੀ। ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ 'ਤੁਹਾਡੀ ਸਰਕਾਰ' ਲਗਾਤਾਰ ਯਤਨਸ਼ੀਲ ਹੈ।'

## ਬੂਥ ਕਬਜ਼ੇ ਵਾਲੇ ਬਿਆਨ 'ਤੇ ਕਾਰਵਾਈ

ਕੀਤੇ ਜਾਣ। ਇਸ ਦੇ ਨਾਲ ਹੀ ਇਹ ਯਕੀਨੀ ਬਣਾਉਣ ਲਈ ਕਦਮ ਚੁੱਕਣ ਦੀ ਮੰਗ ਵੀ ਕੀਤੀ ਗਈ ਸੀ ਕਿ ਵੋਟਿੰਗ ਪ੍ਰਕਿਰਿਆ ਦੌਰਾਨ ਵੋਟਰਾਂ ਨੂੰ ਕਿਸੇ ਡਰ, ਦਬਾਅ ਜਾਂ ਬੂਥ ਕਬਜ਼ੇ ਦਾ ਸਾਹਮਣਾ ਨਾ ਕਰਨਾ ਪਵੇ।

ਹਾਲਾਂਕਿ, ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਇਸ ਪਟੀਸ਼ਨ ਦੇ ਸੁਣਵਾਈਯੋਗ ਹੋਣ 'ਤੇ ਸਵਾਲ ਖੜ੍ਹੇ ਕਰ ਦਿੱਤੇ, ਜਦੋਂ ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਇਤਰਾਜ਼ ਜਤਾਇਆ ਕਿ ਪਟੀਸ਼ਨਕਰਤਾ ਨੇ ਜਨਹਿਤ ਪਟੀਸ਼ਨ ਦੇ ਅਧਿਕਾਰ ਖੇਤਰ ਦੀ ਵਰਤੋਂ ਕਰਦੇ ਹੋਏ ਆਪਣੇ ਪਿਛੋਕੜ (ਰਿਕਾਰਡ) ਦਾ ਖੁਲਾਸਾ ਨਹੀਂ ਕੀਤਾ। ਬੇਦੀ ਨੇ ਦਲੀਲ ਦਿੱਤੀ ਕਿ ਵੋਟਿੰਗ ਤੋਂ ਠੀਕ ਪਹਿਲਾਂ ਦਾਇਰ ਕੀਤੀ ਗਈ ਇਸ ਪਟੀਸ਼ਨ ਵਿੱਚ ਬਾਜਵਾ ਖ਼ਿਲਾਫ਼ ਚੱਲ ਰਹੀ ਇੱਕ ਐੱਫ ਆਈ ਆਰ ਬਾਰੇ ਨਹੀਂ ਦੱਸਿਆ ਗਿਆ, ਜਦਕਿ ਜਨਹਿਤ ਪਟੀਸ਼ਨ ਦੇ ਮਾਮਲਿਆਂ ਵਿੱਚ ਆਪਣੀ ਪਛਾਣ ਅਤੇ ਪਿਛੋਕੜ ਦਾ ਖੁਲਾਸਾ ਕਰਨਾ ਲਾਜ਼ਮੀ ਹੁੰਦਾ ਹੈ।

ਇਨ੍ਹਾਂ ਦਲੀਲਾਂ ਦਾ ਜਵਾਬ ਦਿੰਦਿਆਂ ਬਾਜਵਾ ਦੇ ਵਕੀਲ ਨੇ ਕਿਹਾ ਕਿ ਬੈਂਚ ਦੇ ਸਾਹਮਣੇ ਪੇਸ਼ ਕੀਤੀ ਗਈ ਪਟੀਸ਼ਨ ਜਨਤਕ ਭਲਾਈ ਅਤੇ ਲੋਕਤੰਤਰੀ ਪ੍ਰਕਿਰਿਆਵਾਂ ਦੀ ਰੱਖਿਆ ਨਾਲ ਸਬੰਧਤ ਹੈ। ਵਿਧਾਇਕ ਦੇ ਕਥਿਤ ਬਿਆਨਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ, 'ਇਹ ਸਾਡੇ ਲੋਕਤੰਤਰ ਦਾ ਕਤਲ ਹੈ। ਚੋਣਾਂ ਸਾਡੇ ਲੋਕਤੰਤਰ ਦੀ ਨੀਂਹ ਹਨ।' ਉਨ੍ਹਾਂ ਨੇ ਦਾਅਵਾ ਕੀਤਾ ਕਿ ਇਹ ਜਾਣਕਾਰੀ ਛੁੱਟ ਜਾਣਾ ਇੱਕ 'ਸਾਫ਼ ਨੀਅਤ' ਵਾਲੀ ਗਲਤੀ ਸੀ ਅਤੇ ਉਨ੍ਹਾਂ ਨੇ ਐੱਫ.ਆਈ.ਆਰ. ਦੇ ਮਾਮਲੇ ਨੂੰ ਇੱਕ ਵੱਖਰੀ ਕਾਰਵਾਈ ਦੱਸ ਕੇ ਇਸ ਤੋਂ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਇਹ ਦਲੀਲ ਵੀ ਦਿੱਤੀ ਕਿ ਪਟੀਸ਼ਨ ਦਾਇਰ ਕਰਦੇ ਸਮੇਂ ਚੱਲ ਰਹੀਆਂ ਕਾਰਵਾਈਆਂ ਦਾ ਖੁਲਾਸਾ ਕਰਨਾ ਕੋਈ ਲਾਜ਼ਮੀ ਸ਼ਰਤ ਨਹੀਂ ਹੈ, ਹਾਲਾਂਕਿ ਅਗਾਊਂ ਜ਼ਮਾਨਤ ਵਰਗੀ ਰਾਹਤ ਮੰਗਣ ਵੇਲੇ ਇਸ ਪ੍ਰਕਿਰਿਆ ਨੂੰ ਛੱਡਿਆ ਨਹੀਂ ਜਾ ਸਕਦਾ।

ਹਾਲਾਂਕਿ, ਹਾਈਕੋਰਟ ਨੇ ਸਪੱਸ਼ਟ ਕਰ ਦਿੱਤਾ ਕਿ ਇੱਕ ਪਟੀਸ਼ਨ ਦਾਇਰ ਕਰਨ ਵਾਲਾ ਵਿਅਕਤੀ ਖ਼ੁਦ ਇਹ ਤੈਅ ਨਹੀਂ ਕਰ ਸਕਦਾ ਕਿ ਕਿਹੜੇ ਤੱਥਾਂ ਦਾ ਖੁਲਾਸਾ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਹੜਿਆਂ ਦਾ ਨਹੀਂ। ਬੈਂਚ ਨੇ ਟਿੱਪਣੀ ਕੀਤੀ, 'ਤੁਹਾਨੂੰ ਉਹ ਸਾਰੇ ਤੱਥ ਦੱਸਣ ਤੋਂ ਬਾਅਦ ਫੈਸਲਾ ਅਦਾਲਤ 'ਤੇ ਛੱਡਣਾ ਪਵੇਗਾ... ਚਾਹੇ ਉਹ ਨਕਾਰਾਤਮਕ ਹੋਵੇ ਜਾਂ ਸਕਾਰਾਤਮਕ, ਇਸ ਨੂੰ ਅਦਾਲਤ ਦੇ ਫੈਸਲੇ ਲਈ ਛੱਡ ਦਿਓ।' ਚੀਫ਼ ਜਸਟਿਸ ਨੇ ਪਟੀਸ਼ਨਕਰਤਾ ਨੂੰ ਕਿਹਾ, 'ਤੁਸੀਂ ਆਪਣੇ ਮਾਮਲੇ ਦੇ ਜੱਜ ਖ਼ੁਦ ਬਣ ਰਹੇ ਹੋ।' ਆਪਣਾ ਹੁਕਮ ਸੁਣਾਉਂਦੇ ਹੋਏ ਬੈਂਚ ਨੇ ਕਿਹਾ ਕਿ 'ਐੱਫ ਆਈ ਆਰ ਦਰਜ ਹੋਣ ਬਾਰੇ ਮਹੱਤਵਪੂਰਨ ਤੱਥ ਦਾ ਖੁਲਾਸਾ ਕੀਤਾ ਜਾਣਾ ਚਾਹੀਦਾ ਸੀ।' ਤੱਥ ਛੁਪਾਉਣ ਅਤੇ ਪਟੀਸ਼ਨ ਦੇ ਸੁਣਵਾਈਯੋਗ ਨਾ ਹੋਣ ਬਾਰੇ ਅਦਾਲਤ ਦੀਆਂ ਟਿੱਪਣੀਆਂ ਦਾ ਸਾਹਮਣਾ ਕਰਦੇ ਹੋਏ, ਬਾਜਵਾ ਨੇ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਮੰਗੀ। ਹਾਈਕੋਰਟ ਨੇ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ ਪਰ ਇਸ ਪਟੀਸ਼ਨ ਨੂੰ ਜੁਰਮਾਨੇ ਦੇ ਨਾਲ ਖਾਰਜ ਕਰ ਦਿੱਤਾ।

## ਪੰਜਾਬ ਵਿੱਚ ਅਵਾਰਾ ਕੁੱਤਿਆਂ ਲਈ 'ਨੋ-ਗੋ ਜ਼ੋਨ'

ਕੀਤੀ ਜਾਵੇਗੀ, ਇਹ ਜਾਣਕਾਰੀ ਮਾਮਲੇ ਨਾਲ ਜੁੜੇ ਅਧਿਕਾਰੀਆਂ ਨੇ ਦਿੱਤੀ ਹੈ। ਬੁਨਿਆਦੀ ਢਾਂਚੇ ਦੀਆਂ ਕਮੀਆਂ ਦਾ ਸਾਹਮਣਾ ਕਰਦੇ ਹੋਏ, ਵਿਭਾਗ ਨੇ ਸਾਰੇ 23 ਜ਼ਿਲ੍ਹਿਆਂ ਵਿੱਚ ਐਨੀਮਲ ਬਰਥ ਕੰਟਰੋਲ (ਏਬੀਸੀ) ਕੇਂਦਰ ਸਥਾਪਤ ਕਰਨ ਦਾ ਪ੍ਰਸਤਾਵ ਦਿੱਤਾ ਹੈ—ਮੌਜੂਦਾ ਸਮੇਂ ਵਿੱਚ 18 ਏਬੀਸੀ ਕੇਂਦਰ ਹਨ।

ਰਾਜ ਭਰ ਵਿੱਚ ਹਰ ਮਹੀਨੇ ਲਗਪਗ 3500 ਕੁੱਤਿਆਂ ਦੀ ਨਸਬੰਦੀ ਕੀਤੀ ਜਾਂਦੀ ਹੈ, ਜਦੋਂ ਕਿ 2025 ਵਿੱਚ ਕੁੱਤੇ ਦੇ ਕੱਟਣ ਦੇ 3.34 ਲੱਖ ਹੈਰਾਨੀਜਨਕ ਮਾਮਲੇ ਸਾਹਮਣੇ ਆਏ ਸਨ। ਚਾਲੂ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿੱਚ ਸੂਬੇ ਵਿੱਚ 1.37 ਲੱਖ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ, ਜੋ ਕਿ ਹਰ ਦਿਨ 1,100 ਤੋਂ ਵੱਧ ਘਟਨਾਵਾਂ ਦਾ ਔਸਤ ਹੈ। ਵਰਤਮਾਨ ਵਿੱਚ ਸੂਬੇ ਵਿੱਚ ਸਿਰਫ ਇੱਕ ਅਵਾਰਾ ਕੁੱਤਿਆਂ ਦੀ ਸੈਂਕਚੂਰੀ ਹੈ। ਵਿਭਾਗ ਨੇ ਕਾਫੀ ਗਿਣਤੀ ਵਿੱਚ ਕੁੱਤਿਆਂ ਦੇ ਆਸਰਾ-ਘਰ ਬਣਾਉਣ ਦਾ ਪ੍ਰਸਤਾਵ ਦਿੱਤਾ ਹੈ ਜਿੱਥੇ ਇਨ੍ਹਾਂ ਅਵਾਰਾ ਕੁੱਤਿਆਂ ਦੀ ਦੇਖਭਾਲ 'ਪ੍ਰੀਵੈਂਸ਼ਨ ਆਫ਼ ਕਰੂਅਲਟੀ ਟੂ ਐਨੀਮਲਜ਼ ਐਕਟ' ਅਤੇ 'ਏਬੀਸੀ ਰੂਲਜ਼' ਦੇ ਅਨੁਸਾਰ ਕੀਤੀ ਜਾ ਸਕੇ।

ਇੱਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਇਸ ਹਫ਼ਤੇ ਇੱਕ ਰਸਮੀ ਕਾਰਜ ਯੋਜਨਾ ਜਾਰੀ ਕੀਤੀ ਜਾਵੇਗੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣਗੇ। ਹਾਈਵੇਅ ਤੋਂ ਸ਼ੁਰੂ ਕਰਦੇ ਹੋਏ, ਸਿਵਲ ਬਾਡੀ ਦੇ ਅਧਿਕਾਰੀ ਟਰਾਂਸਪੋਰਟ ਵਿਭਾਗ, ਪੀਡਬਲਯੂਡੀ, ਨੈਸ਼ਨਲ ਹਾਈਵੇਅ ਅਥਾਰਟੀ ਅਤੇ ਪੁਲਿਸ ਨਾਲ ਤਾਲਮੇਲ ਕਰਕੇ ਪਸ਼ੂਆਂ ਅਤੇ ਹੋਰ ਅਵਾਰਾ ਜਾਨਵਰਾਂ ਨੂੰ ਸੜਕਾਂ ਤੋਂ ਹਟਾਉਣ ਲਈ ਮੁਹਿੰਮ ਚਲਾਉਣਗੇ। ਚੌਕਸੀ ਤੋਂ ਇਲਾਵਾ ਵਿਭਾਗ ਮੁਸਾਫ਼ਰਾਂ ਲਈ ਜਾਨਵਰਾਂ ਦੇ ਰੁਕਾਵਟ ਬਣਨ ਦੀ ਸੂਚਨਾ ਦੇਣ ਲਈ ਐਮਰਜੈਂਸੀ ਹੈਲਪਲਾਈਨ ਨੰਬਰ ਵਾਲੇ ਸਾਈਨ ਬੋਰਡ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਵਿਦਿਅਕ ਅਦਾਰੇ, ਹਸਪਤਾਲ, ਸਪੋਰਟਸ ਕੰਪਲੈਕਸ, ਬੱਸ ਸਟੈਂਡ, ਰੇਲਵੇ ਸਟੇਸ਼ਨ, ਪਾਰਕ, ਧਾਰਮਿਕ ਸਥਾਨ ਅਤੇ ਹਵਾਈ ਅੱਡਿਆਂ ਨੂੰ ਤਰਜੀਹੀ ਜ਼ੋਨ ਵਜੋਂ ਨਿਸ਼ਾਨਬੱਧ ਕੀਤਾ ਜਾਵੇਗਾ। ਹਰੇਕ ਵਿਭਾਗ ਵਿੱਚ ਨੋਡਲ ਅਫ਼ਸਰ ਜਾਨਵਰਾਂ ਦੇ ਦਾਖਲੇ ਨੂੰ ਰੋਕਣ, ਅੱਠ ਹਫ਼ਤਿਆਂ ਦੇ ਅੰਦਰ ਉਚਿਤ ਵਾੜ ਅਤੇ ਗੇਟਾਂ ਨਾਲ ਹੱਦਾਂ ਨੂੰ ਮਜ਼ਬੂਤ ਕਰਨ ਅਤੇ ਕੁੱਤਿਆਂ ਲਈ ਭੋਜਨ ਦੇ ਸਰੋਤਾਂ ਨੂੰ ਖਤਮ ਕਰਨ ਲਈ ਵਿਗਿਆਨਕ ਰਹਿੰਦ-ਖੂੰਹਦ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੇ।

ਵਿਭਾਗ ਇਸ ਯੋਜਨਾ ਨੂੰ ਲਾਗੂ ਕਰਨ ਲਈ ਸਾਰੇ ਡਿਪਟੀ ਕਮਿਸ਼ਨਰਾਂ, ਮਿਊਂਸਪਲ ਕਾਰਪੋਰੇਸ਼ਨਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਿਸਤ੍ਰਿਤ ਨਿਰਦੇਸ਼ ਜਾਰੀ ਕਰੇਗਾ। ਸਥਾਨਕ ਸਰਕਾਰਾਂ ਬਾਰੇ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣਗੇ।

## ਹਿਮਾਚਲ ਪੁਲਿਸ ਵੱਲੋਂ ਪੰਜਾਬ ਅਤੇ ਹਰਿਆਣਾ

ਸ਼ਮੂਲੀਅਤ ਦਾ ਖੁਲਾਸਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਹਿਲੇ ਮਾਮਲੇ ਵਿੱਚ, ਜੋ ਕਿ 18 ਮਈ, 2026 ਨੂੰ ਸੰਜੌਲੀ ਵਿੱਚ ਦਰਜ ਕੀਤਾ ਗਿਆ ਸੀ, ਪੁਲਿਸ ਨੇ ਰਵੀ ਕੁਮਾਰ ਨਾਮ ਦੇ ਇੱਕ ਵਿਅਕਤੀ ਨੂੰ 26 ਗ੍ਰਾਮ ਚਿੱਟੇ (ਹੈਰੋਇਨ) ਸਮੇਤ ਗ੍ਰਿਫ਼ਤਾਰ ਕੀਤਾ ਸੀ। ਜਾਂਚ ਦੇ ਦੌਰਾਨ, ਪੁਲਿਸ ਨੇ ਪਿਛਲੇ ਸਬੰਧਾਂ ਦਾ ਪਤਾ ਲਗਾਇਆ ਅਤੇ ਵਿੱਤੀ ਲੈਣ-ਦੇਣ ਦੇ ਨਾਲ-ਨਾਲ ਤਕਨੀਕੀ ਅਤੇ ਡਿਜੀਟਲ ਸਬੂਤਾਂ ਦੀ ਵੀ ਜਾਂਚ ਕੀਤੀ। ਐੱਸ ਐੱਸ ਪੀ ਨੇ ਦੱਸਿਆ, ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਰਵੀ, ਜੋ ਇੱਥੇ ਇੱਕ ਦੁਕਾਨ ਚਲਾਉਂਦਾ ਸੀ, ਆਪਣੇ ਗਾਹਕਾਂ ਨੂੰ ਵੱਖ-ਵੱਖ ਕਿਊ ਆਰ ਕੋਡਾਂ ਰਾਹੀਂ ਪੈਸੇ ਟਰਾਂਸਫਰ ਕਰਨ ਲਈ ਕਹਿੰਦਾ ਸੀ। ਇਸ ਤੋਂ ਬਾਅਦ ਇਹ ਪੈਸਾ ਸ਼ਵਨਦੀਪ ਨੂੰ ਟਰਾਂਸਫਰ ਕੀਤਾ ਜਾਂਦਾ ਸੀ, ਜੋ ਇੱਥੇ ਚਿੱਟੇ ਦੀ ਸਪਲਾਈ ਕਰਦਾ ਸੀ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਇੱਕ ਪੁਲਿਸ ਟੀਮ ਪੰਜਾਬ ਭੇਜੀ ਗਈ ਅਤੇ ਮੁਲਜ਼ਮ ਨੂੰ ਅੰਮ੍ਰਿਤਸਰ (ਪੰਜਾਬ) ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਹੁਣ ਉਸ ਨੂੰ ਅਗਲੇਰੀ ਕਾਰਵਾਈ ਲਈ ਸ਼ਿਮਲਾ ਲਿਆਂਦਾ ਗਿਆ ਹੈ।

ਉਨ੍ਹਾਂ ਦੱਸਿਆ, ਦੂਜੇ ਮਾਮਲੇ ਵਿੱਚ, ਜੋ ਕਿ ਉਹ ਵੀ 18 ਮਈ, 2026 ਨੂੰ ਦਰਜ ਕੀਤਾ ਗਿਆ ਸੀ, ਪੁਲਿਸ ਨੇ ਬਾਲੂਗੰਜ ਇਲਾਕੇ ਤੋਂ ਜੈ ਸਿੰਗਲਾ ਨਾਮ ਦੇ ਇੱਕ ਵਿਅਕਤੀ ਨੂੰ 14 ਗ੍ਰਾਮ ਚਿੱਟੇ ਸਮੇਤ ਗ੍ਰਿਫ਼ਤਾਰ ਕੀਤਾ ਸੀ, ਜਿਸ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਗਈ ਸੀ।

ਐੱਸ.ਐੱਸ.ਪੀ. ਨੇ ਇਹ ਵੀ ਦੱਸਿਆ ਕਿ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਨਸ਼ੀਲੇ ਪਦਾਰਥ ਦਾ ਮੁੱਖ ਸਪਲਾਇਰ ਅੰਮ੍ਰਿਤ ਪਾਲ ਸੀ, ਜੋ ਇਸ ਨੈੱਟਵਰਕ ਦੇ ਮੁੱਖ ਸਰਗਨਾ (ਕਿੰਗਪਿਨ) ਕੁਲਦੀਪ ਦੇ ਨਾਲ ਮਿਲ ਕੇ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ, ਜਾਂਚ ਦੌਰਾਨ ਇਹ ਪਾਇਆ ਗਿਆ ਕਿ ਜੈ ਸਿੰਗਲਾ ਅੰਮ੍ਰਿਤ ਪਾਲ ਦੇ ਸੰਪਰਕ ਵਿੱਚ ਸੀ, ਜਿਸ ਨੂੰ ਉਹ ਚਿੱਟੇ ਦੇ ਬਦਲੇ ਪੈਸੇ ਦਿੰਦਾ ਸੀ। ਇਸ ਤੋਂ ਬਾਅਦ ਇੱਕ ਪੁਲਿਸ ਟੀਮ ਪੰਜਾਬ ਅਤੇ ਹਰਿਆਣਾ ਭੇਜੀ ਗਈ ਅਤੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਕਾਂਗਰਸੀ ਆਗੂ ਅਲਕਾ ਲਾਂਬਾ ਮਹਿਲਾ

ਐਫ.ਆਈ.ਆਰ. ਅਤੇ ਚਾਰਜਸ਼ੀਟ ਦਾਇਰ ਕਰ ਦਿੱਤੀ ਸੀ। ਅੱਜ ਮੈਨੂੰ ਪਤਾ ਲੱਗਾ ਕਿ ਅਦਾਲਤ ਨੇ ਮੈਨੂੰ ਦੋਸ਼ੀ ਠਹਿਰਾਇਆ ਗਿਆ ਹੈ, ਇਹ ਇੱਕ ਬਹੁਤ ਵੱਡਾ ਅਪਰਾਧ ਹੈ। ਮੈਂ ਡਰਨ ਵਾਲਿਆਂ ਵਿੱਚੋਂ ਨਹੀਂ ਹਾਂ। ਤੁਸੀਂ ਮੈਨੂੰ ਜੋ ਮਰਜ਼ੀ ਸਜ਼ਾ ਦੇ ਸਕਦੇ ਹੋ। ਇਹ ਔਰਤਾਂ ਦੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ। ਇਸ ਕਾਰਨ ਪੂਰੇ ਦੇਸ਼ ਵਿੱਚ ਅਫ਼ਰਾ-ਤਫ਼ਰੀ ਮਚੀ ਹੋਈ ਹੈ ਅਤੇ ਲੋਕ ਮਦਦ ਲਈ ਗੁਹਾਰ ਲਗਾ ਰਹੇ ਹਨ, ਅਤੇ ਜੇਕਰ ਅਸੀਂ ਇਸ ਦੇ ਲਈ ਲੜਦੇ ਹਾਂ ਤਾਂ ਸਾਨੂੰ ਹੀ ਦੋਸ਼ੀ ਠਹਿਰਾ ਦਿੱਤਾ ਜਾਂਦਾ ਹੈ।

## ਪੰਜਾਬ-2027: ਕੀ ਸੱਚਮੁੱਚ ਬਣੇਗੀ

ਗੱਲ ਨਜ਼ਰ ਨਹੀਂ ਆ ਰਹੀ।

ਗੈਂਗਸਟਰਾਂ ਦੀ ਸਮੱਸਿਆ, ਨਸ਼ਿਆਂ ਦਾ ਜਾਰੀ ਸੰਕਟ, ਬੇਰੁਜ਼ਗਾਰੀ ਅਤੇ ਕਿਸਾਨਾਂ ਦੇ ਕਰਜ਼ੇ ਨੇ 'ਆਪ' ਸਰਕਾਰ ਦੀ ਅਕਸ ਨੂੰ ਧੱਕਾ ਲਾਇਆ ਹੈ। ਪੰਜਾਬ ਦਾ ਵੋਟਰ ਵਿਚਾਰਧਾਰਾ, ਉਤਸ਼ਾਹ ਜਾਂ ਵੱਡੇ ਭਾਸ਼ਣਾਂ ਲਈ ਵੋਟ ਨਹੀਂ ਪਾ ਰਿਹਾ — ਉਹ ਕੰਟਰੋਲ ਲਈ ਵੋਟ ਕਰ ਰਿਹਾ ਹੈ: ਨਸ਼ਿਆਂ ਉੱਤੇ, ਗੈਂਗਸਟਰਾਂ ਉੱਤੇ, ਉਸ ਪ੍ਰਣਾਲੀ ਉੱਤੇ ਜੋ ਸਭ ਦੇ ਹੱਥੋਂ ਨਿਕਲ ਗਈ ਜਾਪਦੀ ਹੈ। ਪਰ ਸਮੱਸਿਆ ਇਹ ਹੈ ਕਿ ਵੋਟਰਾਂ ਦੀ ਨਿਰਾਸ਼ਾ ਕਿਸੇ ਇੱਕ ਪਾਰਟੀ ਪ੍ਰਤੀ ਨਹੀਂ ਹੈ।

ਹੰਗ ਵਿਧਾਨ ਸਭਾ ਦੀ ਸੰਭਾਵਨਾ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਵਿਰੋਧੀ ਧਿਰ ਵਿੱਚ ਕੋਈ ਵੀ ਪਾਰਟੀ ਇਕੱਲੇ ਦਮ ਉੱਤੇ ਬਹੁਮਤ ਹਾਸਲ ਕਰਨ ਦੀ ਸਥਿਤੀ ਵਿੱਚ ਨਹੀਂ ਦਿਖਦੀ। ਕਾਂਗਰਸ ਪਾਰਟੀ ਹਾਲੇ ਵੀ ਅੰਦਰੂਨੀ ਕਲੇਸ਼ ਵਿੱਚ ਫਸੀ ਹੋਈ ਹੈ। ਪ੍ਰਤਾਪ ਬਾਜਵਾ ਅਤੇ ਰਾਜਾ ਵੜਿੰਗ ਵਰਗੇ ਆਗੂ ਮੁੱਖ ਮੰਤਰੀ ਦੀ ਕੁਰਸੀ ਲਈ ਖੁਦ ਨੂੰ ਤਿਆਰ ਕਰ ਰਹੇ ਹਨ, ਜੋ ਪਾਰਟੀ ਅੰਦਰ ਅੰਦਰੂਨੀ ਧੜੇਬੰਦੀ ਦਾ ਕਾਰਨ ਬਣ ਰਿਹਾ ਹੈ। ਅਸ਼ਵਨੀ ਕੁਮਾਰ ਵਰਗੇ ਸੀਨੀਅਰ ਆਗੂ ਭਾਵੇਂ ਕਾਂਗਰਸ ਦੀ ਕਾਰਗੁਜ਼ਾਰੀ ਵਧੀਆ ਹੋਣ ਦਾ ਦਾਅਵਾ ਕਰਦੇ ਹਨ, ਪਰ ਉਹ ਖ਼ੁਦ ਵੀ ਮੰਨਦੇ ਹਨ, ਕਿ ਹੰਗ ਵਿਧਾਨ ਸਭਾ ਸੰਭਵ ਹੈ।

ਅਕਾਲੀ ਦਲ ਬੇਅਦਬੀ ਕਾਂਡ ਅਤੇ ਨਸ਼ਾ ਮਾਫ਼ੀਏ ਨਾਲ ਸਾਂਝ ਦੇ ਦੋਸ਼ਾਂ ਨਾਲ ਅਜੇ ਉੱਭਰਿਆ ਨਹੀਂ। ਤਰਨ ਤਾਰਨ ਦੀ ਜ਼ਿਮਨੀ ਚੋਣ ਤੋਂ ਸੰਕੇਤ ਮਿਲਿਆ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਵਾਪਸ ਆ ਰਿਹਾ ਹੈ ਅਤੇ ਪੰਥਕ ਵੋਟਰਾਂ ਦੀ ਨਬਜ਼ ਨੂੰ ਫੜ ਰਿਹਾ ਹੈ। ਪਰ ਇਕੱਲੇ ਦਮ 'ਤੇ ਬਹੁਮਤ ਦੀ ਗੱਲ ਅਜੇ ਦੂਰ ਦੀ ਲੱਗਦੀ ਹੈ। ਉੱਪਰੋਂ ਪੁਨਰ ਸੁਰਜੀਤ ਅਕਾਲੀ ਦਲ ਭਾਵੇਂ ਸੁਰਜੀਤ ਹੋਣ ਪਹਿਲਾਂ ਹੀ ਖਿੰਡ ਗਿਆ ਹੈ, ਪਰ ਕੁਝ ਨਾ ਕੁਝ ਨੁਕਸਾਨ ਅਕਾਲੀ ਦਲ ਬਾਦਲ ਨੂੰ ਪਹੁੰਚਾ ਰਿਹਾ ਹੈ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ 18 ਫੀਸਦੀ ਵੋਟ ਸ਼ੇਅਰ ਇਸ ਦੀ ਰਣਨੀਤੀ ਦਾ ਨਤੀਜਾ ਮੰਨਿਆ ਜਾਂਦਾ ਹੈ ਅਤੇ ਪੰਜਾਬ ਵਿੱਚ ਭਾਜਪਾ ਆਪਣੀ ਸਥਿਤੀ ਹੋਰ ਮਜ਼ਬੂਤ ਕਰਨ ਲਈ ਹਮਲਾਵਰ ਤਰੀਕੇ ਨਾਲ ਅੱਗੇ ਵੱਧ ਰਹੀ ਹੈ। ਪਰ ਕਿਸਾਨ ਅੰਦੋਲਨ ਦੀ ਯਾਦ ਅਤੇ ਪੰਜਾਬ ਵਿੱਚ ਸਿੱਖ ਵੋਟਰਾਂ ਦੀ ਵੱਡੀ ਗਿਣਤੀ ਭਾਜਪਾ ਲਈ ਵੱਡੀ ਰੁਕਾਵਟ ਹੈ। ਇਸ ਕਾਰਨ ਉਸ ਨੂੰ ਪਿੰਡਾਂ ਵਿੱਚੋਂ ਕਿਸਾਨੀ ਅਤੇ ਸਿੱਖ ਵੋਟਰ ਤੋਂ ਵੱਡਾ ਹੁੰਗਾਰਾ ਨਹੀਂ ਮਿਲ ਰਿਹਾ। ਇਸੇ ਕਾਰਨ ਕਰਕੇ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਕਾਲੀ-ਭਾਜਪਾ ਗੱਠਜੋੜ ਦੀ ਵਕਾਲਤ ਕਰ ਚੁੱਕੇ ਹਨ, ਪਰ ਜ਼ਿਆਦਾਤਰ ਭਾਜਪਾ ਲੀਡਰ ਇਕੱਲਿਆਂ ਚੋਣ ਲੜਨ ਦੀ ਗੱਲ ਕਰਦੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਮੋਗੇ ਵਿਖੇ ਇਕੱਲਿਆਂ ਚੋਣ ਲੜਨ ਦਾ ਬਿਆਨ ਦੇ ਕੇ ਗਏ ਹਨ।

ਪੰਜਾਬ ਵਿੱਚ ਹੰਗ ਵਿਧਾਨ ਸਭਾ ਦੀ ਸਭ ਤੋਂ ਵੱਡੀ ਜੜ੍ਹ ਵੋਟਾਂ ਦੀ ਵੰਡ ਵਿੱਚ ਹੈ। ਜਦੋਂ ਚਾਰ-ਪੰਜ ਪਾਰਟੀਆਂ ਇੱਕੋ ਵੇਲੇ ਮੈਦਾਨ ਵਿੱਚ ਹੋਣ — 'ਆਪ', ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਹੋਰ ਨਵੀਆਂ ਤਾਕਤਾਂ ਜਿਵੇਂ ਵਾਰਿਸ ਪੰਜਾਬ ਦੇ — ਤਾਂ ਵੋਟਾਂ ਕਿਸੇ ਇੱਕ ਥਾਂ ਇਕੱਠੀਆਂ ਨਹੀਂ ਹੁੰਦੀਆਂ। ਇਹ ਚੋਣ ਜਨੂੰਨ ਜਾਂ ਵੱਡੇ ਭਾਸ਼ਣਾਂ ਨਾਲ ਨਹੀਂ, ਸਗੋਂ ਚੋਣਾਵੀ ਗਣਿਤ ਨਾਲ ਤੈਅ ਹੋਵੇਗੀ। ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਪਹਿਲਾਂ ਹੀ ਅਰਧ-ਫਾਈਨਲ ਵਜੋਂ ਦੇਖੀਆਂ ਜਾ ਰਹੀਆਂ ਹਨ।

ਪੰਜਾਬ ਵਿੱਚ ਜਾਤ, ਧਰਮ ਅਤੇ ਇਲਾਕੇ ਦਾ ਸਿਆਸਤ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ। ਮਾਝਾ, ਮਾਲਵਾ ਅਤੇ ਦੋਆਬੇ ਵਿੱਚ ਵੋਟਾਂ ਦੇ ਵੱਖ-ਵੱਖ ਰੁਝਾਨ ਕਿਸੇ ਇੱਕ ਪਾਰਟੀ ਲਈ ਸਮੁੱਚੇ ਸੂਬੇ ਵਿੱਚ ਬਹੁਮਤ ਹਾਸਲ ਕਰਨਾ ਮੁਸ਼ਕਲ ਬਣਾ ਦਿੰਦੇ ਹਨ। ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਦਾ ਹੰਗ ਵਿਧਾਨ ਸਭਾ ਬਾਰੇ ਬਿਆਨ ਮਹੱਤਵਪੂਰਨ ਇਸ ਲਈ ਹੈ, ਕਿਉਂਕਿ ਉਹ ਖੁਦ ਉਸ ਪਾਰਟੀ ਦੇ ਨੇਤਾ ਹਨ ਜੋ ਸੱਤਾ ਵਿੱਚ ਆਉਣਾ ਚਾਹੁੰਦੀ ਹੈ। ਜਦੋਂ ਆਪਣੀ ਪਾਰਟੀ ਦਾ ਸੀਨੀਅਰ ਨੇਤਾ ਇਹ ਮੰਨਦਾ ਹੈ ਕਿ ਕਿਸੇ ਨੂੰ ਬਹੁਮਤ ਨਹੀਂ ਮਿਲੇਗਾ, ਤਾਂ ਇਹ ਜ਼ਮੀਨੀ ਹਕੀਕਤ ਦੀ ਇਮਾਨਦਾਰ ਤਸਵੀਰ ਪੇਸ਼ ਕਰਦਾ ਹੈ। ਇਹ ਟਿੱਪਣੀ ਸਿਆਸੀ ਪੰਡਿਤਾਂ ਦੀ ਉਸ ਸੋਚ ਨਾਲ ਮੇਲ ਖਾਂਦੀ ਹੈ ਜੋ ਕਹਿੰਦੇ ਹਨ ਕਿ ਪੰਜਾਬ ਦੀ ਵੰਡੀ ਹੋਈ ਵੋਟ ਹੰਗ ਦਾ ਕਾਰਨ ਬਣੇਗੀ।

ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਵਾਰਿਸ ਪੰਜਾਬ ਦੇ ਪਾਰਟੀ ਵੀ ਚੋਣ ਮੈਦਾਨ ਵਿੱਚ ਉੱਤਰ ਰਹੀ ਹੈ। ਤਰਨ ਤਾਰਨ ਜ਼ਿਮਨੀ ਚੋਣ ਵਿੱਚ ਅੰਮ੍ਰਿਤਪਾਲ ਦੀ ਵਾਰਿਸ ਪੰਜਾਬ ਦੇ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰਸੁਰਜੀਤ) ਦੇ ਸਾਂਝੇ ਉਮੀਦਵਾਰ ਦਾ ਪ੍ਰਦਰਸ਼ਨ ਵੀ ਸਾਹਮਣੇ ਆਇਆ ਹੈ, ਜੋ ਦਰਸਾਉਂਦਾ ਹੈ ਕਿ ਪੰਥਕ ਵੋਟਾਂ ਕਈ ਥਾਵਾਂ ਵਿੱਚ ਵੰਡੀਆਂ ਜਾ ਸਕਦੀਆਂ ਹਨ। ਇਹ ਨਵੇਂ ਸਿਆਸੀ ਖਿਡਾਰੀ ਕਿਸੇ ਇੱਕ ਵੱਡੀ ਪਾਰਟੀ ਦੀਆਂ ਸੀਟਾਂ ਨਹੀਂ ਜਿੱਤਣਗੇ, ਪਰ ਕਈ ਸੀਟਾਂ 'ਤੇ ਵੋਟਾਂ ਵੰਡ ਕੇ ਖੇਡ ਵਿਗਾੜ ਸਕਦੇ ਹਨ।

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਿਆਸੀ ਸੰਚਾਰ ਦੇ ਤਰੀਕਿਆਂ ਵਿੱਚ ਵੱਡੇ ਬਦਲਾਅ ਦੀ ਗਵਾਹ ਬਣ ਰਹੀਆਂ ਹਨ। ਜੋ ਕੰਮ ਕਦੇ ਜਨਤਕ ਸਭਾਵਾਂ, ਜ਼ਮੀਨੀ ਭਰੋਸੇ ਅਤੇ ਲੰਮੇ ਸਮੇਂ ਦੇ ਸਬੰਧਾਂ ਨਾਲ ਹੁੰਦਾ ਸੀ, ਉਹ ਹੁਣ ਡਿਜੀਟਲ ਅਖਾੜੇ ਵਿੱਚ ਤਬਦੀਲ ਹੋ ਗਿਆ ਹੈ — ਜਿੱਥੇ ਅਕਸਰ ਸੁਹੱਪਣ, ਅਸਲ ਮੁੱਦਿਆਂ ਤੋਂ ਅੱਗੇ ਨਿਕਲ ਜਾਂਦਾ ਹੈ। ਇਸ ਡਿਜੀਟਲ ਭੀੜ ਵਿੱਚ ਵੋਟਰ ਉਲਝਿਆ ਹੋਇਆ ਹੈ ਅਤੇ ਫ਼ੈਸਲਾ ਕਰਨਾ ਔਖਾ ਹੋ ਗਿਆ ਹੈ।

ਜੇ ਸੱਚਮੁੱਚ ਹੰਗ ਵਿਧਾਨ ਸਭਾ ਬਣੀ ਤਾਂ ਕੁਝ ਅਹਿਮ ਸਵਾਲ ਉੱਠਣਗੇ: ਪਹਿਲਾ, ਗੱਠਜੋੜ ਸਰਕਾਰ ਦੀ ਸੰਭਾਵਨਾ — ਕਿਹੜੀਆਂ ਪਾਰਟੀਆਂ ਇਕੱਠੇ ਆ ਸਕਦੀਆਂ ਹਨ? ਕੀ 'ਆਪ' ਅਤੇ ਕਾਂਗਰਸ ਗੱਠਜੋੜ ਕਰ ਸਕਦੀਆਂ ਹਨ? ਜੇਕਰ ਅਕਾਲੀ ਦਲ ਅਤੇ ਭਾਜਪਾ ਵਧੀਆ ਕਾਰਗੁਜ਼ਾਰੀ ਦਿਖਾ ਗਏ ਅਤੇ ਬਹੁਮਤ ਦੇ ਨੇੜੇ ਹੋਏ ਤਾਂ ਵੀ ਗੱਠਜੋੜ ਹੋ ਸਕਦਾ ਹੈ। ਪਰ ਸੰਭਾਵਨਾ ਚੋਣਾਂ ਤੋਂ ਪਹਿਲਾਂ ਦੀ ਹੈ। ਦੂਜਾ, ਰਾਸ਼ਟਰਪਤੀ ਰਾਜ ਦਾ ਖ਼ਤਰਾ — ਜੇ ਕੋਈ ਸਰਕਾਰ ਨਾ ਬਣ ਸਕੀ, ਤਾਂ ਰਾਜਪਾਲ ਰਾਸ਼ਟਰਪਤੀ ਰਾਜ ਲਾਉਣ ਦੀ ਸਿਫ਼ਾਰਸ਼ ਕਰ ਸਕਦੇ ਹਨ। ਤੀਜਾ, ਸਿਆਸੀ ਅਸਥਿਰਤਾ - ਹੰਗ ਸਰਕਾਰ ਆਮ ਤੌਰ 'ਤੇ ਕਮਜ਼ੋਰ ਸ਼ਾਸਨ ਦਿੰਦੀ ਹੈ, ਜੋ ਪੰਜਾਬ ਵਰਗੇ ਸੰਵੇਦਨਸ਼ੀਲ ਸੂਬੇ ਲਈ ਖ਼ਤਰਨਾਕ ਹੋ ਸਕਦਾ ਹੈ।

ਪੰਜਾਬ 2027 ਦੀਆਂ ਚੋਣਾਂ ਉਸ ਸਮੇਂ ਆ ਰਹੀਆਂ ਹਨ, ਜਦੋਂ ਸੂਬੇ ਦਾ ਵੋਟਰ ਇੱਕੋ ਵੇਲੇ ਕਈ ਪਾਸਿਆਂ ਤੋਂ ਖਿੱਚਿਆ ਜਾ ਰਿਹਾ ਹੈ। ਪੰਜਾਬ ਦਾ ਵੋਟਰ ਜੋ ਕਿ ਜ਼ਬਰਦਸਤੀ ਵਸੂਲੀ, ਗੈਂਗਸਟਰਾਂ, ਨਸ਼ਿਆਂ, ਕਰਜ਼ੇ, ਪ੍ਰਵਾਸ ਅਤੇ ਵੱਧਦੀ ਕੱਟੜਤਾ ਤੋਂ ਪੀੜਤ ਹੈ, ਅਜੇ ਕਿਸੇ ਚਮਤਕਾਰ ਦੀ ਮੰਗ ਨਹੀਂ ਕਰ ਰਿਹਾ — ਉਹ ਬੱਸ ਕੁਝ ਬੁਨਿਆਦੀ ਚਾਹੁੰਦਾ ਹੈ: ਕੰਟਰੋਲ ਅਤੇ ਕੰਮ ਕਰਦਾ ਪ੍ਰਸ਼ਾਸਨ। ਅਸ਼ਵਨੀ ਕੁਮਾਰ ਦੀ ਹੰਗ ਵਿਧਾਨ ਸਭਾ ਵਾਲੀ ਗੱਲ ਸਿਰਫ਼ ਇੱਕ ਭਵਿੱਖਬਾਣੀ ਨਹੀਂ, ਸਗੋਂ ਪੰਜਾਬ ਦੀ ਸਿਆਸੀ ਹਕੀਕਤ ਦਾ ਪ੍ਰਤੀਬਿੰਬ ਹੈ। ਚਾਰ ਵੱਡੀਆਂ ਪਾਰਟੀਆਂ, ਕੁਝ ਨਵੀਆਂ ਤਾਕਤਾਂ, ਵੰਡੀ ਹੋਈ ਵੋਟ ਅਤੇ ਵੋਟਰਾਂ ਦੀ ਨਿਰਾਸ਼ਾ — ਇਹ ਸਭ ਮਿਲ ਕੇ ਇੱਕ ਅਜਿਹਾ ਸਿਆਸੀ ਮਾਹੌਲ ਬਣਾ ਰਹੇ ਹਨ, ਜਿੱਥੇ ਕਿਸੇ ਇੱਕ ਪਾਰਟੀ ਦਾ ਸਪੱਸ਼ਟ ਬਹੁਮਤ ਨਾਲ ਸੱਤਾ ਹਾਸਲ ਕਰਨਾ ਬਹੁਤ ਔਖਾ ਜਾਪਦਾ ਹੈ।

ਪੰਜਾਬ ਨੂੰ ਅੱਜ ਸਥਿਰ ਅਤੇ ਦ੍ਰਿੜ੍ਹ ਸਰਕਾਰ ਦੀ ਲੋੜ ਹੈ - ਹੰਗ ਵਿਧਾਨ ਸਭਾ ਇਸ ਲੋੜ ਦੇ ਉਲਟ ਹੋਵੇਗੀ। ਇਸ ਲਈ ਪੰਜਾਬ ਦੇ ਵੋਟਰਾਂ ਨੂੰ ਸੋਚ-ਸਮਝ ਕੇ ਅਤੇ ਸੂਬੇ ਦੇ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਵੋਟ ਪਾਉਣੀ ਚਾਹੀਦੀ ਹੈ।

## ਗੁਰਿੰਦਰਵੀਰ ਸਿੰਘ ਦੀ ਕਹਾਣੀ

# ਉਹ ਮੁੰਡਾ ਜੋ ਸ਼ੀਸ਼ੇ 'ਚ ਦੇਖਣ ਤੋਂ ਬਚਦਾ ਸੀ, ਭਾਰਤ ਦਾ ਸਭ ਤੋਂ ਤੇਜ਼ ਦੌੜਾਕ ਬਣਿਆ



ਇੱਕ ਸਮਾਂ ਸੀ ਜਦੋਂ ਗੁਰਿੰਦਰਵੀਰ ਸਿੰਘ ਨੇ ਸ਼ੀਸ਼ੇ ਵਿੱਚ ਦੇਖਣਾ ਵੀ ਬੰਦ ਕਰ ਦਿੱਤਾ ਸੀ। ਕਿਸੇ ਦੀਆਂ ਗੱਲਾਂ ਨੇ ਉਸਦਾ ਆਤਮਵਿਸ਼ਵਾਸ ਇੰਨਾ ਤੋੜ ਦਿੱਤਾ ਕਿ ਉਹ ਆਪਣੀਆਂ ਅੱਖਾਂ ਨੀਵੀਆਂ ਕਰਕੇ ਤੁਰਨ ਲੱਗ ਪਿਆ। ਇਸ ਦੌਰਾਨ, ਭਾਰਤ ਦਾ ਸਭ ਤੋਂ ਤੇਜ਼ ਦੌੜਾਕ ਬਣਨ ਦਾ ਉਸਦਾ ਸੁਪਨਾ ਉਸਨੂੰ ਆਪਣੀ ਮਨਪਸੰਦ ਪਿੰਨੀ ਅਤੇ ਰਸਮਲਾਈ ਤੋਂ ਵੀ ਦੂਰ ਰੱਖ ਰਿਹਾ ਸੀ, ਪਰ ਦਰਦ, ਤਾਅਨਿਆਂ ਅਤੇ ਸੰਘਰਸ਼ ਦੇ ਬਾਵਜੂਦ, ਗੁਰਿੰਦਰਵੀਰ ਅਡੋਲ ਰਿਹਾ।

ਹੁਣ, ਉਹੀ ਮੁੰਡਾ 10.09 ਸਕਿੰਟ ਦੇ ਧਮਾਕੇਦਾਰ ਸਮੇਂ ਨਾਲ ਭਾਰਤ ਦਾ ਸਭ ਤੋਂ ਤੇਜ਼ ਦੌੜਾਕ ਬਣ ਗਿਆ ਹੈ। ਫੈਡਰੇਸ਼ਨ ਕੱਪ ਵਿੱਚ ਰਾਸ਼ਟਰੀ ਰਿਕਾਰਡ ਤੋੜਨ ਤੋਂ ਬਾਅਦ, ਗੁਰਿੰਦਰਵੀਰ ਨੇ ਇਕ ਅੰਗਰੇਜ਼ੀ ਦੀ ਅਖ਼ਬਾਰ ਇੰਡੀਅਨ ਐਕਸਪ੍ਰੈੱਸ ਨੂੰ ਇੱਕ ਇੰਟਰਵਿਊ ਵਿੱਚ ਆਪਣੇ ਸੰਘਰਸ਼ਾਂ, ਮਾਨਸਿਕ ਲੜਾਈਆਂ, ਕੋਚ ਜੇਮਜ਼ ਹਿਲੀਅਰ ਦੇ ਸਬਕਾਂ ਅਤੇ ਵਿਸ਼ਵ ਪੱਧਰੀ ਦੌੜਾਕ ਬਣਨ ਦੇ ਆਪਣੇ ਸੁਪਨੇ ਬਾਰੇ ਖੁੱਲ੍ਹ ਕੇ ਗੱਲ ਕੀਤੀ।

23 ਮਈ, 2026 ਨੂੰ, ਗੁਰਿੰਦਰਵੀਰ ਸਿੰਘ ਨੇ ਫੈਡਰੇਸ਼ਨ ਕੱਪ ਵਿੱਚ 10.09 ਸਕਿੰਟਾਂ ਵਿੱਚ ਸ਼ਾਨਦਾਰ 100 ਮੀਟਰ ਦੌੜ ਨਾਲ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਨਵੇਂ ਰਾਸ਼ਟਰੀ ਰਿਕਾਰਡ ਦੇ ਪਿੱਛੇ ਇੱਕ ਬਹੁਤ ਹੀ ਦਿਲਚਸਪ ਕਹਾਣੀ ਹੈ।

ਉਸਨੇ ਟੂਰਨਾਮੈਂਟ ਦੇ ਪਹਿਲੇ ਦਿਨ ਹੀ ਰਾਸ਼ਟਰੀ ਰਿਕਾਰਡ ਤੋੜ ਦਿੱਤਾ, ਪਰ ਉਸਨੇ ਇਸਨੂੰ ਸਿਰਫ਼ ਪੰਜ ਮਿੰਟ ਲਈ ਹੀ ਸੰਭਾਲਿਆ, ਕਿਉਂਕਿ ਅਨੀਮੇਸ਼ ਕੁਜੂਰ ਨੇ ਤੁਰੰਤ ਇਸਨੂੰ ਪਾਰ ਕਰ ਲਿਆ।

ਬਾਅਦ ਵਿੱਚ, ਉਸਦੇ ਕੋਚ, ਜੇਮਜ਼ ਹਿਲੀਅਰ ਨੇ ਉਸਨੂੰ ਬਾਹਰੀ ਸ਼ੋਰ ਤੋਂ ਆਪਣੇ ਆਪ ਨੂੰ ਅਲੱਗ ਕਰਨ ਲਈ ਕਿਹਾ। ਇਸਦਾ ਮਤਲਬ ਸੀ ਕਿ ਕੋਈ ਸਮਾਰਟਫੋਨ ਨਹੀਂ ਅਤੇ ਕੋਈ ਸੋਸ਼ਲ ਮੀਡੀਆ ਨਹੀਂ, ਪਰ 24 ਘੰਟਿਆਂ ਦੇ ਅੰਦਰ, ਉਸਦੀ ਰਿਕਾਰਡ ਤੋੜ ਦੌੜ ਵਾਇਰਲ ਸਮੱਗਰੀ ਬਣ ਗਈ।

**ਸਵਾਲ: ਕੀ ਤੁਸੀਂ ਹੋਰ ਨੌਜਵਾਨਾਂ ਨੂੰ ਐਥਲੈਟਿਕਸ ਲੈਣ ਲਈ ਪ੍ਰੇਰਿਤ ਕਰਨ ਦੀ ਉਮੀਦ ਕਰਦੇ ਹੋ? ਖਾਸ ਕਰਕੇ ਕਿਉਂਕਿ ਪੰਜਾਬ ਉਨ੍ਹਾਂ ਰਾਜਾਂ ਵਿੱਚੋਂ ਇੱਕ ਹੈ ਜਿੱਥੇ ਨਸ਼ਿਆਂ ਦੀ ਇੱਕ ਵੱਡੀ ਸਮੱਸਿਆ ਹੈ।**

ਜਵਾਬ: ਇਹ ਅਗਲੀ ਪੀੜ੍ਹੀ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਉਨ੍ਹਾਂ ਨੂੰ ਨਹੀਂ ਜੋ ਪਹਿਲਾਂ ਹੀ ਇਸ ਵਿੱਚ ਫਸੇ ਹੋਏ ਹਨ। ਨਸ਼ੇ ਵਿੱਚ ਫਸੇ ਹੋਏ ਲੋਕ ਸ਼ਾਇਦ ਇਹ ਵੀ ਨਾ ਜਾਣ ਸਕਣ ਕਿ ਗੁਰਿੰਦਰਵੀਰ ਸਿੰਘ ਕੌਣ ਹੈ, ਰਾਂਚੀ ਕਿੱਥੇ ਹੈ, ਜਾਂ ਐਥਲੈਟਿਕਸ ਕੀ ਹੈ। ਪਰ ਮੈਨੂੰ ਲੱਗਦਾ ਹੈ ਕਿ ਇਹ ਦੌੜ ਅਗਲੀ ਪੀੜ੍ਹੀ ਨੂੰ ਸਹੀ ਰਸਤਾ ਚੁਣਨ ਵਿੱਚ ਮਦਦ ਕਰ ਸਕਦੀ ਹੈ।

**ਸਵਾਲ: ਹਾਲ ਹੀ ਦੇ ਸਾਲਾਂ ਵਿੱਚ, ਪੰਜਾਬ ਥ੍ਰੋਅਰ ਪੈਦਾ ਕਰਨ ਲਈ ਜਾਣਿਆ ਜਾਂਦਾ ਹੈ, ਜਦੋਂ ਕਿ ਇਤਿਹਾਸਕ ਤੌਰ 'ਤੇ, ਇਹ ਕੁਆਰਟਰ-ਮਾਈਲਰ (400-ਮੀਟਰ ਦੌੜਾਕ) ਪੈਦਾ ਕਰਨ ਲਈ ਮਸ਼ਹੂਰ ਸੀ। ਤੁਹਾਡੇ ਲਈ ਪੰਜਾਬ ਦਾ ਦੌੜਾਕ ਹੋਣ ਦਾ ਕੀ ਅਰਥ ਹੈ?**

ਉੱਤਰ: ਇੱਥੇ ਥ੍ਰੋਅਰ ਹੁੰਦੇ ਸਨ। 400-ਮੀਟਰ ਦੌੜਾਕ ਵੀ ਹੁੰਦੇ ਸਨ। ਲੋਕ ਜ਼ਿਆਦਾਤਰ ਥ੍ਰੋਇੰਗ ਈਵੈਂਟਾਂ ਨੂੰ ਚੁਣਦੇ ਸਨ। ਹੁਣ, ਮੈਂ 100-ਮੀਟਰ ਅਤੇ 200-ਮੀਟਰ ਦੌੜ ਚੁਣੀ ਹੈ। ਮੈਨੂੰ ਲੱਗਦਾ ਹੈ ਕਿ ਲੋਕ ਮੇਰੇ ਵੱਲ ਦੇਖਣਗੇ ਅਤੇ ਕਹਿਣਗੇ, 'ਜੇ ਉਹ ਇਹ ਕਰ ਸਕਦਾ ਹੈ, ਤਾਂ ਮੈਂ ਵੀ ਇਹ ਕਰ ਸਕਦਾ ਹਾਂ।'

**ਸਵਾਲ: ਤੁਸੀਂ ਕੱਲ੍ਹ ਤੋਂ ਕਿੰਨੀਆਂ ਰੀਲਾਂ ਦੇਖੀਆਂ ਹਨ? ਖਾਸ ਕਰਕੇ ਕਿਉਂਕਿ ਤੁਹਾਨੂੰ ਇੱਕ ਦਿਨ ਪਹਿਲਾਂ ਆਪਣੇ ਫ਼ੋਨ ਨੂੰ ਛੂਹਣ ਦੀ ਵੀ ਇਜਾਜ਼ਤ ਨਹੀਂ ਸੀ।**

ਉੱਤਰ: ਮੈਂ ਹੁਣੇ ਆਪਣੀਆਂ ਰੀਲਾਂ ਦੇਖ ਰਿਹਾ ਹਾਂ। ਹਰ ਦੂਜੀ ਜਾਂ ਤੀਜੀ ਰੀਲ ਮੇਰੇ ਬਾਰੇ ਹੈ। ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਪੂਰਾ ਦੇਸ਼ ਮੇਰੇ ਬਾਰੇ ਗੱਲ ਕਰ ਰਿਹਾ ਹੈ। ਇਹ ਅਹਿਸਾਸ ਸ਼ਾਇਦ ਪੰਜ ਦਿਨਾਂ ਲਈ ਚੰਗਾ ਲੱਗੇਗਾ, ਅਤੇ ਫਿਰ ਰੋਜ਼ਾਨਾ ਸਿਖਲਾਈ ਦਾ ਦੌਰ ਦੁਬਾਰਾ ਸ਼ੁਰੂ ਹੋਵੇਗਾ।

**ਸਵਾਲ: ਤੁਸੀਂ ਇੱਕ ਦਿਨ ਪਹਿਲਾਂ ਹੀ ਰਾਸ਼ਟਰੀ ਰਿਕਾਰਡ ਤੋੜ ਦਿੱਤਾ ਸੀ, ਪਰ ਅਨੀਮੇਸ਼ ਨੇ ਤੁਰੰਤ ਇਸਨੂੰ ਦੁਬਾਰਾ ਪ੍ਰਾਪਤ ਕਰ ਲਿਆ। ਤੁਹਾਨੂੰ ਇਸ ਬਾਰੇ ਕਿਵੇਂ ਲੱਗਿਆ?**

ਉੱਤਰ: ਮੈਂ ਅਨੀਮੇਸ਼ ਕੁਜੂਰ ਲਈ ਖੁਸ਼ ਸੀ ਅਤੇ ਆਪਣੇ ਆਪ ਨੂੰ ਤਣਾਅ ਨਹੀਂ ਦਿੱਤਾ। ਮੈਂ ਪੂਰੀ ਤਰ੍ਹਾਂ ਆਪਣੇ ਤੱਤ ਵਿੱਚ ਸੀ। ਮੈਂ ਆਪਣਾ ਸਟ੍ਰੈਚਿੰਗ ਕੀਤਾ। ਮੈਂ ਰਾਤ ਨੂੰ ਚਾਰ ਘੰਟੇ ਸੌਂਦਾ ਰਿਹਾ ਅਤੇ ਫਿਰ ਬਾਕੀ ਦਿਨ ਸੌਂਦਾ ਰਿਹਾ। ਮੈਂ ਉੱਠਿਆ, ਸਟੇਡੀਅਮ ਆਇਆ, ਅਤੇ ਰਾਸ਼ਟਰੀ ਰਿਕਾਰਡ ਤੋੜਿਆ। ਜਦੋਂ ਮੈਂ ਅੰਡਰ-16 ਵਰਗ ਵਿੱਚ ਸੀ, ਤਾਂ ਬਹੁਤ ਸਾਰੇ ਵੱਡੇ ਮੁੰਡੇ ਮੁਕਾਬਲਾ ਕਰ ਰਹੇ ਸਨ, ਅਤੇ ਮੈਂ ਉਨ੍ਹਾਂ ਤੋਂ ਡਰਦਾ ਸੀ। ਮੇਰੇ ਚਾਚਾ ਨੇ ਕਿਹਾ, "ਜੰਗਲ ਵਿੱਚ ਸਿਰਫ਼ ਇੱਕ ਸ਼ੇਰ ਹੈ, ਜਦੋਂ ਕਿ ਬਹੁਤ ਸਾਰੀਆਂ ਬੱਕਰੀਆਂ ਹਨ। ਹੁਣ ਸ਼ੇਰ ਵਾਂਗ ਖੇਡੋ।"

ਉੱਤਰ: ਇਹ ਪਹਿਲੀ ਵਾਰ ਨਹੀਂ ਹੈ ਜਦੋਂ ਤੁਸੀਂ ਰਾਸ਼ਟਰੀ ਰਿਕਾਰਡ ਤੋੜਿਆ ਹੈ। ਤੁਸੀਂ ਪਿਛਲੇ ਸਾਲ ਵੀ ਅਜਿਹਾ ਕੀਤਾ ਸੀ, ਪਰ ਉਸ ਤੋਂ ਬਾਅਦ ਤੁਹਾਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ; ਅਸਲ ਵਿੱਚ ਕੀ ਹੋਇਆ?

ਉੱਤਰ: ਕਿਸੇ ਨੇ ਮੇਰੀ ਦਿੱਖ ਬਾਰੇ ਕੁਝ ਕਿਹਾ, ਅਤੇ ਉਹ ਵੀ ਮੇਰੇ ਚਿਹਰੇ 'ਤੇ। ਪਿਛਲੇ ਸਾਲ, ਮੈਂ ਇਸ ਤੋਂ ਬਹੁਤ ਪਰੇਸ਼ਾਨ ਸੀ। ਮੈਂ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਦੇਖਣਾ ਬੰਦ ਕਰ ਦਿੱਤਾ ਸੀ। ਮੈਂ ਹਮੇਸ਼ਾ ਆਪਣੀਆਂ ਅੱਖਾਂ ਹੇਠਾਂ ਕਰਕੇ ਤੁਰਦਾ ਸੀ। ਮੈਂ ਸਿੱਧਾ ਅੱਗੇ ਦੇਖਣਾ ਬੰਦ ਕਰ ਦਿੱਤਾ ਸੀ। ਜੇ ਮੈਂ ਕਿਸੇ ਹੋਰ ਦੀਆਂ ਅੱਖਾਂ ਵਿੱਚ ਵੇਖਦਾ, ਤਾਂ ਮੈਨੂੰ ਲੱਗਦਾ ਕਿ ਉਹ ਮੇਰੇ ਬਾਰੇ ਵੀ ਇਹੀ ਸੋਚ ਰਹੇ ਸਨ। ਇਸਨੇ ਮੇਰਾ ਆਤਮਵਿਸ਼ਵਾਸ ਬੁਰੀ ਤਰ੍ਹਾਂ ਘਟਾ ਦਿੱਤਾ। ਮੈਂ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਉਹ ਸ਼ਬਦ ਕੀ ਸਨ, ਪਰ ਉਹ ਬਹੁਤ ਦਰਦਨਾਕ ਸਨ।

**ਸਵਾਲ: ਤੁਸੀਂ ਉਸ ਭਾਵਨਾ ਨੂੰ ਕਿਵੇਂ ਦੂਰ ਕੀਤਾ? ਤੁਹਾਡੀ ਕਿਸਨੇ ਮਦਦ ਕੀਤੀ?**

ਜਵਾਬ: ਇਹ ਮੈਂ ਅਤੇ ਕੋਚ ਹਿਲੀਅਰ ਸੀ। ਉਨ੍ਹਾਂ ਨੇ ਮੇਰੇ ਨਾਲ ਕੁਝ ਵਧੀਆ ਗੱਲਬਾਤ ਕੀਤੀ। ਉਨ੍ਹਾਂ ਨੇ ਮੈਨੂੰ ਬਹੁਤ ਕੁਝ ਸਿਖਾਇਆ। ਜਦੋਂ ਮੈਂ ਥੋੜ੍ਹਾ ਜਿਹਾ ਹੇਠਾਂ ਸੀ, ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੇ ਵਿੱਚ ਕੀ ਗਲਤ ਸੀ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਮੈਂ ਇੰਨੀ ਹੌਲੀ ਨਹੀਂ ਦੌੜ ਸਕਦਾ। ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਕੀ ਗਲਤ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਬਹੁਤ ਜ਼ਿਆਦਾ ਦਬਾਅ ਹੇਠ ਸੀ। ਮੈਂ ਹਲਕਾ ਮਹਿਸੂਸ ਨਹੀਂ ਕਰ ਰਿਹਾ ਸੀ।

ਉਨ੍ਹਾਂ ਨੇ ਮੈਨੂੰ ਕਿਹਾ ਕਿ ਕੋਈ ਵੀ ਮੇਰੇ ਲਈ ਖੜ੍ਹਾ ਨਹੀਂ ਹੋਵੇਗਾ। ਮੈਨੂੰ ਸ਼ੁਰੂਆਤੀ ਲਾਈਨ 'ਤੇ ਖੜ੍ਹਾ ਹੋਣਾ ਪਵੇਗਾ। ਕੋਈ ਵੀ ਮੈਨੂੰ ਪ੍ਰੇਰਿਤ ਕਰਨ ਲਈ ਨਹੀਂ ਆਵੇਗਾ। ਮੈਨੂੰ ਸ਼ੁਰੂਆਤੀ ਲਾਈਨ 'ਤੇ ਆਪਣੇ ਆਪ ਨੂੰ ਪ੍ਰੇਰਿਤ ਕਰਨਾ ਪਵੇਗਾ। ਮੈਨੂੰ ਜ਼ਿੰਦਗੀ ਵਿੱਚ ਆਪਣੇ ਆਪ ਨੂੰ ਪ੍ਰੇਰਿਤ ਕਰਨਾ ਪਵੇਗਾ। ਕੋਈ ਵੀ ਮੈਨੂੰ ਪਰੇਸ਼ਾਨ ਕਰਨ ਲਈ ਕੁਝ ਵੀ ਕਹਿ ਸਕਦਾ ਹੈ। ਤੁਹਾਨੂੰ ਆਪਣੇ ਆਪ ਨੂੰ ਮਜ਼ਬੂਤ ਬਣਾਉਣਾ ਪਵੇਗਾ। ਕੋਈ ਵੀ ਤੁਹਾਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਉਸਨੇ ਮੈਨੂੰ ਸਿਖਾਇਆ ਕਿ ਲੋਕਾਂ ਨੂੰ ਕਿਵੇਂ ਸੁਣਨਾ ਹੈ। ਉਸਨੇ ਮੈਨੂੰ ਸਿਖਾਇਆ ਕਿ ਲੋਕਾਂ ਨੂੰ ਕਿਵੇਂ ਨਜ਼ਰਅੰਦਾਜ਼ ਕਰਨਾ ਹੈ। ਜਿਵੇਂ-ਜਿਵੇਂ ਮੈਂ ਸਮਝਣ ਲੱਗਾ, ਮੈਂ ਸੁਧਾਰ ਕਰਨਾ ਸ਼ੁਰੂ ਕਰ ਦਿੱਤਾ।

**ਸਵਾਲ: ਜਦੋਂ ਤੁਸੀਂ ਹਿਲੀਅਰ ਨਾਲ ਸਿਖਲਾਈ ਸ਼ੁਰੂ ਕੀਤੀ ਸੀ, ਤਾਂ ਤੁਸੀਂ ਕਾਫ਼ੀ ਭਾਰੇ ਸੀ, ਪਰ ਹੁਣ ਤੁਹਾਡੀ ਚਰਬੀ ਦੀ ਪ੍ਰਤੀਸ਼ਤਤਾ ਘੱਟ ਗਈ ਹੈ ਅਤੇ ਤੁਸੀਂ ਬਹੁਤ ਪਤਲੇ ਦਿਖਾਈ ਦਿੰਦੇ ਹੋ। ਇਸ ਲਈ ਤੁਹਾਨੂੰ ਕਿਹੜੀਆਂ ਕੁਰਬਾਨੀਆਂ ਕਰਨੀਆਂ ਪਈਆਂ?**

ਉੱਤਰ: ਮੈਂ ਸਭ ਕੁਝ ਛੱਡ ਦਿੱਤਾ ਹੈ। ਮੈਂ ਲੰਬੇ ਸਮੇਂ ਤੋਂ ਕੁਝ ਨਹੀਂ ਖਾ ਧਾ। ਗਰਮੀਆਂ ਸ਼ੁਰੂ ਹੋ ਗਈਆਂ ਹਨ। ਮੇਰਾ ਪਰਿਵਾਰ ਪਿੰਨੀ ਅਤੇ ਰਸਮਲਾਈ ਖਾ ਰਿਹਾ ਹੈ। ਮੈਨੂੰ ਪਿੰਨੀ ਅਤੇ ਖੋਆ ਬਹੁਤ ਪਸੰਦ ਹੈ। ਜਦੋਂ ਮੈਂ ਉਨ੍ਹਾਂ ਨੂੰ ਦੇਖਦਾ ਹਾਂ, ਤਾਂ ਮੇਰਾ ਉਨ੍ਹਾਂ ਨੂੰ ਖਾਣ ਨੂੰ ਜੀਅ ਕਰਦਾ ਹੈ, ਪਰ ਵਿਸ਼ਵ ਪੱਧਰੀ ਦੌੜਾਕ ਬਣਨ ਦੇ ਮੇਰੇ ਸੁਪਨੇ ਕਾਰਨ, ਮੈਂ ਅਜਿਹਾ ਨਹੀਂ ਕਰ ਸਕਦਾ।

**ਸਵਾਲ: ਇੱਕ ਐਥਲੀਟ ਲਈ, ਜੁੱਤੇ ਉਨ੍ਹਾਂ ਦੇ ਸਭ ਤੋਂ ਚੰਗੇ ਦੋਸਤ ਵਾਂਗ ਹੁੰਦੇ ਹਨ। ਤੁਹਾਡੇ ਜੁੱਤੀਆਂ ਨਾਲ ਤੁਹਾਡਾ ਕੀ ਸਬੰਧ ਹੈ?**

ਉੱਤਰ: ਮੈਂ ਸਟ੍ਰੇਂਜਰ ਅਤੇ ਸਪਾਰਟਨ ਸਪਾਈਕਸ ਪਹਿਨਦਾ ਸੀ। ਉਹ ਚਮੜੇ ਦੇ ਬਣੇ ਹੁੰਦੇ ਸਨ। ਫਿਰ ਮੇਰੇ ਪਹਿਲੇ ਸਪਾਈਕਸ ਨਿਊਜ਼ੀਲੈਂਡ ਤੋਂ ਆਉਂਦੇ ਸਨ। ਮੈਂ ਉਨ੍ਹਾਂ ਨੂੰ ਮੇਜ਼ 'ਤੇ ਰੱਖਦਾ ਸੀ। ਜਦੋਂ ਤੱਕ ਮੈਂ ਦੌੜ ਨਹੀਂ ਰਿਹਾ ਹੁੰਦਾ, ਮੈਂ ਉਨ੍ਹਾਂ ਨੂੰ ਜ਼ਮੀਨ ਨੂੰ ਛੂਹਣ ਵੀ ਨਹੀਂ ਦਿੰਦਾ ਸੀ। ਮੈਨੂੰ ਨਵੇਂ ਤੇ ਰੰਗੀਨ ਜੁੱਤੇ ਖਰੀਦਣਾ ਪਸੰਦ ਹੈ। ਇਸ ਸਮੇਂ, ਮੇਰੇ ਕੋਲ ਨਾਈਕੀ ਮੈਕਸ ਫਲਾਈ 2 ਹੈ।

**ਸਵਾਲ: ਭਾਰਤ ਦੇ ਸਭ ਤੋਂ ਤੇਜ਼ ਦੌੜਾਕ ਲਈ ਅੱਗੇ ਕੀ ਹੈ?**

ਜਵਾਬ: ਕੁਝ ਨਹੀਂ। ਬਸ ਵਾਪਸ ਆਓ, ਖਾਓ, ਕਸਰਤ ਕਰੋ, ਟ੍ਰੇਨ ਕਰੋ, ਅਤੇ ਦੁਹਰਾਓ।

ਭਾਰਤੀ ਦੌੜਾਕ ਗੁਰਿੰਦਰਵੀਰ ਸਿੰਘ ਨੇ ਰਾਂਚੀ ਵਿੱਚ ਫੈਡਰੇਸ਼ਨ ਕੱਪ ਵਿੱਚ ਇਤਿਹਾਸ ਰਚਿਆ। ਉਸਨੇ ਭਾਰਤ ਦਾ 100 ਮੀਟਰ ਸਪ੍ਰਿੰਟ ਰਿਕਾਰਡ ਕਾਇਮ ਕੀਤਾ। ਉਹ ਉਸੈਨ ਬੋਲਟ ਦੁਆਰਾ ਬਣਾਏ ਗਏ ਵਿਸ਼ਵ ਰਿਕਾਰਡ ਤੋਂ ਸਿਰਫ਼ 0.51 ਸਕਿੰਟ ਘੱਟ ਡਿੱਗ ਪਿਆ।

# 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਪੰਜਾਬ 'ਚ ਹਾਈ-ਰਿਸਕ ਡਲਿਵਰੀ ਤੇ ਨਵਜਾਤ ਸ਼ਿਸ਼ੂ ਸੰਭਾਲ ਨੂੰ ਮਿਲਿਆ ਵੱਡਾ ਸਹਾਰਾ

ਚੰਡੀਗੜ੍ਹ, 25 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਸਰਕਾਰ ਦੀ "ਮੁੱਖ ਮੰਤਰੀ ਸਿਹਤ ਯੋਜਨਾ" ਰਾਹੀਂ ਹਾਈ-ਰਿਸਕ ਗਰਭਾਵਸਥਾ ਤੇ ਨਵਜਾਤ ਸ਼ਿਸੂ ਸਿਹਤ ਸੇਵਾਵਾਂ ਨੂੰ ਖਾਸ ਤੌਰ 'ਤੇ ਮਜਬੂਤੀ ਮਿਲ ਰਹੀ ਹੈ। ਇਹ ਯੋਜਨਾ ਜਟਿਲ ਪ੍ਰਸਵ ਤੇ ਗੰਭੀਰ ਤੌਰ 'ਤੇ ਬੀਮਾਰ ਨਵਜਾਤ ਸ਼ਿਸੂਆਂ ਦੇ ਇਲਾਜ ਨੂੰ ਪਰਿਵਾਰਾਂ ਲਈ ਬਿਨਾਂ ਕਿਸੇ ਆਰਥਿਕ ਬੋਝ ਦੇ ਆਸਾਨ ਬਣਾ ਰਹੀ ਹੈ। ਭਾਰਤ ਦੇ ਰਾਸਟਰੀ ਪਰਿਵਾਰ ਸਿਹਤ ਸਰਵੇਖਣ (ਨੇਸਨਲ ਫੈਮਿਲੀ ਹੈਲਥ ਸਰਵੇ-5) 'ਤੇ ਆਧਾਰਿਤ ਇੱਕ ਮਹੱਤਵਪੂਰਨ ਅਧਿਐਨ ਅਨੁਸਾਰ, ਦੇਸ ਵਿੱਚ ਲਗਭਗ ਹਰ ਦੋ ਵਿੱਚੋਂ ਇੱਕ ਗਰਭਾਵਸਥਾ ਹਾਈ-ਰਿਸਕ ਸ੍ਰੇਣੀ ਵਿੱਚ ਆਉਂਦੀ ਹੈ। ਕਾਰਕ ਜਿਵੇਂ ਕਿ ਸਿੱਖਿਆ ਦੀ ਘਾਟ, ਗਰੀਬੀ, ਦੋ ਗਰਭਾਂ ਦੇ ਵਿਚਕਾਰ ਘੱਟ ਅੰਤਰਾਲ, ਪਿਛਲੀਆਂ ਪ੍ਰਸਵ ਜਟਿਲਤਾਵਾਂ ਅਤੇ ਪਹਿਲਾਂ ਹੋਈਆਂ ਸਿਜੇਰੀਅਨ ਡਿਲਿਵਰੀਆਂ ਮਾਂ ਅਤੇ ਬੱਚੇ ਦੋਵਾਂ ਲਈ ਜੋਖਮ ਪੈਦਾ ਕਰਦੀਆਂ ਹਨ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਸਮਾਜਿਕ ਤੇ ਆਰਥਿਕ ਤੌਰ 'ਤੇ ਕਮਜੋਰ ਵਰਗਾਂ ਦੀਆਂ ਮਹਿਲਾਵਾਂ ਸਭ ਤੋਂ ਵੱਧ ਜੋਖਮ ਦਾ ਸਾਹਮਣਾ ਕਰਦੀਆਂ ਹਨ, ਜਿਸ ਨਾਲ ਮਾਤਰਤਵ ਸਿਹਤ ਸੇਵਾਵਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਨੂੰ ਹੋਰ ਮਜਬੂਤ ਕਰਨ ਦੀ ਲੋੜ ਸਪੱਸਟ ਹੁੰਦੀ ਹੈ। ਸਿਹਤ-ਕਾਰਡ ਉਨ੍ਹਾਂ ਮਹਿਲਾਵਾਂ ਲਈ ਇੱਕ ਮਹੱਤਵਪੂਰਨ ਸਹਾਰਾ ਬਣ ਕੇ ਉੱਭਰਿਆ ਹੈ, ਜਿਨ੍ਹਾਂ ਨੂੰ ਪ੍ਰਸਵ ਦੌਰਾਨ ਲੰਬੇ ਸਮੇਂ ਤੱਕ ਦਰਦ, ਸਿਹਤ ਸਮੱਸਿਆਵਾਂ, ਭਰੂਣ ਦੀ ਅਸਵਸਥ ਸਥਿਤੀ ਜਾਂ ਪਹਿਲਾਂ ਹੋਈ ਸਿਜੇਰੀਅਨ ਡਿਲਿਵਰੀ ਕਾਰਨ ਆਪਰੇਸਨ ਸਬੰਧੀ ਇਲਾਜ ਦੀ ਲੋੜ ਪੈਂਦੀ ਹੈ। ਰਾਜ ਸਿਹਤ ਏਜੰਸੀ ਤੋਂ ਪ੍ਰਾਪਤ ਅਧਿਕਾਰਕ ਅੰਕੜਿਆਂ ਅਨੁਸਾਰ 25 ਮਈ, 2026 ਤੱਕ ਯੋਜਨਾ ਦੇ ਤਹਿਤ ਮਾਤਰਤਵ ਤੇ ਨਵਜਾਤ ਸੰਭਾਲ ਦੇ ਕੁੱਲ 7,300 ਮਾਮਲਿਆਂ ਵਿੱਚ ਇਲਾਜ ਪ੍ਰਦਾਨ ਕੀਤਾ ਗਿਆ, ਜਿਸ 'ਤੇ ਲਗਭਗ 7.04 ਕਰੋੜ ਰੁਪਏ ਦਾ ਖਰਚ ਹੋਇਆ। ਇਨ੍ਹਾਂ ਵਿੱਚ 5,300 ਹਾਈ-ਰਿਸਕ ਸਿਜੇਰੀਅਨ ਡਿਲਿਵਰੀਆਂ ਸਾਮਲ ਹਨ, ਜਿਨ੍ਹਾਂ 'ਤੇ 6.37 ਕਰੋੜ ਰੁਪਏ ਖਰਚ ਕੀਤੇ ਗਏ। ਇਹ ਅੰਕੜੇ ਪੰਜਾਬ ਵਿੱਚ ਉੱਚ ਜੋਖਮ ਵਾਲੀ ਗਰਭਾਵਸਥਾ ਤੇ ਐਮਰਜੈਂਸੀ ਪ੍ਰਸੂਤੀ ਸੇਵਾਵਾਂ ਵਿੱਚ ਯੋਜਨਾ ਦੀ ਵਧਦੀ ਭੂਮਿਕਾ ਨੂੰ ਦਰਸਾਉਂਦੇ ਹਨ।

ਪਟਿਆਲਾ ਦੀ 28 ਸਾਲਾ ਲਾਭਪਾਤਰੀ ਦੀਪਿਕਾ, ਜਿਸਨੂੰ ਗਰਭਾਵਸਥਾ ਦੌਰਾਨ ਅਨੀਮੀਆ ਸਮੇਤ ਕਈ ਜਟਿਲਤਾਵਾਂ ਦਾ ਸਾਹਮਣਾ ਕਰਨਾ ਪਿਆ, ਨੇ ਆਪਣਾ ਵਿਅਕਤੀਗਤ ਅਨੁਭਵ ਸਾਂਝਾ ਕਰਦਿਆਂ ਦੱਸਿਆ ਕਿ ਉਸ ਦਾ ਸਿਜੇਰੀਅਨ ਆਪਰੇਸਨ ਸਿਹਤ-ਕਾਰਡ ਦੇ ਤਹਿਤ ਪੂਰੀ ਤਰ੍ਹਾਂ ਕੈਸਲੈੱਸ ਹੋਇਆ। ਉਸਦੇ ਪਤੀ ਮਨੋਜ ਨੇ ਕਿਹਾ ਕਿ ਪੂਰਾ ਇਲਾਜ ਬਿਨਾਂ ਕਿਸੇ ਆਰਥਿਕ ਬੋਝ ਦੇ ਸੁਚਾਰੂ ਤਰੀਕੇ ਨਾਲ ਹੋਇਆ, ਜੋ ਉਨ੍ਹਾਂ ਲਈ ਰਾਹਤ ਦੀ ਗੱਲ ਹੈ। ਇਸੇ ਤਰ੍ਹਾਂ 31 ਸਾਲਾ ਦੀਕਸਾ ਸੋਨਕਰ ਨੇ ਆਪਣੇ ਤੀਜੇ ਬੱਚੇ ਦੇ ਜਨਮ ਦੌਰਾਨ "ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ" ਮੈਡੀਕਲ ਕਾਲਜ ਹਸਪਤਾਲ ਵਿੱਚ ਸਮੇਂ ਸਿਰ ਮਾਤਰਤਵ ਅਤੇ ਨਵਜਾਤ ਸੰਭਾਲ ਪ੍ਰਾਪਤ ਕੀਤੀ, ਜੋ ਯੋਜਨਾ ਤਹਿਤ ਪੂਰੀ ਤਰ੍ਹਾਂ ਕੈਸਲੈੱਸ ਰਿਹਾ। ਉਸ ਦੇ ਪਤੀ ਵਿਕਾਸ ਸੋਨਕਰ ਨੇ ਕਿਹਾ, "ਸਾਡੇ ਪਹਿਲਾਂ ਹੀ ਦੋ ਧੀਆਂ ਹਨ ਅਤੇ ਅਸੀਂ ਚਿੰਤਤ ਸੀ ਕਿ ਤੀਜੀ ਡਿਲਿਵਰੀ ਵਿੱਚ ਕੋਈ ਜਟਿਲਤਾ ਨਾ ਆ ਜਾਵੇ।"

ਵਿਕਾਸ ਸੋਨਕਰ ਨੇ ਅੱਗੇ ਕਿਹਾ ਕਿ ਜਦੋਂ ਵੀ ਘਰ ਵਿੱਚ ਕੋਈ ਹਸਪਤਾਲ ਜਾਣ ਦੀ ਸਥਿਤੀ ਬਣਦੀ ਹੈ ਤਾਂ ਆਰਥਿਕ ਤਣਾਅ ਵਧ ਜਾਂਦਾ ਹੈ। ਵਿਕਾਸ ਜੋ ਕਿ ਇੱਕ ਦਿਹਾੜੀਦਾਰ ਹਨ,ਦੱਸਦੇ ਹਨ ਕਿ ਐਸੇ ਸਮੇਂ ਵਿੱਚ ਸਾਨੂੰ ਵਿਆਜ 'ਤੇ ਪੈਸੇ ਉਧਾਰ ਲੈਣੇ ਪੈਂਦੇ ਹਨ, ਜੋ ਇਸ ਕਠੋਰ ਹਕੀਕਤ ਨੂੰ ਦਰਸਾਉਂਦਾ ਹੈ ਕਿ ਸਿਹਤ ਸੇਵਾਵਾਂ ਦਾ ਖਰਚ ਚੁਕਾਉਣ ਲਈ ਘੱਟ ਆਮਦਨ ਵਰਗ ਦੇ ਮਜਦੂਰਾਂ ਨੂੰ ਕਿਸ ਤਰ੍ਹਾਂ ਸੰਘਰਸ ਕਰਨਾ ਪੈਂਦਾ ਹੈ। ਉਨ੍ਹਾਂ ਨੇ ਕਿਹਾ, "ਪਰ ਸਿਹਤ-ਕਾਰਡ ਨੇ ਇਸ ਵਾਰ ਵੱਡੀ ਰਾਹਤ ਦਿੱਤੀ।" ਮਾਤਰਤਵ ਸੇਵਾਵਾਂ ਦੇ ਨਾਲ ਇਹ ਯੋਜਨਾ ਗੰਭੀਰ ਤੌਰ 'ਤੇ ਬੀਮਾਰ ਤੇ ਸਮੇਂ ਤੋਂ ਪਹਿਲਾਂ ਜਨਮੇ ਨਵਜਾਤ ਸ਼ਿਸੂਆਂ ਲਈ ਵਿਸੇਸ ਇਲਾਜ ਸਹਾਇਤਾ ਵੀ ਪ੍ਰਦਾਨ ਕਰ ਰਹੀ ਹੈ।

ਰਾਜ ਸਿਹਤ ਏਜੰਸੀ, ਪੰਜਾਬ ਦੇ ਅਧਿਕਾਰਕ ਅੰਕੜਿਆਂ ਅਨੁਸਾਰ, ਯੋਜਨਾ ਤਹਿਤ ਵੱਖ-ਵੱਖ ਪੈਕੇਜਾਂ ਵਿੱਚ ਕੁੱਲ 2,094 ਨਵਜਾਤ ਸ਼ਿਸੂਆਂ ਦਾ ਇਲਾਜ ਕੀਤਾ ਗਿਆ। ਬੇਸਿਕ ਨਿਓਨੇਟਲ ਕੇਅਰ, ਜੋ ਉਨ੍ਹਾਂ ਸ਼ਿਸੂਆਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ਜਿਨ੍ਹਾਂ ਦਾ ਇਲਾਜ ਉਨ੍ਹਾਂ ਦੀਆਂ ਮਾਤਾਵਾਂ ਦੇ ਨਾਲ-ਨਾਲ ਕੀਤਾ ਜਾਂਦਾ ਹੈ, ਦੇ ਅਧੀਨ 881 ਨਵਜਾਤਾਂ ਦਾ ਇਲਾਜ ਕੀਤਾ ਗਿਆ, ਜਿਸ 'ਤੇ 5.82 ਲੱਖ ਰੁਪਏ ਖਰਚ ਹੋਏ। ਇਸੇ ਤਰ੍ਹਾਂ ਅਲਪ ਅਵਧੀ ਦੇ ਇੰਟੈਂਸਿਵ ਕੇਅਰ ਯੂਨਿਟ (ਆਈਸੀਯੂ) ਇਲਾਜ ਦੀ ਲੋੜ ਵਾਲੇ 777 ਨਵਜਾਤਾਂ ਨੂੰ ਸਪੈਸਲ ਨਿਓਨੇਟਲ ਕੇਅਰ ਪੈਕੇਜ ਤਹਿਤ ਲਾਭ ਮਿਲਿਆ, ਜਿਸ 'ਤੇ 28.27 ਲੱਖ ਦਾ ਖਰਚ ਹੋਇਆ। ਇੰਟੈਂਸਿਵ ਨਿਓਨੇਟਲ ਕੇਅਰ ਪੈਕੇਜ ਦੇ ਅਧੀਨ 207 ਨਵਜਾਤਾਂ ਨੂੰ ਕੰਟੀਨਿਊਅਸ ਪੌਜ਼ੀਟਿਵ ਏਅਰਵੇ ਪ੍ਰੈਸਰ (ਸੀਪੀਏਪੀ) ਸਹਾਇਤਾ, 24 ਘੰਟਿਆਂ ਤੋਂ ਘੱਟ ਵੈਂਟੀਲੇਸਨ ਅਤੇ ਨਵਜਾਤ ਸੰਕਰਮਣ ਵਰਗੀਆਂ ਗੰਭੀਰ ਸਥਿਤੀਆਂ ਦੇ ਇਲਾਜ ਲਈ ਸਹਾਇਤਾ ਦਿੱਤੀ ਗਈ, ਜਿਸ 'ਤੇ 15.65 ਲੱਖ ਰੁਪਏ ਦਾ ਖਰਚ ਕੀਤਾ ਗਿਆ। ਅਧਿਕਾਰਕ ਅੰਕੜਿਆਂ ਅਨੁਸਾਰ, 1,200 ਤੋਂ 1,499 ਗ੍ਰਾਮ ਵਜਨ ਵਾਲੇ ਜਾਂ ਲੰਬੇ ਸਮੇਂ ਤੱਕ ਵੈਂਟੀਲੇਟਰ ਸਹਾਇਤਾ ਦੀ ਲੋੜ ਵਾਲੇ 116 ਬਹੁਤ ਹੀ ਸੰਵੇਦਨਸੀਲ ਨਵਜਾਤਾਂ ਨੂੰ ਐਡਵਾਂਸਡ ਨਿਓਨੇਟਲ ਕੇਅਰ ਪ੍ਰਦਾਨ ਕੀਤੀ ਗਈ, ਜਿਸ 'ਤੇ 9.30 ਲੱਖ ਰੁਪਏ ਖਰਚ ਹੋਏ।

ਇਸ ਤੋਂ ਇਲਾਵਾ, ਸਮੇਂ ਤੋਂ ਪਹਿਲਾਂ ਜਨਮ, ਬਹੁ-ਅੰਗ ਜਟਿਲਤਾਵਾਂ ਜਾਂ ਗੰਭੀਰ ਚਿਕਿਤਸਕ ਅਸਥਿਰਤਾ ਨਾਲ ਜੂਝ ਰਹੇ 64 ਨਵਜਾਤਾਂ ਨੂੰ ਕ੍ਰਿਟੀਕਲ ਨਿਓਨੇਟਲ ਕੇਅਰ ਉਪਲੱਬਧ ਕਰਵਾਈ ਗਈ, ਜਿਸ 'ਤੇ 7.88 ਲੱਖ ਰੁਪਏ ਖਰਚ ਹੋਏ। ਇਸ ਦੇ ਨਾਲ ਹੀ 18 ਨਵਜਾਤਾਂ ਨੂੰ ਲੰਬੇ ਸਮੇਂ ਦੀ ਕ੍ਰੋਨਿਕ ਨਿਓਨੇਟਲ ਕੇਅਰ ਸਹਾਇਤਾ ਵੀ ਪ੍ਰਦਾਨ ਕੀਤੀ ਗਈ। ਇਸ ਤੋਂ ਇਲਾਵਾ, ਦੀਰਘਕਾਲੀਨ ਨਵਜਾਤ ਦੇਖਭਾਲ ਤਹਿਤ 17 ਸੂਬਿਆਂ ਨੂੰ ਸਾਮਲ ਕੀਤਾ ਗਿਆ, ਜਿਨ੍ਹਾਂ ਨੂੰ ਬ੍ਰੋਂਕੋਪਲਮੋਨਰੀ ਡਿਸਪਲੇਸੀਆ ਅਤੇ ਨੇਕਰੋਟਾਈਜ਼ਿੰਗ ਐਂਟਰੋਕੋਲਾਈਟਿਸ ਵਰਗੀਆਂ ਗੰਭੀਰ ਸਥਿਤੀਆਂ ਲਈ ਲੰਬੇ ਸਮੇਂ ਤੱਕ ਇਲਾਜ ਦੀ ਲੋੜ ਪਈ, ਜਿਸ ਦੀ ਲਾਗਤ 56 ਹਜਾਰ ਰੁਪਏ ਰਹੀ। "ਮੁੱਖ ਮੰਤਰੀ ਸਿਹਤ ਯੋਜਨਾ" ਹੁਣ ਪੰਜਾਬ ਦੇ ਪਰਿਵਾਰਾਂ ਲਈ ਇੱਕ ਵੱਡਾ ਸਿਹਤ ਸੁਰੱਖਿਆ ਕਵਚ ਬਣ ਰਹੀ ਹੈ ਤੇ ਹੁਣ ਤੱਕ ਇਸ ਤਹਿਤ ਲਗਭਗ 44.8 ਲੱਖ ਰਜਿਸਟ੍ਰੇਸਨਾਂ ਹੋ ਚੁੱਕੀਆਂ ਹਨ।

# ਮਸਲਾ 4161 ਮਾਸਟਰ ਕਾਡਰ ਅਧਿਆਪਕਾਂ 'ਚੋਂ 253 ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚੋਂ ਬਾਹਰ ਤੋਰਨ ਦਾ

ਚੰਡੀਗੜ੍ਹ, 25 ਮਈ (ਚ.ਨ.ਸ.): ਹਰ ਤਰਾਂ ਦੀਆਂ ਵਿਭਾਗੀ ਸ਼ਰਤਾਂ ਪੂਰੀਆਂ ਕਰਕੇ ਸਿੱਖਿਆ ਵਿਭਾਗ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਇਮਾਨਦਾਰੀ ਨਾਲ ਰੈਗੂਲਰ ਸੇਵਾਵਾਂ ਨਿਭਾਅ ਰਹੇ 4161 ਮਾਸਟਰ ਕਾਡਰ ਅਧਿਆਪਕਾਂ ਵਿੱਚੋਂ 253 ਅਧਿਆਪਕਾਂ ਨੂੰ ਟਰਮੀਨੇਸ਼ਨ ਸਬੰਧੀ ਸ਼ੋਕਾਜ ਨੋਟਿਸ ਦੇਣ ਦੇ ਖਿਲਾਫ਼ ਪੀੜਤ ਅਧਿਆਪਕਾਂ ਅਤੇ ਵੱਖ-ਵੱਖ ਭਰਾਤਰੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਵਿਧਾਨ ਸਭਾ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਟਰਮੀਨੇਸ਼ਨ ਸੰਬੰਧੀ ਸ਼ੋਕਾਜ ਨੋਟਿਸਾਂ ਨੂੰ ਰੱਦ ਕਰਨ ਲਈ ਮੰਗ ਪੱਤਰ ਭੇਜਿਆ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੂਬਾ ਆਗੂ ਬਲਕਾਰ ਸਿੰਘ ਮਘਾਣੀਆ ਅਤੇ ਮੈਡਮ ਹਰਵਿੰਦਰ ਕੌਰ ਨੇ ਦੱਸਿਆ ਕਿ 4161 ਮਾਸਟਰ ਕਾਡਰ ਭਰਤੀ ਦੀ ਪ੍ਰੀਖਿਆ ਅਗਸਤ 2022 ਵਿੱਚ ਲਈ ਗਈ ਸੀ ਜਿਸ ਦਾ ਨਤੀਜਾ ਦਸੰਬਰ 2022 ਨੂੰ ਜਨਤਕ ਕਰ ਦਿੱਤਾ ਗਿਆ ਸੀ ਅਤੇ ਜਨਵਰੀ 2023 ਵਿੱਚ ਸਿਲੈਕਸ਼ਨ ਲਿਸਟ ਅਨੁਸਾਰ ਅਧਿਆਪਕਾਂ ਨੂੰ ਆਫਰ ਲੈਟਰ ਦਿੱਤੇ ਗਏ। ਪਰ ਉੱਤਰਕੁੰਜੀ ਵਿੱਚ ਕੁਝ ਤਰੁੱਟੀਆਂ ਹੋਣ ਕਾਰਨ ਇਹ ਮਸਲਾ ਮਾਣਯੋਗ ਹਾਈਕੋਰਟ ਵਿੱਚ ਚਲਾ ਗਿਆ ਅਤੇ ਕੋਰਟ ਦੇ ਅਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਦੇ ਮਾਹਿਰ ਪ੍ਰੋਫੈਸਰ ਸਹਿਬਾਨਾਂ ਦੀ ਸਾਂਝੀ ਕਮੇਟੀ ਬਣਾ ਕੇ ਉੱਤਰਕੁੰਜੀ ਦੀਆਂ ਤਰੁੱਟੀਆਂ ਵਿਚਾਰਨ ਲਈ ਅਦੇਸ਼ ਦਿੱਤਾ ਗਿਆ ।ਨਤੀਜੇ ਵਜੋਂ ਦੁਆਰਾ ਸਹੀ ਉੱਤਰਕੁੰਜੀ ਬਣਾਈ ਗਈ। ਮਾਣਯੋਗ ਹਾਈਕੋਰਟ ਦੇ ਅਦੇਸ਼ਾਂ ਅਨੁਸਾਰ ਸੋਧੀ ਹੋਈ ਉੱਤਰਕੁੰਜੀ ਅਨੁਸਾਰ ਦੁਆਰਾ ਦੂਸਰੀ ਸਿਲੈਕਸ਼ਨ ਲਿਸਟ ਬਣਾਈ ਗਈ। ਜਿਸ ਨਾਲ ਜਿੰਨ੍ਹਾਂ ਅਧਿਆਪਕਾਂ ਦਾ ਪਹਿਲੀ ਸਿਲੈਕਸ਼ਨ ਲਿਸਟ ਅਨੁਸਾਰ ਨੰਬਰ ਆਉਂਦਾ ਸੀ ਉਹ ਹੁਣ ਬਾਹਰ ਹੋ ਗਏ ਤੇ ਉਹਨਾਂ ਦੀ ਥਾਂ ਦੂਜੀ ਸਹੀ ਸਿਲੈਕਸ਼ਨ ਲਿਸਟ ਅਨੁਸਾਰ ਵਧੇ ਨੰਬਰਾਂ ਵਾਲੇ ਸਿਲੈਕਸ਼ਨ ਲਿਸਟ ਵਿੱਚ ਆ ਗਏ ।

ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਸੋਧੀ ਹੋਈ ਦੂਸਰੀ ਸਿਲੈਕਸ਼ਨ ਲਿਸਟ ਅਨੁਸਾਰ ਸਾਰੇ ਅਧਿਆਪਕਾਂ ਨੂੰ 8 ਮਈ 2023 ਨੂੰ ਜੁਆਇਨਿੰਗ ਲੈਟਰ ਦੇਕੇ 9 ਮਈ 2023 ਨੂੰ ਜੁਆਇਨ ਕਰਵਾ ਲਿਆ ਗਿਆ। ਇਹ ਅਧਿਆਪਕ ਪਿਛਲੇ 3 ਸਾਲਾਂ ਤੋਂ ਆਪਣੀ ਡਿਊਟੀ ਪੰਜਾਬ ਦੇ ਵੱਖ ਵੱਖ ਸਕੂਲਾਂ ਵਿੱਚ ਨਿਭਾਅ ਰਹੇ ਹਨ। ਪਰ ਨੰਬਰ ਘੱਟ ਜਾਣ ਕਾਰਨ ਪਹਿਲੀ ਲਿਸਟ ਵਿੱਚੋਂ ਬਾਹਰ ਹੋਏ ਅਧਿਆਪਕਾਂ ਨੇ ਵੀ ਕੋਰਟ ਰਾਹੀਂ ਨਵੰਬਰ 2025 ਵਿੱਚ ਆਪਣੀ ਡਿਊਟੀ ਜੁਆਇਨ ਕਰ ਲਈ।

ਪਰ 6 ਮਈ 2026 ਨੂੰ ਸਿੱਖਿਆ ਵਿਭਾਗ ਵੱਲੋਂ ਤਿੰਨ ਸਾਲ ਬਾਅਦ ਲਗਭਗ 253 ਦੇ ਕਰੀਬ ਅਧਿਆਪਕਾਂ ਨੂੰ ਟਰਮੀਨੇਸ਼ਨ ਸੰਬੰਧੀ ਸ਼ੋਕਾਜ ਨੋਟਿਸ ਜਾਰੀ ਕਰ ਦਿੱਤੇ ਹਨ ਅਤੇ ਰਿਪਲਾਈ ਕਰਨ ਲਈ 21 ਦਿਨਾਂ ਦਾ ਸਮਾਂ ਦਿੱਤਾ ਹੈ। ਜਿਸ ਕਰਕੇ 3 ਸਾਲਾਂ ਤੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਅਧਿਆਪਕਾਂ ਦਾ ਭਵਿੱਖ ਪੂਰੀ ਤਰਾਂ ਖ਼ਤਰੇ ਵਿੱਚ ਪੈ ਗਿਆ ਹੈ।

ਇਹ ਅਧਿਆਪਕਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੈ, ਗਲਤੀਆਂ ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਅਤੇ ਥੋਪੀਆਂ ਬੇਕਸੂਰ ਅਧਿਆਪਕਾਂ ਉੱਪਰ ਜਾ ਰਹੀਆਂ ਹਨ। ਸਾਡੀ ਮੰਗ ਹੈ ਕਿ ਸਾਨੂੰ ਇਨਸਾਫ ਦਿੱਤਾ ਜਾਵੇ।

ਇਹਨਾਂ ਅਧਿਆਪਕਾਂ ਵਿੱਚੋਂ ਬਹੁਤ ਸਾਰੇ ਅਧਿਆਪਕ ਆਪਣੀ ਓਬਰਏਜ ਹੋ ਚੁੱਕੇ ਹਨ, ਬਹੁ ਗਿਣਤੀ ਅਧਿਆਪਕ ਆਪਣੀਆਂ ਪਹਿਲਾਂ ਵਾਲੀ ਨੌਕਰੀ ਤੋਂ ਰੀਜੁਆਨਿ ਕਰਕੇ ਇਧਰ ਆਏ ਸਨ। ਆਗੂਆਂ ਨੇ ਕਿਹਾ ਜੇਕਰ ਸਰਕਾਰ ਦੁਆਰਾ ਕੋਈ ਵਾਜ਼ਬ ਹੱਲ ਨਹੀਂ ਕੀਤਾ ਜਾਂਦਾ ਤਾਂ ਅਸੀਂ ਵੱਡੇ ਸ਼ੰਘਰਸ਼ ਕਰਨ ਲਈ ਮਜਬੂਰ ਹੋਵਾਂਗੇ।

# ਸੰਧਵਾਂ ਵੱਲੋਂ 2026-27 ਲਈ ਸਦਨ ਦੀਆਂ ਵੱਖ-ਵੱਖ ਕਮੇਟੀਆਂ ਦੇ ਚੇਅਰਮੈਨ ਨਾਮਜ਼ਦ

ਚੰਡੀਗੜ੍ਹ, 25 ਮਈ (ਚ.ਨ.ਸ.): ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਾਲ 2026-27 ਲਈ ਸਦਨ ਦੀਆਂ ਵੱਖ-ਵੱਖ ਕਮੇਟੀਆਂ ਨੂੰ ਨਾਮਜਦ ਕੀਤਾ ਗਿਆ ਹੈ ਤੇ ਇਸ ਸਬੰਧੀ ਨੋਟੀਫਿਕੇਸਨ ਜਾਰੀ ਕਰ ਦਿੱਤਾ ਗਿਆ ਹੈ। ਹੇਠ ਲਿਖੇ ਮੈਂਬਰਾਂ ਨੂੰ ਕਮੇਟੀਆਂ ਦੇ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। ਸਾਲ 2026-27 ਲਈ ਸਦਨ ਦੀਆਂ ਵੱਖ-ਵੱਖ ਕਮੇਟੀਆਂ ਵਿੱਚ ਪੰਜਾਬ ਵਿਧਾਨ ਸਭਾ ਦੇ ਨਾਮਜਦ ਮੈਂਬਰਾਂ ਦੀ ਵਿਸਤ੍ਰਿਤ ਸੂਚੀ ਨੱਥੀ ਹੈ।

1. ਡਾ. ਇੰਦਰਬੀਰ ਸਿੰਘ ਨਿੱਝਰ (ਲੋਕ ਲੇਖਾ ਕਮੇਟੀ), 2. ਜਗਰੂਪ ਸਿੰਘ ਗਿੱਲ (ਸਰਕਾਰੀ ਕਾਰੋਬਾਰ ਕਮੇਟੀ), 3. ਮਨਜੀਤ ਸਿੰਘ ਬਿਲਾਸਪੁਰ (ਅਨੁਮਾਨ ਕਮੇਟੀ), 4. ਸਰਵਜੀਤ ਕੌਰ ਮਾਣੂੰਕੇ (ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਤੇ ਪੱਛੜੀਆਂ ਸ੍ਰੇਣੀਆਂ ਬਾਰੇ ਭਲਾਈ ਕਮੇਟੀ), 5. ਜੈ ਕ੍ਰਿਸਨ ਸਿੰਘ, ਡਿਪਟੀ ਸਪੀਕਰ (ਅਹੁਦੇ ਦੇ ਆਧਾਰ 'ਤੇ ਚੇਅਰਮੈਨ) ਹਾਊਸ ਕਮੇਟੀ, 6. ਕੁਲਵੰਤ ਸਿੰਘ (ਸਥਾਨਕ ਸੰਸਥਾਵਾਂ ਬਾਰੇ ਕਮੇਟੀ), 7. ਬੁੱਧ ਰਾਮ (ਪੰਚਾਇਤੀ ਰਾਜ ਇਕਾਈਆਂ ਬਾਰੇ ਕਮੇਟੀ), 8. ਗੁਰਪ੍ਰੀਤ ਸਿੰਘ ਬਨਾਂਵਾਲੀ (ਖੇਤੀਬਾੜੀ ਅਤੇ ਇਸ ਨਾਲ ਜੁੜੀਆਂ), ਗਤੀਵਿਧੀਆਂ ਬਾਰੇ ਕਮੇਟੀ, 9. ਸਰਵਣ ਸਿੰਘ ਧੁੰਨ (ਸਹਿਕਾਰਤਾ ਤੇ ਇਸ ਨਾਲ ਜੁੜੀਆਂ), ਗਤੀਵਿਧੀਆਂ ਬਾਰੇ ਕਮੇਟੀ, 10. ਕੁਲਵੰਤ ਸਿੰਘ ਪੰਡੋਰੀ (ਵਿਸੇਸ ਅਧਿਕਾਰ ਕਮੇਟੀ), 11. ਦਵਿੰਦਰਜੀਤ ਸਿੰਘ ਲਾਡੀ ਢੋਸ (ਸਰਕਾਰੀ ਆਸ਼ਵਾਸਨ ਕਮੇਟੀ), 12. ਕੁਲਵੰਤ ਸਿੰਘ ਸਿੱਧੂ (ਅਧੀਨ ਵਿਧਾਨ ਕਮੇਟੀ), 13. ਬ੍ਰਹਮ ਸੰਕਰ ਜਿੰਪਾ (ਪਟੀਸਨ ਕਮੇਟੀ), 14. ਡਾ. ਮੁਹੰਮਦ ਜਮੀਲ ਉਰ ਰਹਿਮਾਨ (ਪੇਪਰ ਲੇਡ ਤੇ ਲਾਇਬ੍ਰੇਰੀ ਕਮੇਟੀ), 15. ਇੰਦਰਜੀਤ ਕੌਰ ਮਾਨ (ਕੁਐਸਚਨਜ਼ ਐਂਡ ਰੈਫ਼ਰੈਂਸਿਜ਼ ਕਮੇਟੀ)।

# ਗੈਂਗਸਟਰਾਂ ਤੇ ਵਾਰ ਦੇ 125ਵੇਂ ਦਿਨ 519 ਥਾਂਵਾਂ ਉੱਤੇ ਛਾਪੇਮਾਰੀ ਦੌਰਾਨ 258 ਕਾਬੂ

ਚੰਡੀਗੜ੍ਹ, 25 ਮਈ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 125ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 519 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ 125ਵੇਂ ਦਿਨ ਪੁਲਿਸ ਟੀਮਾਂ ਨੇ 258 ਵਿਅਕਤੀਆਂ ਨੂੰ ਨੌਂ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 31,957 ਹੋ ਗਈਆਂ।

ਇਸ ਤੋਂ ਇਲਾਵਾ 62 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 22 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 450ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 50 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜੇ ਵਿੱਚੋਂ 1.5 ਕਿਲੋ ਹੈਰੋਇਨ, 580 ਨਸੀਲੀਆਂ ਗੋਲੀਆਂ/ਕੈਪਸੂਲ ਤੇ 1050 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 450 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸਾ ਤਸਕਰਾਂ ਦੀ ਗਿਣਤੀ 65,481 ਹੋ ਗਈ ਹੈ। ਨਸਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 11 ਵਿਅਕਤੀਆਂ ਨੂੰ ਨਸਾ ਛੁਡਾਊ ਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜੀ ਕੀਤਾ ਹੈ।

# ਸੀ.ਈ.ਓ. ਵੱਲੋਂ ਪੰਜਾਬ ਰਾਜ ਦੇ ਵੋਟਰਾਂ ਨੂੰ ਬੀ.ਐਲ.ਓਜ਼. ਨਾਲ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ

ਚੰਡੀਗੜ੍ਹ, 25 ਮਈ (ਚ.ਨ.ਸ.): ਪੰਜਾਬ ਰਾਜ ਵੱਲੋਂ ਸਪੈਸ਼ਲ ਇੰਟੈਂਸਿਵ ਰਿਵੀਜਨ (ਐਸ.ਆਈ.ਆਰ) ਸ਼ੁਰੂ ਹੋਣ ਤੋਂ ਪਹਿਲਾਂ 90 ਫ਼ੀਸਦ ਤੱਕ ਪ੍ਰੀ ਮੈਪਿੰਗ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਉਕਤ ਪ੍ਰਗਟਾਵਾ ਕਰਦਿਆਂ ਮੁੱਖ ਚੋਣ ਅਫਸਰ ਪੰਜਾਬ ਅਨਿੰਦਿਤਾ ਮਿਤਰਾ ਨੇ ਕਿਹਾ ਪੰਜਾਬ ਰਾਜ ਵਿੱਚ ਪ੍ਰੀ ਮੈਪਿੰਗ ਦੌਰਾਨ 84 ਫ਼ੀਸਦ ਤੋਂ ਵੱਧ ਵੋਟਰਾਂ ਦੀ ਮੈਪਿੰਗ ਸਫਲਤਾ ਪੂਰਵਕ ਨੇਪਰੇ ਚੜ੍ਹ ਚੁੱਕੀ ਹੈ। ਪ੍ਰੀ ਮੈਪਿੰਗ ਦੌਰਾਨ ਪੰਜਾਬ ਰਾਜ ਵਿੱਚ ਸਾਲ 2003 ਵਿੱਚ ਹੋਈ ਐਸ.ਆਈ.ਆਰ. ਨੂੰ ਆਧਾਰ ਬਣਾ ਕੇ ਮੌਜੂਦਾ ਵੋਟਰ ਸੂਚੀਆਂ ਨਾਲ ਮਿਲਾਨ ਕੀਤਾ ਜਾ ਰਿਹਾ ਹੈ।



ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੋਟਰਾਂ ਦੀ ਪ੍ਰੀ ਮੈਪਿੰਗ ਨਹੀਂ ਹੁੰਦੀ ਤਾਂ ਉਸ ਵੋਟਰ ਨੂੰ ਬੀ.ਐਲ.ਓ. ਵਲੋਂ ਦਿੱਤੇ ਗਏ ਗਣਨਾ ਫਾਰਮ ਨੂੰ ਭਰ ਕੇ ਮੁੜ ਬੀ.ਐਲ.ਓ. ਕੋਲ ਜਮ੍ਹਾਂ ਕਰਵਾਉਣਾ ਹੋਵੇਗਾ ਜਿਸ ਉਪਰੰਤ ਸਬੰਧਤ ਵੋਟਰ ਦਾ ਨਾਮ ਡ੍ਰਾਫਟ ਰੋਲ ਵਿਚ ਜੋੜ ਦਿੱਤਾ ਜਾਵੇਗਾ। ਮੁੱਖ ਚੋਣ ਅਫਸਰ ਪੰਜਾਬ ਅਨਿੰਦਿਤਾ ਮਿਤਰਾ ਵੱਲੋਂ ਪੰਜਾਬ ਰਾਜ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਐਸ.ਆਈ.ਆਰ. ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਬੀ.ਐਲ.ਓ. ਨਾਲ ਵੱਧ ਤੋਂ ਵੱਧ ਸਹਿਯੋਗ ਕਰਨ।

# ਮੋਦੀ ਦੀਆਂ ਨੀਤੀਆਂ ਕਿਸਾਨਾਂ, ਪੰਜਾਬ ਤੇ ਆਮ ਜਨਤਾ ਦੇ ਵਿਰੁੱਧ ਅਤੇ ਦੇਸ਼ ਨੂੰ ਬਣਾ ਰਹੀਆਂ ਨੇ ਆਰਥਿਕ ਗੁਲਾਮ : ਧਾਲੀਵਾਲ

ਅੰਮ੍ਰਿਤਸਰ/ਚੰਡੀਗੜ੍ਹ, 25 ਮਈ (ਅੰਮ੍ਰਿਤਪਾਲ ਸਿੰਘ/ਸੁਖਦੇਵ ਸਿੰਘ ਖ਼ਾਲਸਾ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪੈਟਰੋਲ-ਡੀਜ਼ਲ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੂੰ ਲੈ ਕੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਦੀਆਂ ਨੀਤੀਆਂ ਕਿਸਾਨਾਂ, ਪੰਜਾਬ ਤੇ ਆਮ ਜਨਤਾ ਦੇ ਖ਼ਿਲਾਫ਼ ਹਨ, ਜਿਸ ਕਾਰਨ ਬਾਲਣ ਦੀਆਂ ਵਧਦੀਆਂ ਕੀਮਤਾਂ ਨੇ ਆਮ ਆਦਮੀ ਦਾ ਲਕੜ ਤੋੜ ਦਿੱਤਾ ਹੈ। ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਣ ਦੀ ਚੇਤਾਵਨੀ ਦਿੱਤੀ ਸੀ, ਜੋ ਹੁਣ ਸੱਚ ਸਾਬਤ ਹੋ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੀਆਂ ਅੰਤਰਰਾਸ਼ਟਰੀ ਵਪਾਰ ਨੀਤੀਆਂ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਵਾਲੇ ਫੈਸਲੇ ਹੀ ਦੇਸ਼ ਦੀ ਜਨਤਾ ਲਈ ਮਹਿੰਗੇ ਬਾਲਣ ਦਾ ਕਾਰਨ ਬਣ ਰਹੇ ਹਨ।



ਧਾਲੀਵਾਲ ਨੇ ਦੱਸਿਆ ਕਿ ਕਿਸਾਨਾਂ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਵਿੱਚ ਮਾਮੂਲੀ ਵਾਧਾ ਕੀਤਾ ਗਿਆ ਹੈ, ਜਦੋਂ ਕਿ ਡੀਜ਼ਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਕਰ ਦਿੱਤਾ ਗਿਆ ਹੈ। ਇਸ ਨਾਲ ਖੇਤੀ ਦੀ ਲਾਗਤ ਹੋਰ ਵਧ ਜਾਵੇਗੀ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਮਹਿੰਗੇ ਬਾਲਣ ਦਾ ਸਿੱਧਾ ਅਸਰ ਸਬਜ਼ੀਆਂ, ਰੋਜ਼ਾਨਾ ਦੀਆਂ ਵਸਤੂਆਂ ਤੇ ਟ੍ਰਾਂਸਪੋਰਟ ਦੇ ਖਰਚਿਆਂ 'ਤੇ ਪਵੇਗਾ, ਜਿਸ ਨਾਲ ਆਮ ਤੇ ਮੱਧ ਵਰਗ ਦੇ ਪਰਿਵਾਰਾਂ ਦੀਆਂ ਮੁਸ਼ਕਲਾਂ ਵਧਣਗੀਆਂ।

ਆਗਾਮੀ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਦਾਅਵਾ ਕੀਤਾ ਕਿ ਜਨਤਾ ਹੁਣ ਭਾਜਪਾ ਦੀਆਂ ਨੀਤੀਆਂ ਨੂੰ ਸਮਝ ਚੁੱਕੀ ਹੈ ਤੇ ਚੋਣਾਂ ਵਿੱਚ ਇਸ ਦਾ ਯੋਗ ਜਵਾਬ ਦੇਵੇਗੀ। ਧਾਲੀਵਾਲ ਨੇ ਭਾਜਪਾ ਆਗੂਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਭਾਜਪਾ ਆਗੂ ਵੈਟ ਘੱਟ ਕਰਨ ਦੀ ਗੱਲ ਤਾਂ ਕਰਦੇ ਹਨ, ਪਰ ਇਹ ਨਹੀਂ ਦੱਸਦੇ ਕਿ ਕੇਂਦਰ ਸਰਕਾਰ ਨੇ ਬਾਲਣ 'ਤੇ ਕਿੰਨਾ ਭਾਰੀ ਟੈਕਸ ਲਗਾਇਆ ਹੋਇਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਤੇਲ ਕੰਪਨੀਆਂ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਹੀ ਜਨਤਾ 'ਤੇ ਵਾਧੂ ਆਰਥਿਕ ਬੋਝ ਪੈ ਰਿਹਾ ਹੈ।

# ਜਨਗਣਨਾ-2027 ਦੇ ਪਹਿਲੇ ਪੜਾਅ 'ਚ 11 ਜ਼ਿਲ੍ਹਿਆਂ ਤੇ 7 ਨਗਰ ਨਿਗਮਾਂ ਨੇ ਸ਼ਲਾਘਾਯੋਗ ਕਾਰਗੁਜ਼ਾਰੀ ਦਿਖਾਈ : ਬਰਾੜ

ਚੰਡੀਗੜ੍ਹ, 25 ਮਈ (ਚ.ਨ.ਸ.): ਪੰਜਾਬ ਸਰਕਾਰ ਨੇ ਜਨਗਣਨਾ-2027 ਦੇ ਸੁਚਾਰੂ ਅਮਲ ਲਈ ਆਪਣੀ ਪ੍ਰਸਾਸਕੀ ਮਸੀਨਰੀ ਨੂੰ ਜੰਗੀ ਪੱਧਰ 'ਤੇ ਕੰਮ ਵਿੱਚ ਲਾ ਦਿੱਤਾ ਹੈ। ਇਸ ਪ੍ਰਕਿਰਿਆ ਦੇ ਪਹਿਲੇ ਪੜਾਅ-ਹਾਊਸਲਿਸਟਿੰਗ ਤੇ ਹਾਊਸਿੰਗ ਆਪਰੇਸ਼ਨਜ਼ ਵਿੱਚ 11 ਜ਼ਿਲ੍ਹਿਆਂ ਤੇ ਸੱਤ ਨਗਰ ਨਿਗਮਾਂ ਨੇ ਫੀਲਡ ਵਿੱਚ ਸਾਨਦਾਰ ਕਾਰਗੁਜਾਰੀ ਦਿਖਾਈ ਹੈ, ਜੋ ਕਿ ਨਿਰਧਾਰਤ ਸਮਾਂ-ਸੀਮਾਵਾਂ ਦੇ ਅੰਦਰ ਡੇਟਾ ਇਕੱਤਰਤਾ ਦੀ ਸੰਪੂਰਨਤਾ, ਸਟੀਕਤਾ ਅਤੇ ਉੱਚ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਠੋਸ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਥਾਨਕ ਸਰਕਾਰਾਂ ਦੇ ਪ੍ਰਸਾਸਕੀ ਸਕੱਤਰ ਮਨਜੀਤ ਸਿੰਘ ਬਰਾੜ, ਜਿਨ੍ਹਾਂ ਨਾਲ ਡਾਇਰੈਕਟਰ ਜਨਗਣਨਾ ਆਪਰੇਸ਼ਨਜ਼ ਡਾ. ਨਵਜੋਤ ਖੋਸਾ ਅਤੇ ਡਾਇਰੈਕਟਰ ਸਥਾਨਕ ਸਰਕਾਰਾਂ ਕੁਲਵੰਤ ਸਿੰਘ ਵੀ ਮੌਜੂਦ ਸਨ, ਨੇ ਪਹਿਲੇ ਪੜਾਅ ਦੇ ਕਾਰਜਾਂ ਦੇ ਮੁਲਾਂਕਣ ਲਈ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ ਨਾਲ ਵਰਚੁਅਲ ਤੌਰ ਉੱਤੇ ਸਮੀਖਿਆ ਮੀਟਿੰਗ ਕੀਤੀ। ਪ੍ਰਗਤੀ 'ਤੇ ਚਾਨਣਾ ਪਾਉਂਦਿਆਂ ਮਨਜੀਤ ਸਿੰਘ ਬਰਾੜ ਨੇ ਕਿਹਾ ਕਿ ਬਰਨਾਲਾ, ਮੋਗਾ, ਮਾਲੇਰਕੋਟਲਾ, ਫਾਜ਼ਿਲਕਾ, ਲੁਧਿਆਣਾ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ, ਤਰਨ ਤਾਰਨ, ਰੂਪਨਗਰ, ਮਾਨਸਾ ਤੇ ਹੁਸ਼ਿਆਰਪੁਰ ਸਮੇਤ ਕੁੱਲ ਗਿਆਰਾਂ ਜ਼ਿਲ੍ਹਿਆਂ ਤੇ ਸੱਤ ਨਗਰ ਨਿਗਮਾਂ (ਐਮ.ਸੀਜ਼.)- ਬਰਨਾਲਾ, ਅਬੋਹਰ, ਮੋਗਾ, ਬਟਾਲਾ, ਹੁਸ਼ਿਆਰਪੁਰ, ਫਗਵਾੜਾ ਤੇ ਕਪੂਰਥਲਾ ਨੇ ਸਾਨਦਾਰ ਫੀਲਡ ਲਾਮਬੰਦੀ ਅਤੇ ਨਿਗਰਾਨੀ ਰਾਹੀਂ ਸਲਾਘਾਯੋਗ ਕਾਰਗੁਜ਼ਾਰੀ ਦਿਖਾਈ ਹੈ।

ਬਰਾੜ ਨੇ ਕਿਹਾ, "ਜਨਗਣਨਾ ਸਬੰਧੀ ਕਾਰਜ ਦਾ ਵਧੇਰੇ ਰਾਸਟਰੀ ਮਹੱਤਵ ਹੈ ਤੇ ਉਕਤ ਜ਼ਿਲ੍ਹਿਆਂ ਦੁਆਰਾ ਦਿਖਾਈ ਗਈ ਸਲਾਘਾਯੋਗ ਕਾਰਗੁਜ਼ਾਰੀ ਮਜਬੂਤ ਸਥਾਨਕ ਲੀਡਰਸ਼ਿਪ ਦਾ ਨਤੀਜਾ ਹੈ। ਹਾਲਾਂਕਿ, ਇਸ ਕਾਰਜ ਵਿੱਚ ਪਿੱਛੇ ਚੱਲ ਰਹੇ ਕੁਝ ਜ਼ਿਲ੍ਹਿਆਂ ਨੂੰ ਸਖਤੀ ਨਾਲ ਕਿਹਾ ਗਿਆ ਹੈ ਕਿ ਉਹ 100 ਫੀਸਦ ਟੀਚੇ ਦੀ ਪ੍ਰਾਪਤੀ ਲਈ ਆਪਣੇ ਕਾਰਜਾਂ 'ਚ ਤੇਜ਼ੀ ਲਿਆਉਣ।" ਉਨ੍ਹਾਂ ਕਿਹਾ ਕਿ ਜਨਗਣਨਾ ਦੇ ਕੰਮ ਦਾ 40 ਤੋਂ 70 ਫੀਸਦ ਕੰਮ ਪੂਰਾ ਕਰਨ ਲਈ ਨਿਗਰਾਨੀ ਸਮਾਂ-ਸੀਮਾ 30 ਮਈ, 2026 ਨਿਰਧਾਰਤ ਕੀਤੀ ਗਈ ਹੈ ਅਤੇ 100 ਫੀਸਦ ਕੰਮ ਪੂਰਾ ਹੋਣ ਦੀ ਸਮਾਂ-ਸੀਮਾ ਜੂਨ 2026 ਦੇ ਦੂਜੇ ਹਫਤੇ ਤੋਂ ਪਹਿਲਾਂ ਨਿਰਧਾਰਤ ਕੀਤੀ ਗਈ ਹੈ, ਕਿਉਂਕਿ ਇਹ ਪੜਾਅ 13 ਜੂਨ ਨੂੰ ਖਤਮ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਉਂਜੋ ਪੰਜਾਬ ਵਿੱਚ ਜਨਗਣਨਾ 2027 ਦੇ ਪਹਿਲਾ ਪੜਾਅ ਦੀ ਅਧਿਕਾਰਤ ਮਿਆਦ 15 ਮਈ ਤੋਂ 13 ਜੂਨ, 2026 ਤੱਕ ਹੈ, ਇਸ ਲਈ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀ (ਡਿਪਟੀ ਕਮਿਸਨਰਾਂ ਤੇ ਐਮ.ਸੀ. ਕਮਿਸਨਰਾਂ) ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਹਾਊਸਲਿਸਟਿੰਗ ਬਲਾਕ (ਐਚ.ਐਲ.ਬੀ.) ਦੇ ਕੰਮ ਦੀ 100 ਫੀਸਦ ਪ੍ਰਗਤੀ ਨੂੰ ਯਕੀਨੀ ਬਣਾਉਣਾ ਸੁਨਿਸ਼ਚਿਤ ਕਰਨ।



ਬਰਾੜ ਨੇ ਨਿਰਦੇਸ ਦਿੱਤੇ ਕਿ ਸੂਬਾ ਸਰਕਾਰ ਇਸ ਅਮਲ ਵਿੱਚ ਪੂਰੀ ਸਟੀਕਤਾ ਦੀ ਉਮੀਦ ਕਰਦੀ ਹੈ। ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ ਨੂੰ ਇਨ੍ਹਾਂ ਕਾਰਜਾਂ ਦੀ ਨੇੜਿਓਂ ਨਿਗਰਾਨੀ ਕਰਨ ਦੇ ਨਿਰਦੇਸ ਦਿੱਤੇ ਗਏ ਹਨ ਤਾਂ ਜੋ ਡੇਟਾ ਗੁਣਵੱਤਾ ਨਾਲ ਕੋਈ ਸਮਝੌਤਾ ਕੀਤੇ ਬਿਨਾਂ ਪਹਿਲਾ ਪੜਾਅ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸਫ਼ਲਤਾਪੂਰਵਕ ਮੁਕੰਮਲ ਹੋ ਸਕੇ। ਡੇਟਾ ਮਾਪਦੰਡਾਂ ਨੂੰ ਲਾਗੂ ਕਰਨ 'ਤੇ ਜੋਰ ਦਿੰਦਿਆਂ ਮਨਜੀਤ ਸਿੰਘ ਬਰਾੜ ਨੇ ਕਿਹਾ ਕਿ ਸੀਨੀਅਰ ਪ੍ਰਸਾਸਕੀ ਅਧਿਕਾਰੀਆਂ ਨੂੰ ਨਿਯਮਤ ਤੇ ਅਚਨਚੇਤ ਫੀਲਡ ਨਿਰੀਖਣ ਕਰਨ ਦੇ ਨਿਰਦੇਸ ਦਿੱਤੇ ਗਏ ਹਨ ਤਾਂ ਜੋ ਸਿੱਧੇ ਜਮੀਨੀ ਪੱਧਰ 'ਤੇ ਫੀਲਡਵਰਕ ਦੀ ਨਿਗਰਾਨੀ ਕੀਤੀ ਜਾ ਸਕੇ। ਉਨ੍ਹਾਂ ਕਿਹਾ, "ਡੇਟਾ ਇਕੱਤਰਤਾ ਦੀ ਸੰਪੂਰਨਤਾ, ਸਟੀਕਤਾ ਤੇ ਸਮੁੱਚੀ ਗੁਣਵੱਤਾ ਦੀ ਪੁਸਟੀ ਕਰਨ ਲਈ ਅਚਨਚੇਤ ਨਿਰੀਖਣ ਬਹੁਤ ਜਰੂਰੀ ਹਨ। ਸਾਡੀਆਂ ਫੀਲਡ ਟੀਮਾਂ ਚੁਣੌਤੀਪੂਰਨ ਮੌਸਮੀ ਹਾਲਾਤਾਂ ਵਿੱਚ ਕੰਮ ਕਰ ਰਹੀਆਂ ਹਨ ਤੇ ਸਹੀ ਪ੍ਰਸਾਸਕੀ ਨਿਗਰਾਨੀ ਉਨ੍ਹਾਂ ਦੀ ਸੁਰੱਖਿਆ ਅਤੇ ਜਨਗਣਨਾ ਡੇਟਾ ਦੀ ਭਰੋਸੇਯੋਗਤਾ ਦੋਵਾਂ ਨੂੰ ਯਕੀਨੀ ਬਣਾਏਗੀ।" ਸਥਾਨਕ ਸਰਕਾਰਾਂ ਦੇ ਪ੍ਰਸਾਸਕੀ ਸਕੱਤਰ ਨੇ ਕਿਹਾ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਸੂਬੇ ਲਈ ਸੁਚਾਰੂ, ਕਾਨੂੰਨੀ ਤੌਰ 'ਤੇ ਅਨੁਕੂਲ ਤੇ ਅਤਿ ਸਟੀਕ ਰਿਹਾਇਸੀ ਲੇਆਉਟ ਮੈਪਿੰਗ ਪ੍ਰਦਾਨ ਕਰਨ ਲਈ ਜਨਗਣਨਾ ਆਪਰੇਸ਼ਨਜ਼ ਅਥਾਰਟੀਆਂ ਨਾਲ ਪੂਰੇ ਤਰ੍ਹਾਂ ਮਿਲ ਕੇ ਕੰਮ ਕਰ ਰਿਹਾ ਹੈ।

## ਤੇਲ ਦੀ ਵਧੀਆਂ ਕੀਮਤਾਂ ਦਾ ਮਾਮਲਾ

# ਮੋਦੀ ਸਰਕਾਰ ਆਮ ਲੋਕਾਂ ਦੀਆਂ ਜੇਬਾਂ ਕੱਟ ਰਹੀ ਹੈ : ਵੜਿੰਗ

ਚੰਡੀਗੜ੍ਹ, 25 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਦੀ ਸਖ਼ਤ ਨਿੰਦਾ ਕਰਦਿਆਂ, ਕਿਹਾ ਹੈ ਕਿ ਮੋਦੀ ਸਰਕਾਰ ਦੇਸ਼ ਭਰ ਦੇ ਆਮ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰ ਰਹੀ ਹੈ, ਜਦਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਘਟੀਆਂ ਹੋਈਆਂ ਸਨ ਤੇ ਤੇਲ ਕੰਪਨੀਆਂ ਪਹਿਲਾਂ ਹੀ ਭਾਰੀ ਮੁਨਾਫ਼ਾ ਕਮਾ ਰਹੀਆਂ ਸਨ। ਵੜਿੰਗ ਨੇ ਤੇਲ ਦੀਆਂ ਕੀਮਤਾਂ ਵਿੱਚ ਤਾਜ਼ਾ ਵਾਧੇ ਦਾ ਹਵਾਲਾ ਦਿੰਦਿਆਂ, ਕਿਹਾ ਕਿ ਪਿਛਲੇ ਕੁਝ ਦਿਨਾਂ ਦੌਰਾਨ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਭਗ 7.5 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮੋਦੀ ਸਰਕਾਰ ਇਹ ਵਾਧਾ "ਚੋਰੀ-ਛੁਪੇ" ਕਰ ਰਹੀ ਹੈ ਤੇ ਕੀਮਤਾਂ ਨੂੰ ਪੜਾਅਵਾਰ ਢੰਗ ਨਾਲ ਵਧਾ ਕੇ ਲੋਕਾਂ 'ਤੇ ਬੋਝ ਪਾ ਰਹੀ ਹੈ।



ਸੂਬਾ ਕਾਂਗਰਸ ਪ੍ਰਧਾਨ ਨੇ ਸਵਾਲ ਕੀਤਾ ਕਿ ਜਦੋਂ ਵਿਸ਼ਵ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਘਟ ਰਹੀਆਂ ਹਨ ਅਤੇ ਤੇਲ ਕੰਪਨੀਆਂ ਪਹਿਲਾਂ ਹੀ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ, ਤਾਂ ਸਰਕਾਰ ਨੂੰ ਤੇਲ ਦੀਆਂ ਕੀਮਤਾਂ ਵਧਾਉਣ ਦੀ ਲੋੜ ਕਿਉਂ ਪਈ? ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ, ਮੋਦੀ ਸਰਕਾਰ ਲਗਾਤਾਰ ਕੀਮਤਾਂ ਵਧਾ ਕੇ ਨਾਗਰਿਕਾਂ ਦੀ ਲੁੱਟ ਕਰ ਰਹੀ ਹੈ ਅਤੇ ਉਨ੍ਹਾਂ ਤੋਂ ਜ਼ਬਰਦਸਤੀ ਪੈਸਾ ਵਸੂਲ ਰਹੀ ਹੈ। ਵੜਿੰਗ ਨੇ ਕਿਹਾ ਕਿ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿੱਚ ਪੈਟਰੋਲ 7.5 ਰੁਪਏ ਪ੍ਰਤੀ ਲੀਟਰ ਤੋਂ ਵੱਧ ਮਹਿੰਗਾ ਹੋ ਚੁੱਕਾ ਹੈ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵੀ ਲਗਭਗ ਇੰਨਾ ਹੀ ਵਾਧਾ ਹੋਇਆ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਇਨ੍ਹਾਂ ਹਾਲਾਤਾਂ ਵਿੱਚ ਮੱਧ ਵਰਗ, ਕਿਸਾਨ, ਟਰਾਂਸਪੋਰਟਰ, ਛੋਟੇ ਵਪਾਰੀ, ਦਿਹਾੜੀਦਾਰ ਮਜ਼ਦੂਰ ਤੇ ਨੌਜਵਾਨ ਇਸ ਤਰ੍ਹਾਂ ਦੇ ਆਰਥਿਕ ਬੋਝ ਹੇਠ ਕਿਵੇਂ ਜੀਵਨ ਬਤੀਤ ਕਰਨਗੇ?

ਉਨ੍ਹਾਂ ਨੇ ਖੁਲਾਸਾ ਕੀਤਾ ਕਿ ਦਿੱਲੀ ਵਿੱਚ ਪੈਟਰੋਲ ਦੀ ਕੀਮਤ 102 ਰੁਪਏ ਪ੍ਰਤੀ ਲੀਟਰ (102.12 ਰੁਪਏ) ਤੋਂ ਪਾਰ ਹੋ ਚੁੱਕੀ ਹੈ, ਜਦਕਿ ਡੀਜ਼ਲ 95.20 ਰੁਪਏ ਪ੍ਰਤੀ ਲੀਟਰ ਤੱਕ ਪਹੁੰਚ ਗਿਆ ਹੈ। ਜਦਕਿ ਕਈ ਮੈਟਰੋ ਸ਼ਹਿਰਵਿੱਚ ਇਹ ਦਰਾਂ ਹੋਰ ਵੀ ਵੱਧ ਹਨ। ਉਨ੍ਹਾਂ ਨੇ ਕਿਹਾ ਕਿ ਤਾਜ਼ਾ ਵਾਧੇ ਨਾਲ ਹੀ ਪੈਟਰੋਲ 2.61 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 2.71 ਰੁਪਏ ਪ੍ਰਤੀ ਲੀਟਰ ਮਹਿੰਗਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਤੇਲ ਦੀਆਂ ਕੀਮਤਾਂ ਵਿੱਚ ਹਰ ਵਾਧਾ ਸਿੱਧੇ ਤੌਰ 'ਤੇ ਆਵਾਜਾਈ ਖ਼ਰਚਿਆਂ, ਸਬਜ਼ੀਆਂ, ਦੁੱਧ, ਕਰਿਆਨੇ ਤੇ ਹਰ ਜ਼ਰੂਰੀ ਵਸਤੂ ਦੀ ਕੀਮਤ 'ਤੇ ਅਸਰ ਪਾਉਂਦਾ ਹੈ। ਇਹ ਸਿਰਫ਼ ਤੇਲ ਦਾ ਸੰਕਟ ਨਹੀਂ, ਸਗੋਂ ਹਰ ਘਰ ਨੂੰ ਪ੍ਰਭਾਵਿਤ ਕਰਨ ਵਾਲਾ ਮਹਿੰਗਾਈ ਦਾ ਸੰਕਟ ਹੈ।

ਵੜਿੰਗ ਨੇ ਕਿਹਾ ਕਿ ਜਦੋਂ ਪੈਟਰੋਲ ਤੇ ਡੀਜ਼ਲ ਮਹਿੰਗੇ ਹੁੰਦੇ ਹਨ, ਤਾਂ ਹਰ ਪਰਿਵਾਰ ਦਾ ਬਜਟ ਵਿਗੜ ਜਾਂਦਾ ਹੈ। ਇਕ ਕਿਸਾਨ ਨੂੰ ਖੇਤੀਬਾੜੀ ਅਤੇ ਆਵਾਜਾਈ ਲਈ ਵੱਧ ਖ਼ਰਚ ਕਰਨਾ ਪੈਂਦਾ ਹੈ, ਇੱਕ ਮਜ਼ਦੂਰ ਨੂੰ ਆਉਣ-ਜਾਣ ਲਈ ਵੱਧ ਪੈਸੇ ਦੇਣੇ ਪੈਂਦੇ ਹਨ ਤੇ ਆਮ ਪਰਿਵਾਰਾਂ ਨੂੰ ਰੋਜ਼ਾਨਾ ਦੀਆਂ ਲੋੜੀਂਦੀਆਂ ਚੀਜ਼ਾਂ 'ਤੇ ਹੋਰ ਵੱਧ ਖ਼ਰਚ ਕਰਨਾ ਪੈਂਦਾ ਹੈ। ਉਨ੍ਹਾਂ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਲੀਡਰ ਰਾਹੁਲ ਗਾਂਧੀ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਦਿੱਤੀ ਗਈ ਚੇਤਾਵਨੀ ਨੂੰ ਯਾਦ ਕਰਦਿਆਂ, ਕਿਹਾ ਕਿ ਰਾਹੁਲ ਗਾਂਧੀ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਚੋਣਾਂ ਮਗਰੋਂ ਤੇਲ ਦੀਆਂ ਕੀਮਤਾਂ ਵਧਾਈਆਂ ਜਾਣਗੀਆਂ। ਲੋਕ ਹੁਣ ਇਸ ਸਿਆਸਤ ਨੂੰ ਸਮਝਣ ਲੱਗ ਪਏ ਹਨ। ਕੇਂਦਰ ਸਰਕਾਰ 'ਤੇ ਤਿੱਖਾ ਵਿਅੰਗ ਕਸਦਿਆਂ, ਵੜਿੰਗ ਨੇ ਕਿਹਾ ਕਿ ਪੈਟਰੋਲ 100 ਰੁਪਏ ਤੋਂ ਪਾਰ ਹੋ ਰਿਹਾ ਹੈ, ਡੀਜ਼ਲ ਵੀ 100 ਰੁਪਏ ਦੇ ਨੇੜੇ ਪਹੁੰਚ ਰਿਹਾ ਹੈ, ਪਰ ਲੋਕਾਂ ਦੀਆਂ ਤਨਖ਼ਾਹਾਂ ਉੱਥੇ ਦੀਆਂ ਉੱਥੇ ਹੀ ਖੜ੍ਹੀਆਂ ਹਨ। ਭਾਜਪਾ ਸਰਕਾਰ ਨੇ ਦੇਸ਼ ਨੂੰ ਮਹਿੰਗਾਈ ਦੇ ਹਾਈਵੇਅ 'ਤੇ ਚੜ੍ਹਾ ਦਿੱਤਾ ਹੈ।

## ਸੰਪਾਦਕੀ

# 'ਕਵਾਡ' ਦੀ ਮੀਟਿੰਗ

ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਕਾਰਨ ਪੈਦਾ ਹੋਏ ਡੂੰਘੇ ਹੁੰਦੇ ਵਿਸ਼ਵ ਸੰਕਟ ਦੇ ਵਿਚਕਾਰ, ਕਵਾਡ ਦੇਸ਼ਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਹੋਣ ਵਾਲੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਹ ਮੀਟਿੰਗ ਭਾਰਤ ਵੱਲੋਂ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਕੀਤੀ ਜਾਵੇਗੀ। ਰਿਪੋਰਟਾਂ ਅਨੁਸਾਰ ਇਸ ਮੀਟਿੰਗ ਵਿੱਚ ਹਿੰਦ-ਪ੍ਰਸ਼ਾਂਤ ਖੇਤਰ ਦੀ ਮੌਜੂਦਾ ਸਥਿਤੀ 'ਤੇ ਚਰਚਾ ਕੀਤੀ ਜਾਵੇਗੀ, ਨਾਲ ਹੀ ਵਿਸ਼ਵ ਊਰਜਾ ਸੰਕਟ ਨੂੰ ਹੱਲ ਕਰਨ ਦੇ ਉਪਾਵਾਂ 'ਤੇ ਚਰਚਾ ਕੀਤੀ ਜਾਵੇਗੀ। ਪਹਿਲਾਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੀਨ ਫੇਰੀ ਨੇ ਉਮੀਦ ਜਤਾਈ ਸੀ ਕਿ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਦਾ ਰਸਤਾ ਲੱਭਿਆ ਜਾਵੇਗਾ, ਪਰ ਦੋਵਾਂ ਰਾਸ਼ਟਰ ਮੁਖੀਆਂ ਵਿਚਕਾਰ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ। ਕਵਾਡ ਦੇਸ਼ਾਂ ਵਿੱਚੋਂ ਭਾਰਤ ਮੌਜੂਦਾ ਹਾਲਾਤਾਂ ਵਿੱਚ ਇਸ ਵਿਸ਼ਵ ਸੰਕਟ ਦਾ ਸਭ ਤੋਂ ਵੱਧ ਪ੍ਰਭਾਵ ਝੱਲ ਰਿਹਾ ਹੈ। ਕਿਉਂਕਿ ਭਾਰਤ ਇਸ ਸਮੇਂ ਕਵਾਡ ਦੀ ਪ੍ਰਧਾਨਗੀ ਕਰ ਰਿਹਾ ਹੈ, ਇਸ ਲਈ ਉਮੀਦ ਕੀਤੀ ਜਾਂਦੀ ਹੈ ਕਿ ਇਸ ਮੀਟਿੰਗ ਵਿੱਚ ਊਰਜਾ ਸੰਕਟ ਦਾ ਮੁੱਦਾ ਉਜਾਗਰ ਕੀਤਾ ਜਾਵੇਗਾ। ਇਹ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਕਵਾਡ ਵਿੱਚ ਅਮਰੀਕਾ ਵੀ ਸ਼ਾਮਲ ਹੈ ਅਤੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਟਕਰਾਅ ਨੇ ਇਸ ਸੰਕਟ ਦਾ ਕਾਰਨ ਬਣਾਇਆ ਹੈ। ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ 26 ਮਈ ਨੂੰ ਹੋਵੇਗੀ ਅਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਸ਼ਨੀਵਾਰ ਨੂੰ ਭਾਰਤ ਪਹੁੰਚੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਦੁਵੱਲੇ ਸਬੰਧਾਂ ਦੇ ਵੱਖ-ਵੱਖ ਪਹਿਲੂਆਂ, ਖਾਸ ਕਰਕੇ ਰੱਖਿਆ, ਵਪਾਰ, ਊਰਜਾ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਚਰਚਾ ਕੀਤੀ। ਪੱਛਮੀ ਏਸ਼ੀਆ ਦੀ ਸਥਿਤੀ 'ਤੇ ਵੀ ਚਰਚਾ ਕੀਤੀ ਗਈ। ਹੁਣ ਸਾਰਿਆਂ ਦੀਆਂ ਨਜ਼ਰਾਂ ਕਵਾਡ ਮੀਟਿੰਗ 'ਤੇ ਟਿਕੀਆਂ ਹੋਈਆਂ ਹਨ ਕਿ ਕਿਹੜੇ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਇਸ ਸਮੇਂ ਜੰਗਬੰਦੀ ਲਾਗੂ ਹੈ, ਪਰ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੀਆਂ ਅਮਰੀਕੀ ਕੋਸ਼ਿਸ਼ਾਂ ਹੁਣ ਤੱਕ ਅਸਫਲ ਰਹੀਆਂ ਹਨ। ਇਸ ਦੀ ਬਜਾਏ, ਹੋਰਮੁਜ਼ ਦੇ ਆਲੇ-ਦੁਆਲੇ ਅਮਰੀਕੀ ਨਾਕਾਬੰਦੀ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਦੋਵੇਂ ਦੇਸ਼ ਆਪਣੀਆਂ-ਆਪਣੀਆਂ ਸ਼ਰਤਾਂ 'ਤੇ ਅੜੇ ਹਨ, ਜਿਸ ਨਾਲ ਸ਼ਾਂਤੀ ਵਾਰਤਾ ਦੇ ਰਸਤੇ 'ਤੇ ਅਨਿਸ਼ਚਿਤਤਾ ਫੈਲ ਗਈ ਹੈ। ਇਹੀ ਕਾਰਨ ਹੈ ਕਿ ਊਰਜਾ ਅਤੇ ਹੋਰ ਜ਼ਰੂਰੀ ਵਸਤੂਆਂ ਦੀ ਘਾਟ ਦਾ ਵਿਸ਼ਵਵਿਆਪੀ ਸੰਕਟ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਪੱਛਮੀ ਏਸ਼ੀਆ ਵਿੱਚ ਟਕਰਾਅ ਤੋਂ ਪੈਦਾ ਹੋਏ ਵਿਸ਼ਵਵਿਆਪੀ ਸੰਕਟ ਦਾ ਭਾਰਤ 'ਤੇ ਪ੍ਰਭਾਵ ਦਾ ਇਸ ਤੱਥ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ਼ਨੀਵਾਰ ਨੂੰ ਦਸ ਦਿਨਾਂ ਤੋਂ ਵੀ ਘੱਟ ਸਮੇਂ ਵਿੱਚ ਦੇਸ਼ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਤੀਜੀ ਵਾਰ ਵਧਾਈਆਂ ਗਈਆਂ। ਪੈਟਰੋਲ ਦੀਆਂ ਕੀਮਤਾਂ ਵਿੱਚ 87 ਪੈਸੇ ਪ੍ਰਤੀ ਲੀਟਰ, ਜਦੋਂ ਕਿ ਡੀਜ਼ਲ ਵਿੱਚ 91 ਪੈਸੇ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ। ਸੀਐਨਜੀ ਦੀਆਂ ਕੀਮਤਾਂ ਵਿੱਚ ਵੀ ਪ੍ਰਤੀ ਕਿਲੋਗ੍ਰਾਮ ਇੱਕ ਰੁਪਏ ਦਾ ਵਾਧਾ ਹੋਇਆ ਹੈ। ਸਪੱਸ਼ਟ ਹੈ ਕਿ ਬਾਲਣ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਆਉਣ ਵਾਲੇ ਦਿਨਾਂ ਵਿੱਚ ਰੋਜ਼ਾਨਾ ਦੀਆਂ ਚੀਜ਼ਾਂ ਦੀਆਂ ਕੀਮਤਾਂ ਵੱਧ ਜਾਣਗੀਆਂ। ਕੁੱਲ ਮਿਲਾ ਕੇ, ਆਮ ਆਦਮੀ ਇਸ ਸੰਕਟ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਮੁੱਦੇ ਨੂੰ ਕਵਾਡ ਮੀਟਿੰਗ ਵਿੱਚ ਉਭਾਰਿਆ ਜਾਵੇ ਅਤੇ ਸੰਕਟ ਦਾ ਸਥਾਈ ਹੱਲ ਲੱਭਣ ਲਈ ਯਤਨ ਕੀਤੇ ਜਾਣ। ਇਹ ਸੰਗਠਨ, ਜਿਸ ਵਿੱਚ ਭਾਰਤ, ਸੰਯੁਕਤ ਰਾਜ, ਆਸਟਰੇਲੀਆ ਅਤੇ ਜਪਾਨ ਸ਼ਾਮਲ ਹਨ, ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ 'ਤੇ ਕੇਂਦ੍ਰਿਤ ਇੱਕ ਮੁੱਖ ਸਮੂਹ ਵਜੋਂ ਉਭਰਿਆ ਹੈ। ਇਸ ਕਵਾਡ ਮੀਟਿੰਗ ਨੂੰ ਇਸ ਲਈ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਵਿੱਚ ਸਮੁੰਦਰੀ ਸੁਰੱਖਿਆ, ਬੁਨਿਆਦੀ ਢਾਂਚੇ ਅਤੇ ਸੰਪਰਕ ਵਰਗੇ ਮੁੱਦਿਆਂ ਵਿੱਚ ਡੂੰਘਾਈ ਨਾਲ ਜਾਣ ਦੀ ਸੰਭਾਵਨਾ ਹੈ।

**-ਜਗਜੀਤ ਸਿੰਘ ਦਰਦੀ**

## 2027 ਦੇ ਪੰਜਾਬ ਦੀ ਦਲਿਤ ਰਾਜਨੀਤੀ ਉਥਲ-ਪੁਥਲ ਕਰ ਸਕਦੀ ਹੈ

# ਅੱਜ ਪੰਜਾਬ ਦੀ ਦਲਿਤ ਰਾਜਨੀਤੀ : ਕੀ ਸਿਆਸੀ ਦਲਾਂ ਲਈ ਸਿਰਫ਼ ਵੋਟ ਬੈਂਕ ਹੈ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਦੀ ਰਾਜਨੀਤੀ ਨੂੰ ਅਕਸਰ ਸਰਮਾਏਦਾਰ ਉਚ ਰਸੂਖ ਜਾਤੀ ਵਾਲੇ ਕਿਸਾਨ ਅਗਵਾਈ ਅਤੇ ਪੰਥਕ ਧੁਰਿਆਂ, ਖੇਤਰੀ ਪਾਰਟੀਆਂ ਅਤੇ ਕੇਂਦਰ-ਰਾਜ ਦੇ ਟਕਰਾਅ ਦੀ ਰਾਜਨੀਤੀ ਵਜੋਂ ਵੇਖਿਆ ਗਿਆ ਹੈ ਪਰ ਪੰਜਾਬ ਦੇ ਸਮਾਜਿਕ ਢਾਂਚੇ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਗੰਭੀਰ ਹਕੀਕਤ ਇਹ ਹੈ ਕਿ ਇੱਥੇ ਦਲਿਤ ਭਾਈਚਾਰਾ ਦੇਸ਼ ਦੇ ਕਿਸੇ ਵੀ ਰਾਜ ਨਾਲੋਂ ਸਭ ਤੋਂ ਵੱਧ ਅਨੁਪਾਤ ਵਿੱਚ ਵੱਸਦਾ ਹੈ। ਪਿਛਲੇ 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਲਗਭਗ 31.9 ਪ੍ਰਤੀਸ਼ਤ ਸੀ, ਪਰ ਕਈ ਸਮਾਜਿਕ ਅਧਿਐਨ ਅਤੇ ਖੇਤਰੀ ਅੰਕੜੇ ਇਸ ਨੂੰ 35 ਪ੍ਰਤੀਸ਼ਤ ਤੋਂ ਵੀ ਉੱਪਰ ਮੰਨਦੇ ਹਨ। ਖਾਸ ਕਰਕੇ ਦੋਆਬਾ ਖੇਤਰ—ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਨਵਾਂਸ਼ਹਿਰ—ਵਿੱਚ ਇਹ ਅਨੁਪਾਤ 38 ਤੋਂ 42 ਪ੍ਰਤੀਸ਼ਤ ਤੱਕ ਮੰਨਿਆ ਜਾਂਦਾ ਹੈ। ਅੱਜ ਇਹ ਇੱਕ ਵੱਡਾ ਵਿਰੋਧਾਭਾਸ ਹੈ ਕਿ ਜਿਹੜਾ ਭਾਈਚਾਰਾ ਪੰਜਾਬ ਦੀ ਅਬਾਦੀ ਦਾ ਤਕਰੀਬਨ ਤੀਜਾ ਹਿੱਸਾ ਹੈ, ਉਹੀ ਰਾਜ ਦੀ ਸਿਆਸੀ, ਆਰਥਿਕ ਅਤੇ ਸੰਸਥਾਗਤ ਤਾਕਤ ਵਿੱਚ ਸਭ ਤੋਂ ਘੱਟ ਨਜ਼ਰ ਆਉਂਦਾ ਹੈ। ਪੰਜਾਬ ਵਿੱਚ ਦਲਿਤ ਸਮਾਜ ਨੇ ਹਮੇਸ਼ਾਂ ਵੋਟ ਤਾਂ ਦਿੱਤੀ, ਪਰ ਸੱਤਾ ਦੀ ਕਮਾਨ ਬਹੁਤ ਘੱਟ ਵਾਰ ਉਸਦੇ ਹੱਥ ਆਈ। ਇਹੀ ਕਾਰਨ ਹੈ ਕਿ ਅੱਜ 2027 ਦੀਆਂ ਚੋਣਾਂ ਵੱਲ ਵਧਦੇ ਹੋਏ ਇੱਕ ਵੱਡਾ ਸਵਾਲ ਉੱਠ ਰਿਹਾ ਹੈ—ਕੀ ਦਲਿਤ ਵੋਟ ਹੁਣ ਰਵਾਇਤੀ ਪਾਰਟੀਆਂ ਦੇ ਪਿੱਛੇ ਹੀ ਚੱਲੇਗੀ ਜਾਂ ਆਪਣੀ ਵੱਖਰੀ ਰਾਜਨੀਤਿਕ ਪਹਿਚਾਣ ਦੀ ਖੋਜ ਕਰੇਗੀ? ਅੱਜ ਪੰਜਾਬ ਦੀ ਦਲਿਤ ਅਬਾਦੀ ਸਿਰਫ਼ ਅੰਕੜਾ ਨਹੀਂ, ਸਿਆਸੀ ਕੇਂਦਰ ਵਿੱਚ ਹੈ। ਅੱਜ ਪੰਜਾਬ ਵਿੱਚ ਦਲਿਤ ਭਾਈਚਾਰਾ ਸਿਰਫ਼ ਇੱਕ ਸਮਾਜਿਕ ਵਰਗ ਨਹੀਂ, ਸਗੋਂ ਇੱਕ ਸੰਭਾਵੀ ਸਿਆਸੀ ਧੁਰਾ ਹੈ। ਰਵਿਦਾਸੀਆ, ਮਜ਼ਹਬੀ ਸਿੱਖ, ਆਦਿਧਰਮੀ, ਬਾਲਮੀਕੀ, ਰਾਮਦਾਸੀਆ ਅਤੇ ਹੋਰ ਕਈ ਉਪ-ਭਾਈਚਾਰੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਵੱਸਦੇ ਹਨ। ਅੱਜ ਦੋਆਬਾ ਖੇਤਰ ਨੂੰ ਤਾਂ ਕਈ ਵਾਰ ਦਲਿਤ ਬੈਲਟ ਵੀ ਕਿਹਾ ਜਾਂਦਾ ਹੈ। ਜਲੰਧਰ ਲੋਕ ਸਭਾ ਹਲਕੇ ਅਤੇ ਆਸਪਾਸ ਦੀਆਂ ਕਈ ਵਿਧਾਨ ਸਭਾ ਸੀਟਾਂ 'ਤੇ ਦਲਿਤ ਵੋਟ ਨਿਰਣਾਇਕ ਮੰਨੀ ਜਾਂਦੀ ਹੈ। ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ 34 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ। ਇਹ ਗਿਣਤੀ ਆਪ ਹੀ ਦੱਸਦੀ ਹੈ ਕਿ ਕੋਈ ਵੀ ਪਾਰਟੀ ਦਲਿਤ ਵੋਟ ਤੋਂ ਬਿਨਾਂ ਪੰਜਾਬ ਵਿੱਚ ਪੂਰੀ ਤਾਕਤ ਨਾਲ ਸੱਤਾ ਤੱਕ ਨਹੀਂ ਪਹੁੰਚ ਸਕਦੀ ਪਰ ਇੱਥੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇ ਵੋਟ ਐਨੀ ਵੱਡੀ ਹੈ ਤਾਂ ਹੱਕ ਕਿਉਂ ਨਹੀਂ?

ਅੱਜ ਦਲਿਤ ਵੋਟ ਹਮੇਸ਼ਾਂ ਸਪੋਰਟ ਬੇਸ, ਕਦੇ ਪਾਵਰ ਸੈਂਟਰ ਨਹੀਂ ਬਣ ਸਕਿਆ ਹੈ। ਅੱਜ ਪੰਜਾਬ ਦੀ ਰਾਜਨੀਤੀ ਵਿੱਚ ਕਾਂਗਰਸ ਨੇ ਲੰਬੇ ਸਮੇਂ ਤੱਕ ਦਲਿਤ ਵੋਟ ਨੂੰ ਆਪਣੇ ਕੋਰ ਵੋਟ ਬੈਂਕ ਵਜੋਂ ਰੱਖਿਆ। ਅਕਾਲੀ ਦਲ ਨੇ ਪੰਥਕ ਰਾਜਨੀਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਭਾਵ ਰਾਹੀਂ ਕੁਝ ਹੱਦ ਤੱਕ ਦਲਿਤ ਸਿੱਖ ਭਾਈਚਾਰੇ ਨਾਲ ਸਬੰਧ ਬਣਾਏ। ਬਹੁਜਨ ਸਮਾਜ ਪਾਰਟੀ ਨੇ 1990 ਦੇ ਦਹਾਕੇ ਵਿੱਚ ਦਲਿਤ ਸਿਆਸਤ ਨੂੰ ਇੱਕ ਨਵਾਂ ਵਿਸ਼ਵਾਸ ਦਿੱਤਾ, ਪਰ ਉਹ ਲਹਿਰ ਲੰਬੀ ਨਹੀਂ ਚੱਲੀ ਹੈ। ਇਹ ਸੱਚ ਹੈ ਕਿ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ, ਪਰ ਇਸ ਫੈਸਲੇ ਨੂੰ ਵੀ ਬਹੁਤ ਲੋਕ ਚੋਣ ਰਣਨੀਤੀ ਵਜੋਂ ਵੇਖਦੇ ਹਨ। ਚੰਨੀ ਸਿਰਫ਼ ਕੁਝ ਮਹੀਨੇ ਲਈ ਮੁੱਖ ਮੰਤਰੀ ਰਹੇ ਅਤੇ ਚੋਣਾਂ ਤੋਂ ਬਾਅਦ ਕਾਂਗਰਸ ਖੁਦ ਸੱਤਾ ਤੋਂ ਬਾਹਰ ਹੋ ਗਈ। ਇਸ ਘਟਨਾ ਨੇ ਦੋ ਤਸਵੀਰਾਂ ਸਾਹਮਣੇ ਰੱਖੀਆਂ—ਪੰਜਾਬ ਦੀ ਰਾਜਨੀਤੀ ਦਲਿਤ ਮੁੱਖ ਮੰਤਰੀ ਨੂੰ ਸਵੀਕਾਰ ਤਾਂ ਕਰ ਸਕਦੀ ਹੈ ਪਰ ਕੀ ਸਿਸਟਮ ਉਸਨੂੰ ਲੰਬੇ ਸਮੇਂ ਲਈ ਸਿਆਸੀ ਕੇਂਦਰ ਬਣਨ ਦੇਵੇਗਾ?

ਇਹ ਸਵਾਲ ਅੱਜ ਵੀ ਖੜ੍ਹਾ ਹੈ। ਅੱਜ ਜ਼ਮੀਨ, ਸਿੱਖਿਆ ਅਤੇ ਆਰਥਿਕ ਹਕੀਕਤ ਨੂੰ ਵੇਖਿਆ ਜਾਵੇ ਤਾਂ ਇਹ ਪੰਜਾਬ ਦੇ ਦਲਿਤ ਭਾਈਚਾਰੇ ਦੀ ਸਭ ਤੋਂ ਵੱਡੀ ਸਮੱਸਿਆ ਸਿਰਫ਼ ਸਿਆਸੀ ਨਹੀਂ, ਆਰਥਿਕ ਵੀ ਹੈ। ਰਾਜ ਦੇ ਪਿੰਡਾਂ ਵਿੱਚ ਦਲਿਤਾਂ ਕੋਲ ਖੇਤੀਬਾੜੀ ਵਾਲੀ ਜ਼ਮੀਨ ਬਹੁਤ ਘੱਟ ਹੈ। ਬਹੁਤ ਵੱਡੀ ਗਿਣਤੀ ਖੇਤ ਮਜ਼ਦੂਰਾਂ ਦੀ ਹੈ। ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਦੇ ਠੇਕਿਆਂ 'ਤੇ ਵੀ ਕਈ ਵਾਰ ਉੱਚ ਜਾਤੀ ਦਬਦਬਾ ਦੇਖਣ ਨੂੰ ਮਿਲਦਾ ਹੈ। ਕਈ ਜ਼ਿਲ੍ਹਿਆਂ ਵਿੱਚ ਪੰਚਾਇਤੀ ਜ਼ਮੀਨਾਂ ਨੂੰ ਲੈ ਕੇ ਟਕਰਾਅ ਅਤੇ ਅਦਾਲਤੀ ਮਾਮਲੇ ਵੀ ਹੁੰਦੇ ਰਹੇ ਹਨ।

ਅੱਜ ਇਸਦੇ ਨਾਲ ਹੀ ਸਿੱਖਿਆ ਵਿੱਚ ਵੀ ਵੱਡੀ ਅਸਮਾਨਤਾ ਹੈ। ਦੋਆਬਾ ਵਿੱਚ ਵਿਦੇਸ਼ ਜਾਣ ਅਤੇ ਪ੍ਰਵਾਸੀ ਸੰਬੰਧਾਂ ਕਾਰਨ ਕੁੱਝ ਦਲਿਤ ਪਰਿਵਾਰ ਆਰਥਿਕ ਤੌਰ 'ਤੇ ਮਜ਼ਬੂਤ ਹੋਏ ਹਨ, ਪਰ ਮਾਲਵਾ ਅਤੇ ਮਾਝਾ ਖੇਤਰ ਵਿੱਚ ਹਾਲਾਤ ਅਜੇ ਵੀ ਕਾਫ਼ੀ ਮੁਸ਼ਕਲ ਹਨ। ਅੱਜ ਪੰਜਾਬ ਦੇ ਸਮਾਜ ਵਿੱਚ ਇੱਕ ਮਨੋਵਿਗਿਆਨਕ ਵੰਡ ਵੀ ਰਹੀ ਹੈ। ਗੁਰਦੁਆਰਿਆਂ ਤੋਂ ਲੈ ਕੇ ਵਿਆਹ ਸਮਾਗਮਾਂ ਤੱਕ ਕਈ ਥਾਵਾਂ 'ਤੇ ਅਲੱਗ ਸਮਾਜਿਕ ਪਹਿਚਾਣਾਂ ਅਜੇ ਵੀ ਮੌਜੂਦ ਹਨ। ਰਵਿਦਾਸੀਆ ਧਰਮ ਸਥਾਨਾਂ ਅਤੇ ਵੱਖਰੇ ਡੇਰਿਆਂ ਦਾ ਵਧਦਾ ਪ੍ਰਭਾਵ ਇਸ ਸਮਾਜਿਕ ਦੂਰੀ ਦੀ ਇੱਕ ਝਲਕ ਵੀ ਹੈ।

ਅੱਜ ਡੇਰਾ ਰਾਜਨੀਤੀ ਧਾਰਮਿਕ ਸਨਮਾਨ ਜਾਂ ਸਿਆਸੀ ਗਣਿਤ ਹੈ। ਪੰਜਾਬ ਦੀ ਰਾਜਨੀਤੀ ਵਿੱਚ ਡੇਰਿਆਂ ਦਾ ਪ੍ਰਭਾਵ ਨਵਾਂ ਨਹੀਂ। ਪਰ ਪਿਛਲੇ ਇੱਕ ਦਹਾਕੇ ਵਿੱਚ ਇਹ ਪ੍ਰਭਾਵ ਕਾਫ਼ੀ ਵਧਿਆ ਹੈ। ਡੇਰਾ ਬੱਲਾਂ ਵਰਗੇ ਡੇਰਿਆਂ ਨੇ ਦਲਿਤ ਭਾਈਚਾਰੇ ਵਿੱਚ ਸਮਾਜਿਕ ਅਤੇ ਆਧਿਆਤਮਿਕ ਪਛਾਣ ਨੂੰ ਮਜ਼ਬੂਤ ਕੀਤਾ ਹੈ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡੇਰਾ ਸੱਚਖੰਡ ਬੱਲਾਂ ਪਹੁੰਚੇ, ਤਾਂ ਇਸ ਨੂੰ ਸਿਰਫ਼ ਧਾਰਮਿਕ ਦੌਰਾ ਨਹੀਂ ਮੰਨਿਆ ਗਿਆ। ਇਸ ਨੂੰ ਪੰਜਾਬ ਦੀ ਦਲਿਤ ਰਾਜਨੀਤੀ ਵੱਲ ਇੱਕ ਸਿੱਧਾ ਸੰਦੇਸ਼ ਵਜੋਂ ਵੇਖਿਆ ਗਿਆ।

ਅੱਜ ਭਾਜਪਾ ਨੇ ਇਹ ਸਮਝ ਲਿਆ ਹੈ ਕਿ ਪੰਜਾਬ ਵਿੱਚ ਜੇਕਰ ਉਸਨੂੰ ਮਜ਼ਬੂਤ ਹੋਣਾ ਹੈ ਤਾਂ ਸਿਰਫ਼ ਸ਼ਹਿਰੀ ਹਿੰਦੂ ਵੋਟ ਕਾਫ਼ੀ ਨਹੀਂ। ਉਸਨੂੰ ਦਲਿਤ ਅਤੇ ਡੇਰਾ ਆਧਾਰਿਤ ਸਮਾਜਿਕ ਢਾਂਚਿਆਂ ਵਿੱਚ ਵੀ ਦਾਖਲਾ ਲੈਣਾ ਪਵੇਗਾ। ਇਸੇ ਕਰਕੇ ਭਾਜਪਾ ਨੇ ਦਲਿਤ ਚਿਹਰਿਆਂ ਨੂੰ ਅੱਗੇ ਲਿਆਉਣ, ਰਵਿਦਾਸ ਜਯੰਤੀ ਸਮਾਗਮਾਂ ਵਿੱਚ ਹਿੱਸਾ ਲੈਣ ਅਤੇ ਡੇਰਾ ਸੰਪਰਕ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਅੱਜ ਕੀ ਰਵਾਇਤੀ ਪਾਰਟੀਆਂ ਦਲਿਤਾਂ ਨੂੰ ਸਿਰਫ਼ ਵੋਟ ਬੈਂਕ ਮੰਨਦੀਆਂ ਰਹੀਆਂ ਹਨ। ਇਹ ਆਲੋਚਨਾ ਲੰਮੇ ਸਮੇਂ ਤੋਂ ਹੁੰਦੀ ਰਹੀ ਹੈ ਕਿ ਪੰਜਾਬ ਦੀਆਂ ਮੁੱਖ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਅਤੇ ਹੋਰ—ਦਲਿਤ ਭਾਈਚਾਰੇ ਨੂੰ ਵੋਟਰ ਵਜੋਂ ਤਾਂ ਦੇਖਦੀਆਂ ਹਨ, ਪਰ ਨੇਤ੍ਰਿਤਵ ਵਜੋਂ ਨਹੀਂ। ਅੱਜ ਰਾਖਵੀਆਂ ਸੀਟਾਂ 'ਤੇ ਚੋਣ ਲੜਾਉਣਾ ਅਤੇ ਅਸਲੀ ਫੈਸਲੇ ਲੈਣ ਵਾਲੇ ਕੇਂਦਰਾਂ ਵਿੱਚ ਹਿੱਸਾ ਦੇਣਾ—ਇਹ ਦੋ ਵੱਖ ਗੱਲਾਂ ਹਨ। ਬਹੁਤ ਵਾਰ ਦਲਿਤ ਵਿਧਾਇਕ ਜਾਂ ਮੰਤਰੀ ਬਣੇ, ਪਰ ਮੁੱਖ ਨੀਤੀਗਤ ਫੈਸਲਿਆਂ ਵਿੱਚ ਉਹਨਾਂ ਦੀ ਭੂਮਿਕਾ ਸੀਮਿਤ ਰਹੀ ਹੈ।

ਅੱਜ ਪੰਜਾਬ ਦੀ ਰਾਜਨੀਤੀ ਵਿੱਚ ਪਾਵਰ ਸਟਰਕਚਰ ਅਜੇ ਵੀ ਵੱਡੇ ਜਮੀਨਦਾਰ, ਆਰਥਿਕ ਤੌਰ 'ਤੇ ਮਜ਼ਬੂਤ ਅਤੇ ਰਵਾਇਤੀ ਸਿਆਸੀ ਪਰਿਵਾਰਾਂ ਦੇ ਆਲੇ-ਦੁਆਲੇ ਘੁੰਮਦਾ ਹੈ। ਇਸੇ ਕਰਕੇ ਦਲਿਤ ਸਮਾਜ ਵਿੱਚ ਇਹ ਭਾਵਨਾ ਵਧੀ ਹੈ ਕਿ ਉਹ ਗਿਣਤੀ ਵਿੱਚ ਵੱਡੇ ਹਨ ਪਰ ਹਿੱਸੇਦਾਰੀ ਵਿੱਚ ਨਹੀਂ ਹੈ। ਪੰਜਾਬ ਵਿੱਚ ਬਹੁਜਨ ਰਾਜਨੀਤੀ ਕਿਉਂ ਮਜ਼ਬੂਤ ਨਹੀਂ ਹੋ ਸਕੀ ਇਹ ਇੱਕ ਮਹੱਤਵਪੂਰਨ ਸਵਾਲ ਹੈ ਕਿ ਜਦੋਂ ਉੱਤਰ ਪ੍ਰਦੇਸ਼ ਵਿੱਚ ਮਾਇਆਵਤੀ ਵਰਗੀ ਨੇਤਾ ਸ਼ਕਤੀ ਉਭਰ ਸਕਦੀ ਹੈ ਤਾਂ ਪੰਜਾਬ ਵਿੱਚ ਬਹੁਜਨ ਰਾਜਨੀਤੀ ਕਿਉਂ ਮਜ਼ਬੂਤ ਨਹੀਂ ਹੋਈ। ਇਸਦੇ ਕਈ ਕਾਰਨ ਹਨ— ਅੱਜ. ਦਲਿਤ ਭਾਈਚਾਰੇ ਦੀ ਅੰਦਰੂਨੀ ਵੰਡ ਅਤੇ ਪੰਜਾਬ ਵਿੱਚ ਦਲਿਤ ਸਮਾਜ ਕਈ ਉਪ-ਭਾਈਚਾਰਿਆਂ ਵਿੱਚ ਵੰਡਿਆ ਹੋਇਆ ਹੈ। ਹਰ ਖੇਤਰ ਦੀ ਆਪਣੀ ਵੱਖਰੀ ਸਮਾਜਿਕ ਅਤੇ ਧਾਰਮਿਕ ਪਛਾਣ ਹੈ। ਇਹ ਇਕਜੁਟ ਸਿਆਸੀ ਲਹਿਰ ਬਣਾਉਣ ਵਿੱਚ ਰੁਕਾਵਟ ਬਣੀ। ਸਿੱਖ ਪੰਥਕ ਰਾਜਨੀਤੀ ਅਤੇ ਡੇਰਾ ਪ੍ਰਭਾਵ ਨੇ ਕਈ ਵਾਰ ਦਲਿਤ ਰਾਜਨੀਤੀ ਨੂੰ ਵੱਖਰੇ ਧੁਰਿਆਂ ਵਿੱਚ ਵੰਡਿਆ। ਅੱਜ ਪਿੰਡਾਂ ਵਿੱਚ ਖੇਤੀਬਾੜੀ ਅਤੇ ਮਜ਼ਦੂਰੀ ਸਬੰਧਾਂ ਨੇ ਵੀ ਖੁੱਲ੍ਹੀ ਸਿਆਸੀ ਬਗਾਵਤ ਨੂੰ ਕਈ ਵਾਰ ਸੀਮਿਤ ਕੀਤਾ ਹੈ। ਪੰਜਾਬ ਵਿੱਚ ਕੋਈ ਐਸਾ ਲੰਬੇ ਸਮੇਂ ਦਾ ਦਲਿਤ ਨੇਤਾ ਨਹੀਂ ਬਣ ਸਕਿਆ ਜੋ ਪੂਰੇ ਰਾਜ ਦੇ ਦਲਿਤ ਸਮਾਜ ਨੂੰ ਇਕੱਠਾ ਕਰ ਸਕੇ। ਅੱਜ ਆਮ ਆਦਮੀ ਪਾਰਟੀ ਨੇ ਦਲਿਤ ਭਾਈਚਾਰੇ ਵਿੱਚ ਪੰਜਾਬ ਵਿੱਚ ਵੱਡੀ ਜਿੱਤ ਹਾਸਲ ਕੀਤੀ। ਉਸਨੇ ਰਵਾਇਤੀ ਸਿਆਸੀ ਢਾਂਚਿਆਂ ਤੋਂ ਤੰਗ ਲੋਕਾਂ ਨੂੰ ਇੱਕ ਨਵਾਂ ਵਿਕਲਪ ਦਿੱਤਾ ਪਰ ਦਲਿਤ ਪ੍ਰਤੀਨਿੱਧਤਾ ਦੇ ਮਾਮਲੇ ਵਿੱਚ ਉਸਨੂੰ ਵੀ ਹੁਣ ਵੱਡੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਦਲਿਤ ਸਮਾਜ ਦੇ ਬਹੁਤ ਸਾਰੇ ਹਿੱਸੇ ਨੂੰ ਲੱਗਦਾ ਹੈ ਕਿ ਭਾਵੇਂ ਬਦਲਾਅ ਦੀ ਗੱਲ ਹੋਈ, ਪਰ ਅਸਲੀ ਤਾਕਤ ਦੇ ਕੇਂਦਰਾਂ ਵਿੱਚ ਅਜੇ ਵੀ ਉਹਨਾਂ ਦੀ ਪੂਰੀ ਹਿੱਸੇਦਾਰੀ ਨਹੀਂ ਬਣੀ। ਅੱਜ 2027 ਦੀਆਂ ਚੋਣਾਂ ਵਿੱਚ ਇਹ ਮਸਲਾ ਹੋਰ ਵੱਡਾ ਹੋ ਸਕਦਾ ਹੈ। 2027 ਵਿੱਚ ਕੀ ਦਲਿਤ ਵੋਟ ਨਵਾਂ ਰੁਖ ਲਵੇਗੀ? ਹੁਣ ਪੰਜਾਬ ਦੀ ਰਾਜਨੀਤੀ ਦਾ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ 2027 ਵਿੱਚ ਦਲਿਤ ਵੋਟ ਕਿੱਥੇ ਜਾਵੇਗੀ। ਰਵਾਇਤੀ ਪਾਰਟੀਆਂ ਵੱਲ ਵਾਪਸੀ ਅਤੇ ਜੇ ਕਾਂਗਰਸ ਦਲਿਤ ਨੇਤ੍ਰਿਤਵ ਨੂੰ ਦੁਬਾਰਾ ਮਜ਼ਬੂਤ ਕਰਦੀ ਹੈ ਜਾਂ ਚੰਨੀ ਵਰਗੇ ਚਿਹਰੇ ਨੂੰ ਕੇਂਦਰ ਵਿੱਚ ਲਿਆਉਂਦੀ ਹੈ ਤਾਂ ਇੱਕ ਹਿੱਸਾ ਮੁੜ ਕਾਂਗਰਸ ਵੱਲ ਜਾ ਸਕਦਾ ਹੈ। ਅੱਜ ਭਾਜਪਾ ਅਤੇ ਡੇਰਾ ਕਨੈਕਸ਼ਨ ਤੇ ਭਾਜਪਾ ਡੇਰਾ ਸੰਪਰਕ, ਧਾਰਮਿਕ ਪਛਾਣ ਅਤੇ ਕੇਂਦਰੀ ਯੋਜਨਾਵਾਂ ਦੇ ਜ਼ਰੀਏ ਦਲਿਤ ਵੋਟ ਵਿੱਚ ਵੱਡੀ ਦਾਖਲਦਾਰੀ ਦੀ ਕੋਸ਼ਿਸ਼ ਕਰੇਗੀ। ਅੱਜ ਜੇਕਰ ਕੋਈ ਨਵਾਂ ਸਮਾਜਿਕ-ਸਿਆਸੀ ਮੰਚ ਬਣਦਾ ਹੈ ਤਾਂ ਪੰਜਾਬ ਵਿੱਚ ਇੱਕ ਨਵੀਂ ਬਹੁਜਨ ਰਾਜਨੀਤੀ ਉਭਰ ਸਕਦੀ ਹੈ ਹਾਲਾਂਕਿ ਇਸ ਲਈ ਮਜ਼ਬੂਤ ਸੰਗਠਨ ਅਤੇ ਇਕਜੁਟ ਅਗਵਾਈ ਦੀ ਲੋੜ ਹੋਵੇਗੀ। ਅੱਜ ਸਭ ਤੋਂ ਵੱਡੀ ਸੰਭਾਵਨਾ ਇਹ ਵੀ ਹੈ ਕਿ ਦਲਿਤ ਵੋਟ ਇੱਕ ਧੁਰੇ 'ਤੇ ਨਾ ਜਾ ਕੇ ਵੱਖ-ਵੱਖ ਪਾਰਟੀਆਂ ਵਿੱਚ ਵੰਡ ਜਾਵੇ, ਜਿਸਦਾ ਫਾਇਦਾ ਰਵਾਇਤੀ ਸਿਆਸੀ ਤਾਕਤਾਂ ਨੂੰ ਮਿਲੇ। ਅੱਜ ਦਲਿਤ ਸਮਾਜ ਨੂੰ ਹੁਣ ਕਿਹੜੇ ਸਵਾਲ ਪੁੱਛਣੇ ਪੈਣਗੇ? 2027 ਦੀਆਂ ਚੋਣਾਂ ਸਿਰਫ਼ ਇਹ ਨਹੀਂ ਨਿਰਧਾਰਤ ਕਰਨਗੀਆਂ ਕਿ ਸਰਕਾਰ ਕਿਸਦੀ ਬਣੇਗੀ। ਇਹ ਚੋਣਾਂ ਇਹ ਵੀ ਤੈਅ ਕਰਨਗੀਆਂ ਕਿ ਪੰਜਾਬ ਦਾ ਦਲਿਤ ਸਮਾਜ ਹੁਣ ਸਿਰਫ਼ ਵੋਟਰ ਰਹੇਗਾ ਜਾਂ ਨੀਤੀ-ਨਿਰਧਾਰਕ ਵੀ ਬਣੇਗਾ।

ਅੱਜ ਦਲਿਤ ਸਮਾਜ ਨੂੰ ਹੁਣ ਕੁਝ ਵੱਡੇ ਸਵਾਲ ਪੁੱਛਣੇ ਪੈਣਗੇ—ਕੀ ਸਿਰਫ਼ ਚੋਣਾਂ ਵੇਲੇ ਯਾਦ ਕਰਨ ਵਾਲੀ ਰਾਜਨੀਤੀ ਕਾਫ਼ੀ ਹੈ?

ਕੀ ਰਾਖਵੀਆਂ ਸੀਟਾਂ ਹੀ ਅਸਲੀ ਹਿੱਸੇਦਾਰੀ ਹਨ?

ਕੀ ਜ਼ਮੀਨ, ਸਿੱਖਿਆ ਅਤੇ ਰੁਜ਼ਗਾਰ ਦੇ ਸਵਾਲਾਂ ਨੂੰ ਕੇਂਦਰ ਵਿੱਚ ਲਿਆਇਆ ਜਾਵੇਗਾ। ਕੀ ਦਲਿਤ ਨੇਤਾਵਾਂ ਨੂੰ ਪ੍ਰਤੀਕ ਤੋਂ ਅੱਗੇ ਲੈ ਜਾ ਕੇ ਅਸਲੀ ਫੈਸਲਾ ਲੈਣ ਵਾਲੀ ਜਗ੍ਹਾ ਦਿੱਤੀ ਜਾਵੇਗੀ? ਕੀ ਉਪ-ਭਾਈਚਾਰਿਆਂ ਦੀ ਵੰਡ ਤੋਂ ਉੱਪਰ ਉੱਠ ਕੇ ਇੱਕ ਸਾਂਝਾ ਸਮਾਜਿਕ ਏਜੰਡਾ ਬਣੇਗਾ? ਅੱਜ ਪੰਜਾਬ ਦੀ ਏਕਤਾ ਅਤੇ ਦਲਿਤ ਸਿਆਸਤ ਨੂੰ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਦਲਿਤ ਸਿਆਸਤ ਦਾ ਮਜ਼ਬੂਤ ਹੋਣਾ ਪੰਜਾਬ ਦੀ ਏਕਤਾ ਦੇ ਵਿਰੁੱਧ ਨਹੀਂ। ਸਗੋਂ ਜੇਕਰ ਪੰਜਾਬ ਦੀ ਸਭ ਤੋਂ ਵੱਡੀ ਸਮਾਜਿਕ ਤਾਕਤ ਨੂੰ ਇੱਜ਼ਤ ਅਤੇ ਹਿੱਸੇਦਾਰੀ ਮਿਲਦੀ ਹੈ ਤਾਂ ਇਹ ਰਾਜ ਨੂੰ ਹੋਰ ਸਥਿਰ ਕਰ ਸਕਦੀ ਹੈ। ਅੱਜ ਜਿਸ ਸਮਾਜ ਵਿੱਚ ਵੱਡੀ ਅਬਾਦੀ ਖੁਦ ਨੂੰ ਹਾਸ਼ੀਏ 'ਤੇ ਮਹਿਸੂਸ ਕਰਦੀ ਹੋਵੇ, ਉੱਥੇ ਅੰਦਰੂਨੀ ਬੇਚੈਨੀ ਵਧਦੀ ਹੈ। ਪੰਜਾਬ ਪਹਿਲਾਂ ਹੀ ਆਰਥਿਕ ਸੰਕਟ, ਬੇਰੁਜ਼ਗਾਰੀ, ਨਸ਼ਿਆਂ, ਪ੍ਰਵਾਸ ਅਤੇ ਸਮਾਜਿਕ ਟਕਰਾਅ ਨਾਲ ਜੂਝ ਰਿਹਾ ਹੈ। ਐਸੇ ਵਿੱਚ ਸਮਾਜਿਕ ਨਿਆਂ ਦਾ ਸਵਾਲ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ।

ਅੱਜ ਪੰਜਾਬ ਦੀ ਦਲਿਤ ਰਾਜਨੀਤੀ ਅੱਜ ਇੱਕ ਮੋੜ 'ਤੇ ਖੜ੍ਹੀ ਹੈ। ਗਿਣਤੀ ਦੇ ਹਿਸਾਬ ਨਾਲ ਇਹ ਸਭ ਤੋਂ ਵੱਡੀ ਤਾਕਤ ਹੈ, ਪਰ ਸੱਤਾ ਦੇ ਹਿਸਾਬ ਨਾਲ ਅਜੇ ਵੀ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋ ਸਕੀ। ਰਵਾਇਤੀ ਪਾਰਟੀਆਂ ਨੇ ਦਲਿਤ ਵੋਟ ਦਾ ਸਹਾਰਾ ਤਾਂ ਲਿਆ, ਪਰ ਦਲਿਤ ਨੇਤ੍ਰਿਤਵ ਨੂੰ ਪੂਰੀ ਤਾਕਤ ਨਹੀਂ ਦਿੱਤੀ।

ਹੁਣ ਸਮਾਂ ਬਦਲ ਰਿਹਾ ਹੈ। ਡੇਰਾ ਰਾਜਨੀਤੀ, ਭਾਜਪਾ ਦੀ ਦਾਖਲਦਾਰੀ, ਕਾਂਗਰਸ ਦੀਆਂ ਨਵੀਆਂ ਕੋਸ਼ਿਸ਼ਾਂ ਅਤੇ ਨਵੀਂ ਪੀੜ੍ਹੀ ਦੀ ਜਾਗਰੂਕਤਾ—ਇਹ ਸਭ ਮਿਲ ਕੇ 2027 ਨੂੰ ਪੰਜਾਬ ਦੀ ਦਲਿਤ ਰਾਜਨੀਤੀ ਲਈ ਇਤਿਹਾਸਕ ਚੋਣ ਬਣਾ ਸਕਦੇ ਹਨ। ਅੱਜ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਦਲਿਤ ਵੋਟ ਕਿਸ ਪਾਰਟੀ ਨੂੰ ਜਾਵੇਗੀ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਦਾ ਦਲਿਤ ਸਮਾਜ ਹੁਣ ਆਪਣੀ ਗਿਣਤੀ ਨੂੰ ਅਸਲੀ ਸਿਆਸੀ ਤਾਕਤ ਵਿੱਚ ਬਦਲਣ ਲਈ ਤਿਆਰ ਹੈ? ਅੱਜ ਜੇ ਇਹ ਜਾਗਰੂਕਤਾ ਇੱਕ ਸਾਂਝੀ ਦਿਸ਼ਾ ਵਿੱਚ ਬਦਲਦੀ ਹੈ ਤਾਂ ਪੰਜਾਬ ਦੀ ਰਾਜਨੀਤੀ ਦਾ ਨਕਸ਼ਾ ਹੀ ਬਦਲ ਸਕਦਾ ਹੈ।

# ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅੱਜ ਸੈਮੀਫਾਈਨਲ

- ਮੋਹਾਲੀ ਵਿੱਚ ਮੁਕਾਬਲਾ ਵਧੇਰੇ ਦਿਲਚਸਪ, ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਬਲਜੀਤ ਕੌਰ ਅਤੇ ਟਿਊਬਵੈਲ ਕਾਰਪੋਰੇਸ਼ਨ ਦੇ ਚੇਅਰਮੈਨ ਸੰਨੀ ਆਹਲੂਵਾਲੀਆ ਮੈਦਾਨ ਵਿੱਚ
- ਅੱਠ ਨਗਰ ਨਿਗਮਾਂ, 76 ਨਗਰ ਕੌਂਸਲਾਂ ਤੇ 21 ਨਗਰ ਪੰਚਾਇਤਾਂ ਲਈ ਅੱਜ 7555 ਉਮੀਦਵਾਰਾਂ ਦੀ ਕਿਸਮਤ ਡੱਬਿਆਂ ਵਿੱਚ ਹੋਵੇਗੀ ਬੰਦ, 36,72,932 ਵੋਟਰ ਕਰਨਗੇ ਆਪਣੇ ਮੌਲਿਕ ਹੱਕ ਦਾ ਇਸਤੇਮਾਲ



ਕਮਲਜੀਤ ਸਿੰਘ ਬਨਵੈਤ
98147 34035

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਟਕੇ ਦਾ ਘੋਲ ਅਗਲੇ ਸਾਲ ਦੇ ਸ਼ੁਰੂ ਵਿੱਚ ਹੋਵੇਗਾ, ਜਿਸ ਲਈ ਸਾਰੀਆਂ ਪਾਰਟੀਆਂ ਆਪੋ ਆਪਣੀ ਵਾਹ ਲਾਉਣਗੀਆਂ। ਉਸ ਤੋਂ ਪਹਿਲਾਂ ਅੱਜ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ ਹੋਣ ਵਾਲੀਆਂ ਚੋਣਾਂ ਨੂੰ ਸੈਮੀਫਾਈਨਲ ਮੰਨਿਆ ਜਾ ਰਿਹਾ ਹੈ। ਵਿਧਾਨ ਸਭਾ ਚੋਣਾਂ ਲਈ ਮੁਕਾਬਲਾ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਵਾਰਿਸ ਪੰਜਾਬ ਦੇ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਹੋਵੇਗਾ, ਬਸ਼ਰਤੇ ਕਿ ਉਦੋਂ ਤੱਕ ਹੋਰ ਸਿਆਸੀ ਪਾਰਟੀਆਂ ਖੁੰਬਾਂ ਦੀ ਤਰ੍ਹਾਂ ਨਾ ਉੱਗ ਉੱਠਣ। ਕਈ ਪਾਸੇ ਤੋਂ ਸਿਆਸੀ ਅਤੇ ਗ਼ੈਰ ਸਿਆਸੀ ਲੋਕਾਂ ਨੇ ਖੰਭ ਮਾਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਤੋਂ ਲੱਗਦਾ ਹੈ ਕਿ ਚੋਣਾਂ ਤੋਂ ਪਹਿਲਾਂ ਕਈ ਪਾਰਟੀਆਂ ਦੀਆਂ ਬੀ ਅਤੇ ਸੀ ਟੀਮਾਂ ਮੈਦਾਨ ਵਿੱਚ ਨਿੱਤਰਣਗੀਆਂ। ਵਾਰਿਸ ਪੰਜਾਬ ਦੇ ਸੈਮੀਫਾਈਨਲ ਮੁਕਾਬਲੇ ਵਿੱਚ ਹਿੱਸਾ ਨਹੀਂ ਲੈ ਰਹੀ ਹੈ। ਅੱਜ ਅੱਠ ਨਗਰ ਨਿਗਮ, 76 ਨਗਰ ਕੌਂਸਲਾਂ ਅਤੇ ਨਗਰ 21 ਪੰਚਾਇਤਾਂ ਲਈ ਵੋਟਾਂ ਪੈਣਗੀਆਂ। ਨਤੀਜੇ ਦਾ ਐਲਾਨ 29 ਮਈ ਨੂੰ ਹੋਵੇਗਾ। ਅੱਜ 36,72,932 ਵੋਟਰ ਆਪਣੇ ਹੱਕ ਦਾ ਇਸਤੇਮਾਲ ਕਰਨਗੇ। ਚੋਣਾਂ ਵਿੱਚ 7555 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ, ਜਿਨ੍ਹਾਂ ਵਿੱਚੋਂ 1528 ਆਜ਼ਾਦ ਦੱਸੇ ਜਾ ਰਹੇ ਹਨ। ਚੋਣਾਂ ਲਈ ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ 19 ਮਈ ਸੀ, ਜਿਸ ਕਰਕੇ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਨੂੰ ਚੋਣ ਪ੍ਰਚਾਰ ਲਈ ਸਮਾਂ ਘੱਟ ਮਿਲਿਆ ਹੈ। ਪੰਜਾਬ ਦਾ ਗੇੜਾ ਮਾਰਿਆਂ ਜਿਹੜੀ ਗੱਲ ਉਭਰ ਕੇ ਸਾਹਮਣੇ ਆਈ ਹੈ ਉਹ ਇਹ ਕਿ ਸਥਾਨਕ ਸਰਕਾਰ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਆਹਮੋ ਸਾਹਮਣੇ ਹਨ। ਸ਼੍ਰੋਮਣੀ ਅਕਾਲੀ ਦਲ ਪੱਬਾਂ ਭਾਰ ਹੈ ਅਤੇ ਭਾਰਤੀ ਜਨਤਾ ਪਾਰਟੀ ਵੀ ਪੂਰੀ ਤਰ੍ਹਾਂ ਸਰਗਰਮ ਹੈ। ਸ਼ਹਿਰੀ ਖੇਤਰ ਦੀਆਂ ਇਹਨਾਂ ਵੋਟਾਂ ਵਿੱਚ ਭਾਰਤੀ ਜਨਤਾ ਪਾਰਟੀ ਦਾ ਦਿਹਾਤੀ ਖੇਤਰ ਨਾਲੋਂ ਵੱਧ ਆਧਾਰ ਹੈ। ਹੁਣ ਤੱਕ ਚੋਣ ਸਰਗਰਮੀਆਂ ਅਮਨ ਅਮਾਨ ਨਾਲ ਚਲਦੀਆਂ ਰਹੀਆਂ ਹਨ।

ਸਥਾਨਕ ਸਰਕਾਰ ਦੀਆਂ ਚੋਣਾਂ ਨੂੰ ਸੈਮੀਫਾਈਨਲ ਇਸ ਕਰਕੇ ਨਹੀਂ ਕਿਹਾ ਜਾਂਦਾ ਸੱਚਮੁੱਚ ਹੀ ਇਨ੍ਹਾਂ ਚੋਣਾਂ 'ਚ ਜਿੱਤਣ ਵਾਲੇ ਫਾਈਨਲ ਮੈਚ ਵਿੱਚ ਨਹੀਂ ਭਿੜਨਗੇ ਬਲਕਿ ਇਸ ਕਰਕੇ ਕਿ ਇਹ ਵੋਟਰਾਂ ਦਾ ਰੌਂਅ ਦੱਸ ਦਿੰਦੀਆਂ ਹਨ। ਇੱਕ ਹੋਰ ਤਰ੍ਹਾਂ ਨਾਲ ਵੀ ਇਹਨਾਂ ਚੋਣਾਂ ਅਹਿਮ ਹੁੰਦੀਆਂ ਹਨ, ਜਿੱਤਣ ਵਾਲੇ ਮੁੱਖ ਚੋਣਾਂ ਵਿੱਚ ਆਪਣੇ ਹਮਾਇਤੀਆਂ ਨੂੰ ਆਪਣੀ ਪਾਰਟੀ ਨਾਲ ਜੋੜ ਲੈਂਦੇ ਹਨ, ਜਿਹੜਾ ਕਿ ਪਾਰਟੀ ਲਈ ਜਿੱਤ ਦਾ ਸਬੱਬ ਬਣਦਾ ਹੈ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਉਮੀਦਵਾਰਾਂ ਨੇ ਰੋਡ ਸ਼ੋਅ ਕੱਢੇ ਅਤੇ ਚੋਣ ਜਲਸੇ ਕੀਤੇ। ਉਸ ਤੋਂ ਬਾਅਦ ਘਰ ਘਰ ਜਾ ਕੇ ਵੋਟਰਾਂ ਨਾਲ ਸੰਪਰਕ ਕਰਨ ਦਾ ਕੰਮ ਸ਼ੁਰੂ ਹੋ ਗਿਆ ਸੀ। ਜਗਰਾਉਂ ਅਤੇ ਬਠਿੰਡਾ ਵਿੱਚ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਵਰਕਰ ਦਰਮਿਆਨ ਝੜਪਾਂ ਹੋਣ ਦੀਆਂ ਖ਼ਬਰਾਂ ਹਨ। ਇਸ ਮੌਕੇ ਇੱਟਾਂ ਰੋੜੇ ਚੱਲੇ ਜਿਸ ਨਾਲ ਕਈ ਵਿਅਕਤੀ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਫੌਰੀ ਹਸਪਤਾਲ ਭਰਤੀ ਕਰਵਾਇਆ ਗਿਆ। ਕਈ ਗੱਡੀਆਂ ਵੀ ਨੁਕਸਾਨੀਆਂ ਗਈਆਂ। ਇਹ ਚੋਣਾਂ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਘੱਟੋ ਘੱਟ ਰੌਂਅ ਨੂੰ ਜ਼ਰੂਰ ਦੱਸ ਦੇਣਗੀਆਂ, ਜਿਸ ਨਾਲ ਭਾਰਤੀ ਜਨਤਾ ਪਾਰਟੀ ਨੂੰ ਆਪਣੇ ਪਰ ਤੋਲਣੇ ਸੌਖੇ ਹੋ ਜਾਣਗੇ। ਪੰਜਾਬ ਰਾਜ ਚੋਣ ਕਮਿਸ਼ਨ ਨੇ 11 ਮਈ ਨੂੰ ਚੋਣਾਂ ਦਾ ਐਲਾਨ ਕੀਤਾ ਸੀ ਅਤੇ 19 ਮਈ ਤੱਕ ਨਾਮਜ਼ਦਗੀ ਪੱਤਰਾਂ ਦੀ ਵਾਪਸੀ ਸੀ, ਜਿਸ ਕਰਕੇ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਲਈ ਕੇਵਲ ਪੰਜ ਦਿਨ ਦਾ ਸਮਾਂ ਮਿਲਿਆ ਹੈ। ਇਹਨਾਂ ਚੋਣਾਂ ਵਿੱਚ ਨਗਰ ਨਿਗਮ ਬਠਿੰਡਾ, ਅਬੋਹਰ ਬਟਾਲਾ, ਬਰਨਾਲਾ, ਕਪੂਰਥਲਾ, ਮੋਗਾ ਪਠਾਨਕੋਟ ਅਤੇ ਮੋਹਾਲੀ ਦੀ ਚੋਣ ਸਾਰੀਆਂ ਸਿਆਸੀ ਪਾਰਟੀਆਂ ਲਈ ਮੁੱਛ ਦਾ ਸਵਾਲ ਬਣੀ ਹੋਈ ਹੈ। ਬਰਨਾਲਾ ਦੀ ਚੋਣ ਪਹਿਲੀ ਵਾਰ ਹੋ ਰਹੀ ਹੈ। ਸਰਕਾਰੀ ਧਿਰ ਦੇ ਵਿਧਾਇਕ ਅਤੇ ਵਜ਼ੀਰਾਂ ਨੇ ਪੂਰੀ ਵਾਹ ਲਾ ਰੱਖੀ ਹੈ, ਜਦੋਂ ਕਿ ਦੂਜੀਆਂ ਸਿਆਸੀ ਪਾਰਟੀਆਂ ਦੀ ਸਥਾਨਕ ਹਾਈਕਮਾਂਡ ਪੱਬਾਂ ਭਰ ਹੋਈ ਪਈ ਹੈ। ਇਹ ਚੋਣਾਂ ਕਾਫੀ ਹੱਦ ਤੱਕ ਸਰਕਾਰੀ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਦੱਸਣਗੀਆਂ ਅਤੇ ਸਿਆਸੀ ਭਵਿੱਖ ਵੱਲ ਵੀ ਸੰਕੇਤ ਕਰਨਗੀਆਂ।

ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੀਆਂ ਕੁਝ ਮਹੀਨੇ ਹੋਈਆਂ ਚੋਣਾਂ ਵਿੱਚ ਸੱਤਾਧਾਰੀਆਂ ਜ਼ਿਆਦਾ ਜਿੱਤੀਆਂ ਅਤੇ ਮਨਮਾਨੀਆਂ ਕਰਨ ਦੇ ਦੋਸ਼ ਲੱਗੇ ਸਨ। ਉਦੋਂ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਦੇ ਪੇਪਰ ਖੋਹ ਕੇ ਪਾੜਨ, ਕਿਸੇ ਨੂੰ ਨਾਮਜ਼ਦਗੀ ਦਾਖ਼ਲ ਨਾ ਕਰਨ ਸਮੇਤ ਹੋਰ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ ਪਰ ਇਸ ਵਾਰ ਅਜਿਹੀਆਂ ਖ਼ਬਰਾਂ ਘੱਟ ਹੀ ਪੜ੍ਹਨ ਸੁਣਨ ਨੂੰ ਮਿਲੀਆਂ ਹਨ। ਪੰਜਾਬ ਸਰਕਾਰ ਨੇ ਨਗਰ ਨਿਗਮ ਤੇ ਕੌਂਸਲ ਚੋਣਾਂ ਦੌਰਾਨ ਸੁਚਾਰੂ ਵੋਟਿੰਗ ਲਈ 26 ਮਈ ਨੂੰ ਸੂਬੇ ਵਿੱਚ ਛੁੱਟੀ ਦਾ ਐਲਾਨ ਕੀਤਾ ਹੈ। ਚੰਡੀਗੜ੍ਹ ਸਥਿਤ ਪੰਜਾਬ ਦੇ ਸਾਰੇ ਸਰਕਾਰੀ ਦਫਤਰ, ਬੋਰਡ, ਕਾਰਪੋਰੇਸ਼ਨ, ਵਿਦਿਅਕ ਸੰਸਥਾਵਾਂ ਅਤੇ ਹੋਰ ਸਰਕਾਰੀ ਸੰਸਥਾਵਾਂ ਬੰਦ ਰਹਿਣਗੀਆਂ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਪਣੇ ਸਾਰੇ ਅਧਿਕਾਰੀਆਂ ਲਈ 26 ਮਈ ਨੂੰ ਵਿਸ਼ੇਸ਼ ਕੈਜ਼ੂਅਲ ਛੁੱਟੀ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਯੂਨੀਵਰਸਿਟੀ ਵੱਲੋਂ ਇਸ ਦਿਨ ਸਾਰੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਚੋਣ ਪ੍ਰਚਾਰ ਦੇ ਦਿਨ ਦੋ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਵੱਲੋਂ ਕਸਬਾ ਮਜੀਠਾ ਦੇ ਬਾਹਰ ਗੋਲੀਆਂ ਮਾਰ ਕੇ ਏ ਐਸ ਆਈ ਦਾ ਕਤਲ ਕਰਨ ਦੀ ਘਟਨਾ ਨੇ ਸੂਬੇ ਦੀ ਅਮਨ ਕਾਨੂੰਨ ਦੀ ਸਥਿਤੀ ਅਤੇ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਨਗਰ ਕੌਂਸਲ ਦੀਆਂ ਚੋਣਾਂ ਤੋਂ ਦੋ ਦਿਨ ਪਹਿਲਾਂ ਗੋਲੀਬਾਰੀ ਦੀ ਇਸ ਵਾਰਦਾਤ ਨੇ ਸੁਰੱਖਿਆ ਪ੍ਰਬੰਧਾਂ 'ਤੇ ਵੀ ਪ੍ਰਸ਼ਨ ਚਿੰਨ ਲਾਇਆ ਹੈ।

ਹਰੇਕ ਪੰਜਾਬ ਵਾਸੀ ਦਾ ਵੋਟ ਪਾਉਣਾ ਮੌਲਿਕ ਅਧਿਕਾਰ ਹੈ, ਉਹ ਵੀ ਆਪਣੀ ਮਰਜ਼ੀ ਨਾਲ। ਤੁਸੀਂ ਕਿਸ ਪਾਰਟੀ ਦੇ ਕਿਸ ਉਮੀਦਵਾਰ ਦੇ ਹੱਕ ਵਿੱਚ ਭੁਗਤਣਾ ਹੈ, ਇਹ ਤੁਹਾਡੀ ਆਪਣੀ ਸੋਚ 'ਤੇ ਨਿਰਭਰ ਕਰਨਾ ਬਣਦਾ ਹੈ। ਇਹਨਾਂ ਚੋਣਾਂ ਦੇ ਵਿੱਚ ਵੀ ਨਿੱਕੇ ਮੋਟੇ ਲਾਲਚ ਦਿੰਦੇ ਰਹਿਣਗੇ, ਹੁਣ ਨੋਟਾਂ ਤੇ ਸ਼ਰਾਬ ਬਦਲੇ ਵਿਕਣ ਤੋਂ ਪਹਿਲਾਂ ਆਪਣੀ ਜ਼ਮੀਰ ਨਾਲ ਗੱਲ ਜ਼ਰੂਰ ਕਰ ਲੈਣੀ ਬਣਦੀ ਹੈ। ਜਿੱਤ ਹਾਰ ਤਾਂ ਸਿਆਸਤ ਵਿੱਚ ਚੱਲਦੀ ਰਹਿੰਦੀ ਹੈ ਪਰ ਸਿਆਸਤ ਦਾ ਨਸ਼ਾ ਭਾਰੂ ਨਹੀਂ ਪੈਣਾ ਚਾਹੀਦਾ। ਇਸ ਤੋਂ ਪਹਿਲਾਂ ਵੋਟਰਾਂ ਨੂੰ ਆਪਣੀ ਭਾਈਚਾਰਕ ਸਾਂਝ ਉੱਤੇ ਪਹਿਰਾ ਦੇਣ 'ਤੇ ਦ੍ਰਿੜ ਰਹਿਣਾ ਹੋਵੇਗਾ।



ਵਿੰਕਲਜੀਤ ਸਿੰਘ ਸਰਾ
9501477889

# ਸੱਤਾ ਦਾ ਹੰਕਾਰ, ਜਨਤਾ ਦੀ ਬੇਬਸੀ ਅਤੇ ਨ਼ਫਰਤ ਦਾ ਬਾਜ਼ਾਰ

## ਦੇਸ਼ ਦੇ ਮੌਜੂਦਾ ਹਾਲਾਤ ਦਾ ਇੱਕ ਕੌੜਾ ਸੱਚ

**ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਜਨਤਾ ਦੀ ਪਿੱਠ 'ਤੇ ਆਰਥਿਕ ਕੋੜਾ** : ਅੱਜ ਜਦੋਂ ਇੱਕ ਆਮ ਭਾਰਤੀ ਸਵੇਰੇ ਉੱਠ ਕੇ ਅਖ਼ਬਾਰ ਦੇਖਦਾ ਹੈ ਜਾਂ ਆਪਣੇ ਮੋਟਰਸਾਈਕਲ ਦੀ ਟੈਂਕੀ ਵੱਲ ਝਾਕਦਾ ਹੈ ਤਾਂ ਉਸਦੇ ਮਨ ਵਿੱਚ ਦੇਸ਼ ਦੀ ਤਰੱਕੀ ਦਾ ਕੋਈ ਵੱਡਾ ਨਾਅਰਾ ਨਹੀਂ, ਬਲਕਿ ਆਪਣੇ ਪਰਿਵਾਰ ਦੇ ਅਗਲੇ ਮਹੀਨੇ ਦਾ ਬਜਟ ਲੜਖੜਾਉਣ ਦਾ ਡਰ ਪੈਦਾ ਹੁੰਦਾ ਹੈ। ਪਿਛਲੇ ਮਹਿਜ਼ ਦਸ ਦਿਨਾਂ ਦੇ ਅੰਦਰ ਚਾਰ ਵਾਰ ਪੈਟਰੋਲ, ਡੀਜ਼ਲ, ਸੀ.ਐਨ.ਜੀ. ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਜੋ ਬੇਤਹਾਸ਼ਾ ਵਾਧਾ ਕੀਤਾ ਗਿਆ ਹੈ, ਉਹ ਸਿਰਫ਼ ਅੰਕੜਿਆਂ ਦੀ ਕੋਈ ਸੁਭਾਵਿਕ ਖੇਡ ਨਹੀਂ ਹੈ। ਇਹ ਉਸ ਆਮ ਆਦਮੀ ਦੀ ਪਿੱਠ 'ਤੇ ਮਾਰਿਆ ਗਿਆ ਇੱਕ ਹੋਰ ਬੇਰਹਿਮ ਕੋੜਾ ਹੈ, ਜੋ ਪਹਿਲਾਂ ਹੀ ਮਹਿੰਗਾਈ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਿਹਾ ਹੈ। ਸਵਾਲ ਇਹ ਨਹੀਂ ਹੈ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀ ਹਲਚਲ ਚੱਲ ਰਹੀ ਹੈ ਜਾਂ ਅਮਰੀਕਾ ਅਤੇ ਇਰਾਨ ਦੇ ਆਪਸੀ ਤਣਾਅ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਕਿੱਥੇ ਜਾ ਰਹੀਆਂ ਹਨ। ਸਵਾਲ ਇਹ ਹੈ ਕਿ ਜਦੋਂ ਇਸ ਦੇਸ਼ ਦੀ ਜਨਤਾ ਸੰਕਟ ਵਿੱਚ ਹੁੰਦੀ ਹੈ, ਉਦੋਂ ਉਸਦੀ ਆਪਣੀ ਚੁਣੀ ਹੋਈ ਸਰਕਾਰ ਕਿਸ ਦੇ ਪੱਖ ਵਿੱਚ ਖੜ੍ਹੀ ਹੁੰਦੀ ਹੈ ਅਤੇ ਉਸਦੀ ਸੰਵੇਦਨਸ਼ੀਲਤਾ ਕਿੱਥੇ ਗਾਇਬ ਹੋ ਜਾਂਦੀ ਹੈ ?

**ਸਰਕਾਰੀ ਮੁਨਾਫ਼ਾਖੋਰੀ ਅਤੇ ਕਥਨੀ-ਕਰਨੀ ਦਾ ਵੱਡਾ ਪਾੜਾ** : ਇਤਿਹਾਸ ਗਵਾਹ ਹੈ ਕਿ ਜਦੋਂ ਵਿਸ਼ਵ ਬਾਜ਼ਾਰ ਵਿੱਚ ਕੱਚਾ ਤੇਲ ਬੇਹੱਦ ਸਸਤਾ ਸੀ, ਜਦੋਂ ਕਰੋਨਾ ਵਰਗੀ ਭਿਆਨਕ ਮਹਾਂਮਾਰੀ ਦੌਰਾਨ ਲੋਕਾਂ ਦੇ ਰੁਜ਼ਗਾਰ ਖੁੱਸ ਰਹੇ ਸਨ ਅਤੇ ਚੁੱਲ੍ਹੇ ਠੰਢੇ ਹੋ ਰਹੇ ਸਨ, ਉਦੋਂ ਭਾਰਤ ਸਰਕਾਰ ਨੇ ਤੇਲ ਦੀਆਂ ਕੀਮਤਾਂ ਘਟਾ ਕੇ ਜਨਤਾ ਨੂੰ ਰਾਹਤ ਦੇਣ ਦੀ ਬਜਾਏ, ਐਕਸਾਈਜ਼ ਡਿਊਟੀ ਅਤੇ ਟੈਕਸਾਂ ਦਾ ਬੋਝ ਵਧਾ ਕੇ ਆਪਣਾ ਖ਼ਜ਼ਾਨਾ ਭਰਨਾ ਮੁਨਾਸਿਬ ਸਮਝਿਆ। ਅੱਜ ਜਦੋਂ ਕੌਮਾਂਤਰੀ ਪੱਧਰ 'ਤੇ ਮਾਮੂਲੀ ਸੰਕਟ ਆਇਆ, ਤਾਂ ਉਸਦਾ ਪੂਰਾ ਭਾਰ ਤੁਰੰਤ ਜਨਤਾ ਦੇ ਮੋਢਿਆਂ 'ਤੇ ਸੁੱਟ ਦਿੱਤਾ ਗਿਆ। ਇਹ ਕੈਸੀ ਜਵਾਬਦੇਹੀ ਹੈ?

ਇੱਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਟੈਲੀਵਿਜ਼ਨ 'ਤੇ ਆ ਕੇ ਆਮ ਲੋਕਾਂ ਨੂੰ ਨਸੀਹਤਾਂ ਦੇਂਦੇ ਹਨ ਕਿ ਉਹ ਗੈਰ-ਜ਼ਰੂਰੀ ਸਫ਼ਰ ਨਾ ਕਰਨ, ਤੇਲ ਅਤੇ ਗੈਸ ਦੀ ਬਚਤ ਕਰਨ ਅਤੇ ਸਾਦਗੀ ਅਪਣਾਉਣ। ਪਰ ਦੂਜੇ ਪਾਸੇ, ਜਦੋਂ ਅਸੀਂ ਸੱਤਾ ਦੇ ਗਲਿਆਰਿਆਂ ਵੱਲ ਦੇਖਦੇ ਹਾਂ, ਤਾਂ ਉੱਥੇ ਕਥਨੀ ਅਤੇ ਕਰਨੀ ਦਾ ਪਾੜਾ ਸਾਫ਼ ਨਜ਼ਰ ਆਉਂਦਾ ਹੈ। ਪ੍ਰਧਾਨ ਮੰਤਰੀ ਦੇ ਆਪਣੇ ਸਰਕਾਰੀ ਅਹੁਦੇ ਦੇ ਵੱਡੇ-ਵੱਡੀਆਂ ਸੁਖ-ਸਹੂਲਤਾਂ ਵਾਲੇ ਮਹਿੰਗੇ ਵਿਦੇਸ਼ੀ ਦੌਰੇ, ਚੋਣ ਪ੍ਰਚਾਰ ਲਈ ਨਿਕਲਣ ਵਾਲੇ ਵੀ.ਆਈ.ਪੀ. ਗੱਡੀਆਂ ਦੇ ਲੰਬੇ-ਲੰਬੇ ਸ਼ਾਹੀ ਕਾਫ਼ਲੇ ਅਤੇ ਸਰਕਾਰੀ ਖ਼ਰਚੇ 'ਤੇ ਕੀਤੇ ਜਾਣ ਵਾਲੇ ਆਲੀਸ਼ਾਨ ਈਵੈਂਟ ਦੇਸ਼ ਦੀ ਜਨਤਾ ਨੂੰ ਚਿੜਾਉਂਦੇ ਹਨ। ਜਨਤਾ ਤੋਂ ਤਿਆਗ ਦੀ ਉਮੀਦ ਕਰਨ ਵਾਲੀ ਲੀਡਰਸ਼ਿਪ ਖ਼ੁਦ ਕਿਸੇ ਵੀ ਤਰ੍ਹਾਂ ਦਾ ਤਿਆਗ ਕਰਨ ਲਈ ਤਿਆਰ ਨਹੀਂ ਦਿਸਦੀ।

**ਪੇਪਰ ਲੀਕ ਦਾ ਦਰਦ ਅਤੇ ਧਰਮ ਦੇ ਨਾਂ 'ਤੇ ਪਰੋਸੀ ਜਾਂਦੀ ਨਫ਼ਰਤ** : ਸਭ ਤੋਂ ਵੱਡਾ ਦਰਦ ਅਤੇ ਅਫ਼ਸੋਸ ਇਹ ਹੈ ਕਿ ਇੱਕ ਪਾਸੇ ਦੇਸ਼ ਮਹਿੰਗਾਈ ਦੇ ਅਸਹਿ ਬੋਝ ਹੇਠ ਦੱਬਿਆ ਹੋਇਆ ਹੈ, ਸਾਡੇ ਮਾਸੂਮ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰਦਿਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋ ਰਹੇ ਹਨ, ਨੌਜਵਾਨ ਸੜਕਾਂ 'ਤੇ ਡਿਗਰੀਆਂ ਫੜ ਕੇ ਰੁਜ਼ਗਾਰ ਲਈ ਭਟਕ ਰਹੇ ਹਨ ਅਤੇ ਖ਼ੁਦਕੁਸ਼ੀਆਂ ਕਰ ਰਹੇ ਹਨ; ਪਰ ਦੂਜੇ ਪਾਸੇ ਟੈਲੀਵਿਜ਼ਨ ਦੀਆਂ ਸਕਰੀਨਾਂ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਕੁਝ ਹੋਰ ਹੀ ਤਮਾਸ਼ਾ ਚੱਲ ਰਿਹਾ ਹੈ। ਉੱਥੇ ਕਦੇ ਬਕਰੀਦ ਨੂੰ ਲੈ ਕੇ ਗੰਧਲੀਆਂ ਬਹਿਸਾਂ ਛੇੜੀਆਂ ਜਾਂਦੀਆਂ ਹਨ, ਕਦੇ ਧਰਮ ਦੇ ਨਾਂ 'ਤੇ ਭਰਾ ਨੂੰ ਭਰਾ ਨਾਲ ਲੜਾਉਣ ਲਈ ਨਫ਼ਰਤ ਪਰੋਸੀ ਜਾਂਦੀ ਹੈ ਅਤੇ ਕਦੇ ਅਦਾਲਤਾਂ ਤੋਂ ਲੈ ਕੇ ਸੜਕਾਂ ਤੱਕ ਇਹ ਲੜਾਈ ਲੜੀ ਜਾਂਦੀ ਹੈ ਕਿ ਕਿਹੜੀ ਜਗ੍ਹਾ ਮੰਦਰ ਦੀ ਹੈ ਤੇ ਕਿਹੜੀ ਮਸਜਿਦ ਦੀ। ਅਸੀਂ ਆਮ ਲੋਕ ਕਿੰਨੇ ਭੋਲੇ ਜਾਂ ਬੇਵਕੂਫ਼ ਬਣ ਚੁੱਕੇ ਹਾਂ ਕਿ ਆਪਣੇ ਘਰਾਂ ਦੀ ਭੁੱਖ, ਬੱਚਿਆਂ ਦੀ ਫੀਸ, ਹਸਪਤਾਲਾਂ ਦੀ ਦੁਰਦਸ਼ਾ ਅਤੇ ਟੁੱਟਦੀਆਂ ਸਾਂਝਾਂ ਨੂੰ ਭੁੱਲ ਕੇ ਸਿਆਸਤਦਾਨਾਂ ਦੇ ਇਸ਼ਾਰਿਆਂ 'ਤੇ ਆਪਸ ਵਿੱਚ ਹੀ ਲੜੀ ਜਾ ਰਹੇ ਹਾਂ। ਜਦੋਂ ਤੱਕ ਅਸੀਂ ਇਸ ਨਫ਼ਰਤ ਦੇ ਸਿਆਸੀ ਖੇਡ ਨੂੰ ਨਹੀਂ ਸਮਝਾਂਗੇ, ਉਦੋਂ ਤੱਕ ਧਰਮ ਦੇ ਨਾਂ 'ਤੇ ਸਾਨੂੰ ਲੁੱਟਿਆ ਜਾਂਦਾ ਰਹੇਗਾ ਅਤੇ ਸਾਡੇ ਬੱਚਿਆਂ ਦਾ ਭਵਿੱਖ ਇੰਝ ਹੀ ਅੰਧਕਾਰ ਵਿੱਚ ਡੁੱਬਦਾ ਰਹੇਗਾ।

**ਚੋਣਾਂ ਦਾ ਅਰਬਾਂ ਰੁਪਏ ਦਾ ਤਮਾਸ਼ਾ ਅਤੇ ਗ਼ਲਤ ਤਰਜੀਹਾਂ** : ਇਸੇ ਦੌਰਾਨ ਦੇਸ਼ ਵਿੱਚ ਹਾਲ ਹੀ ਵਿੱਚ ਕਈ ਰਾਜਾਂ ਅੰਦਰ ਵਿਧਾਨ ਸਭਾ ਚੋਣਾਂ ਮੁਕੰਮਲ ਹੋਈਆਂ ਹਨ। ਇਨ੍ਹਾਂ ਚੋਣਾਂ ਦਾ ਤਮਾਸ਼ਾ, ਰੈਲੀਆਂ 'ਤੇ ਹੋਣ ਵਾਲਾ ਪਾਣੀ ਵਾਂਗ ਪੈਸਾ ਅਤੇ ਉਨ੍ਹਾਂ 'ਤੇ ਹੋਣ ਵਾਲਾ ਹਜ਼ਾਰਾਂ ਕਰੋੜ ਰੁਪਏ ਦਾ ਅੰਦਾਜ਼ਨ ਖ਼ਰਚਾ ਦੇਖ ਕੇ ਕੋਈ ਵੀ ਸੰਵੇਦਨਸ਼ੀਲ ਨਾਗਰਿਕ ਹੈਰਾਨ ਰਹਿ ਜਾਵੇਗਾ। ਜਿਸ ਦੇਸ਼ ਵਿੱਚ ਲੋਕਾਂ ਕੋਲ ਇਲਾਜ ਲਈ ਪੈਸੇ ਨਾ ਹੋਣ, ਉੱਥੇ ਚੋਣਾਂ ਨੂੰ ਇੱਕ ਅਰਬਾਂ ਰੁਪਏ ਦੇ ਕਾਰਪੋਰੇਟ ਈਵੈਂਟ ਵਿੱਚ ਬਦਲ ਦਿੱਤਾ ਗਿਆ ਹੈ। ਦੇਸ਼ ਦੇ ਅੰਦਰੂਨੀ ਤੇਲ ਉਤਪਾਦਨ (Oil Production) ਨੂੰ ਵਧਾਉਣ ਲਈ ਪਿਛਲੇ 12 ਸਾਲਾਂ ਵਿੱਚ ਕੋਈ ਠੋਸ ਨੀਤੀ ਨਹੀਂ ਬਣਾਈ ਗਈ, ਜਿਸ ਕਾਰਨ ਅੱਜ ਵੀ ਅਸੀਂ 85 ਫ਼ੀਸਦੀ ਤੋਂ ਵੱਧ ਤੇਲ ਬਾਹਰੋਂ ਮੰਗਵਾਉਣ ਲਈ ਮਜਬੂਰ ਹਾਂ। ਜੇਕਰ ਸਰਕਾਰ ਨੇ ਹਜ਼ਾਰਾਂ ਕਰੋੜ ਰੁਪਏ ਸਿਰਫ਼ ਫੋਕੀ ਸ਼ੋਹਰਤ ਲਈ ਵੱਡੀਆਂ-ਵੱਡੀਆਂ ਮੂਰਤੀਆਂ (Statues) ਬਣਾਉਣ, ਨਵੀਆਂ ਸਰਕਾਰੀ ਇਮਾਰਤਾਂ ਖੜ੍ਹੀਆਂ ਕਰਨ ਅਤੇ ਆਪਣੀ ਮਸ਼ਹੂਰੀ ਦੇ ਇਸ਼ਤਿਹਾਰਾਂ 'ਤੇ ਨਾ ਉਡਾਏ ਹੁੰਦੇ ਅਤੇ ਉਹ ਪੈਸਾ ਦੇਸ਼ ਦੇ ਊਰਜਾ ਖੇਤਰ, ਖੇਤੀਬਾੜੀ, ਸਿਹਤ ਅਤੇ ਸਿੱਖਿਆ ਵਰਗੇ ਲੋਕ-ਹਿੱਤ ਦੇ ਕੰਮਾਂ 'ਤੇ ਲਗਾਇਆ ਹੁੰਦਾ, ਤਾਂ ਅੱਜ ਭਾਰਤ ਦੀ ਤਸਵੀਰ ਕੁਝ ਹੋਰ ਹੁੰਦੀ ਅਤੇ ਸਾਨੂੰ ਬਾਹਰੀ ਮੁਲਕਾਂ ਅੱਗੇ ਹੱਥ ਨਾ ਫੈਲਾਉਣੇ ਪੈਂਦੇ।

**2014 ਤੋਂ ਬਾਅਦ ਦੀ ਹਕੀਕਤ; ਕਾਰਪੋਰੇਟ ਆਕਾਵਾਂ ਦੀ ਸੇਵਾ ਅਤੇ ਵਿਕਿਆ ਹੋਇਆ ਤੰਤਰ** : ਸਾਲ 2014 ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਇਸ ਭਾਜਪਾ ਸਰਕਾਰ ਨੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਸੌਖਾ ਬਣਾਉਣ ਲਈ ਕੋਈ ਵੀ ਅਜਿਹਾ ਵੱਡਾ ਢਾਂਚਾਗਤ ਸੁਧਾਰ ਨਹੀਂ ਕੀਤਾ, ਜਿਸ ਦਾ ਸਿੱਧਾ ਫ਼ਾਇਦਾ ਗਰੀਬ, ਮਜ਼ਦੂਰ ਜਾਂ ਮੱਧ ਵਰਗ ਨੂੰ ਮਿਲ ਸਕੇ। ਸਰਕਾਰ ਦੀਆਂ ਨੀਤੀਆਂ ਦੇਖ ਕੇ ਸਾਫ਼ ਲੱਗਦਾ ਹੈ ਕਿ ਇਸਦਾ ਮੁੱਖ ਮਕਸਦ ਦੇਸ਼ ਦੇ ਆਮ ਨਾਗਰਿਕਾਂ ਦਾ ਭਲਾ ਕਰਨਾ ਨਹੀਂ, ਬਲਕਿ ਆਪਣੇ ਚੋਣਵੇਂ ਉਦਯੋਗਪਤੀ ਆਕਾਵਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਨੂੰ ਪੂਰਨਾ ਅਤੇ ਉਨ੍ਹਾਂ ਨੂੰ ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਕਰਨਾ ਹੈ। ਨਤੀਜਾ ਅੱਜ ਸਭ ਦੇ ਸਾਹਮਣੇ ਹੈ 'ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ ਅਤੇ ਗਰੀਬ ਦੋ ਡੰਗ ਦੀ ਰੋਟੀ ਲਈ ਮੁਹਤਾਜ ਹੋ ਰਿਹਾ ਹੈ'। ਇਸ ਤੋਂ ਵੀ ਵੱਧ ਸ਼ਰਮਨਾਕ ਗੱਲ ਇਹ ਹੈ ਕਿ ਜਦੋਂ ਜਨਤਾ ਮਹਿੰਗਾਈ ਨਾਲ ਮਰ ਰਹੀ ਹੁੰਦੀ ਹੈ, ਉਦੋਂ ਸੱਤਾਧਾਰੀ ਪਾਰਟੀ ਕਰੋੜਾਂ-ਅਰਬਾਂ ਰੁਪਏ ਖ਼ਰਚ ਕੇ ਵਿਧਾਇਕਾਂ ਅਤੇ ਸਾਂਸਦਾਂ ਦੀ ਖਰੀਦੋ-ਫਰੋਖਤ (Horse Trading) ਵਿੱਚ ਮਸਤ ਹੁੰਦੀ ਹੈ। ਲੋਕਤੰਤਰ ਨੂੰ ਪੈਸੇ ਦੇ ਜ਼ੋਰ 'ਤੇ ਸ਼ਰੇਆਮ ਖਰੀਦਿਆ ਜਾ ਰਿਹਾ ਹੈ। ਈ.ਡੀ., ਸੀ.ਬੀ.ਆਈ. ਅਤੇ ਇਨਕਮ ਟੈਕਸ ਵਰਗੀਆਂ ਦੇਸ਼ ਦੀਆਂ ਸਰਵਉੱਚ ਸਰਕਾਰੀ ਏਜੰਸੀਆਂ ਦੀ ਵਰਤੋਂ ਦੇਸ਼ ਦੇ ਭਲੇ ਲਈ ਨਹੀਂ, ਬਲਕਿ ਵਿਰੋਧੀ ਸੁਰਾਂ ਨੂੰ ਦਬਾਉਣ ਅਤੇ ਆਪਣੀ ਪਾਰਟੀ ਦੇ ਨਿੱਜੀ ਹਿੱਤਾਂ ਨੂੰ ਸਾਧਣ ਲਈ ਇੱਕ ਹਥਿਆਰ ਵਜੋਂ ਕੀਤੀ ਜਾ ਰਹੀ ਹੈ।

**ਭਾਸ਼ਣਬਾਜ਼ੀ ਬਨਾਮ ਡਾ. ਮਨਮੋਹਨ ਸਿੰਘ ਦੀ ਆਰਥਿਕ ਸੂਝ-ਬੂਝ** : ਇਸ ਪੂਰੇ ਦ੍ਰਿਸ਼ ਨੂੰ ਦੇਖਦਿਆਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦੌਰ ਦੀ ਯਾਦ ਆਉਣਾ ਸੁਭਾਵਿਕ ਹੈ। ਉਸ ਸਮੇਂ ਦੀ ਭਾਜਪਾ, ਜੋ ਵਿਰੋਧ ਵਿੱਚ ਬੈਠ ਕੇ ਸੜਕਾਂ 'ਤੇ ਸਿਲੰਡਰ ਚੁੱਕ ਕੇ ਨਾਟਕ ਕਰਦੀ ਸੀ ਅਤੇ ਡਾ. ਮਨਮੋਹਨ ਸਿੰਘ ਨੂੰ ਬੁਰਾ-ਭਲਾ ਕਹਿੰਦੀ ਸੀ, ਅੱਜ ਉਨ੍ਹਾਂ ਦੀ ਵਿਦਵਤਾ, ਇਮਾਨਦਾਰੀ ਅਤੇ ਆਰਥਿਕ ਸੂਝ-ਬੂਝ ਦੇ ਸਾਹਮਣੇ ਕਿਤੇ ਵੀ ਖੜ੍ਹੀ ਨਜ਼ਰ ਨਹੀਂ ਆਉਂਦੀ। ਡਾ. ਮਨਮੋਹਨ ਸਿੰਘ ਦੇ ਸਮੇਂ ਕੌਮਾਂਤਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਅੱਜ ਨਾਲੋਂ ਕਿਤੇ ਜ਼ਿਆਦਾ ਸਨ, ਪਰ ਫਿਰ ਵੀ ਉਨ੍ਹਾਂ ਨੇ ਭਾਰਤੀ ਬਾਜ਼ਾਰ ਵਿੱਚ ਕੀਮਤਾਂ ਨੂੰ ਇੱਕ ਹੱਦ ਦੇ ਅੰਦਰ ਰੱਖਿਆ, ਸਬਸਿਡੀਆਂ ਦਿੱਤੀਆਂ ਅਤੇ ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਨੂੰ ਕਦੇ ਆਂਚ ਨਹੀਂ ਆਉਣ ਦਿੱਤੀ। ਅੱਜ ਦੇ ਸ਼ਾਸਕਾਂ ਕੋਲ ਭਾਸ਼ਣ ਦੇਣ, ਕੈਮਰੇ ਅੱਗੇ ਪੋਜ਼ ਦੇਣ ਅਤੇ ਇਵੈਂਟ ਮੈਨੇਜਮੈਂਟ ਕਰਨ ਦੀ ਕਲਾ ਤਾਂ ਬਹੁਤ ਵੱਡੀ ਹੈ, ਪਰ ਜਦੋਂ ਗੱਲ ਜ਼ਮੀਨੀ ਹਕੀਕਤ, ਲੋਕ-ਦਰਦ ਅਤੇ ਆਰਥਿਕ ਪ੍ਰਬੰਧਨ ਦੀ ਆਉਂਦੀ ਹੈ, ਤਾਂ ਉਹ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਏ ਹਨ।

**ਜਾਗੋ ਨਾਗਰਿਕ ਜਾਗੋ; ਆਪਣੀ ਲੜਾਈ ਖ਼ੁਦ ਲੜਨੀ ਪਵੇਗੀ** : ਅਖ਼ੀਰ ਵਿੱਚ, ਦੇਸ਼ ਦੇ ਆਮ ਨਾਗਰਿਕ ਨੂੰ ਇੱਕ ਗੱਲ ਬਹੁਤ ਚੰਗੀ ਤਰ੍ਹਾਂ ਸਮਝਣੀ ਪਵੇਗੀ ਕਿ ਅਸਮਾਨ ਵਿੱਚੋਂ ਕੋਈ ਵੀ ਗ਼ੈਬੀ ਸ਼ਕਤੀ ਜਾਂ ਕੋਈ ਜਿੰਨ ਆ ਕੇ ਸਾਨੂੰ ਇਸ ਦਲਦਲ ਵਿੱਚੋਂ ਨਹੀਂ ਕੱਢੇਗਾ। ਇਨ੍ਹਾਂ ਭ੍ਰਿਸ਼ਟ ਨੇਤਾਵਾਂ, ਵਿਕ ਚੁੱਕੇ ਗੋਦੀ ਮੀਡੀਆ ਅਤੇ ਲਾਚਾਰ ਹੋ ਚੁੱਕੀ ਪ੍ਰਣਾਲੀ ਦੇ ਰਹਿਮੋ-ਕਰਮ 'ਤੇ ਜੀਣਾ ਹੁਣ ਬੰਦ ਕਰਨਾ ਪਵੇਗਾ। ਲੋਕਾਂ ਨੂੰ ਆਪਣੇ ਚੰਗੇ ਅਤੇ ਮਾੜੇ ਦਾ ਫ਼ੈਸਲਾ ਖ਼ੁਦ ਕਰਨਾ ਪਵੇਗਾ, ਸੜਕਾਂ 'ਤੇ ਆਉਣਾ ਪਵੇਗਾ ਅਤੇ ਸਵਾਲ ਪੁੱਛਣੇ ਪੈਣਗੇ। ਇਹ ਲੇਖ ਕਿਸੇ ਸਿਆਸੀ ਵਿਰੋਧ ਵਿੱਚੋਂ ਨਹੀਂ, ਬਲਕਿ ਦੇਸ਼ ਦੇ ਹਾਲਾਤ ਦੇਖ ਕੇ ਪੈਦਾ ਹੋਈ ਡੂੰਘੀ ਚਿੰਤਾ ਅਤੇ ਇੱਕ ਸੱਚੇ ਲੇਖਕ ਦੇ ਫ਼ਰਜ਼ ਵਿੱਚੋਂ ਲਿਖਿਆ ਗਿਆ ਹੈ। ਇਹ ਸਰਕਾਰ ਅਤੇ ਦੇਸ਼ ਦੇ ਨਾਗਰਿਕਾਂ, ਦੋਵਾਂ ਦੀਆਂ ਅੱਖਾਂ ਖੋਲ੍ਹਣ ਦਾ ਆਖਰੀ ਵੇਲਾ ਹੈ। ਜੇਕਰ ਅੱਜ ਵੀ ਅਸੀਂ ਧਰਮ, ਜਾਤ ਅਤੇ ਰਾਸ਼ਟਰਵਾਦ ਦੇ ਫੋਕੇ ਨਾਅਰਿਆਂ ਦੇ ਪਿੱਛੇ ਲੁਕੀ ਇਸ ਮਹਿੰਗਾਈ, ਬੇਰੁਜ਼ਗਾਰੀ ਅਤੇ ਲੁੱਟ ਖ਼ਿਲਾਫ਼ ਆਵਾਜ਼ ਨਾ ਚੁੱਕੀ, ਤਾਂ ਆਉਣ ਵਾਲੀਆਂ ਨਸਲਾਂ ਕਦੇ ਮੁਆਫ਼ ਨਹੀਂ ਕਰਨਗੀਆਂ। ਲੋਕਤੰਤਰ ਸਿਰਫ਼ ਪੰਜ ਸਾਲ ਬਾਅਦ ਵੋਟ ਪਾਉਣ ਦਾ ਨਾਂ ਨਹੀਂ ਹੈ, ਇਹ ਸੱਤਾ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਹੱਕ ਮੰਗਣ ਅਤੇ ਸੱਚ ਬੋਲਣ ਦਾ ਹੌਸਲਾ ਹੈ।

# ਕਾਕਰੋਚ ਗਣਰਾਜ

ਕਮਲੇਸ਼ ਸਿੰਘ





ਕਾਕਰੋਚ ਧਰਤੀ 'ਤੇ 320 ਮਿਲੀਅਨ ਸਾਲਾਂ ਤੋਂ ਹੈ। ਇਹ ਜਸਟਿਸ ਸੂਰਿਆਕਾਂਤ ਦੇ ਬਿਆਨ ਨਾਲੋਂ ਕਿਤੇ ਜ਼ਿਆਦਾ ਭਿਆਨਕ ਚੀਜ਼ਾਂ ਤੋਂ ਬਚਿਆ ਹੈ। ਇਹ ਡਾਇਨਾਸੌਰਾਂ ਤੋਂ ਵੀ ਬਚਿਆ ਹੈ। ਤਾਂ ਆਓ ਸ਼ੁਰੂ ਤੋਂ ਹੀ ਸ਼ੁਰੂ ਕਰੀਏ। ਸ਼ਬਦ ਤੋਂ ਹੀ।

ਕਾਕਰੋਚ ਸ਼ਬਦ ਸਪੈਨਿਸ਼ ਸ਼ਬਦ "ਕੁਕਾਰਾਚਾ" ਤੋਂ ਆਇਆ ਹੈ। ਅੰਗਰੇਜ਼ਾਂ ਨੇ "ਕੁਕਾਰਾਚਾ" ਸੁਣਿਆ, ਇਸਨੂੰ ਸਮਝਿਆ ਨਹੀਂ, ਅਤੇ ਉਹੀ ਕੀਤਾ ਜੋ ਅੰਗਰੇਜ਼ ਉਨ੍ਹਾਂ ਚੀਜ਼ਾਂ ਨਾਲ ਕਰਦੇ ਹਨ ਜੋ ਉਹ ਨਹੀਂ ਸਮਝਦੇ: ਉਨ੍ਹਾਂ ਨੇ ਇਸਨੂੰ ਟੁਕੜਿਆਂ ਵਿੱਚ ਤੋੜ ਦਿੱਤਾ ਅਤੇ ਇਸਨੂੰ ਆਪਣਾ ਬਣਾ ਲਿਆ। "ਕੁਕਾ" "ਕੁੱਕੜ" ਬਣ ਗਿਆ। "ਰਾਚਾ" "ਰੋਚ" ਬਣ ਗਿਆ। ਕਾਕਰੋਚ। ਇਹ ਹੋਰ ਗੱਲ ਹੈ ਕਿ ਅੰਗਰੇਜ਼ੀ ਦੁਨੀਆ ਦੀਆਂ ਔਰਤਾਂ ਇਸ ਨਾਮਕਰਨ ਤੋਂ ਬੇਚੈਨ ਹਨ, ਖਾਸ ਕਰਕੇ ਅਗਲੇ ਅੱਧੇ ਹਿੱਸੇ ਤੋਂ। ਇਸ ਲਈ ਉਹ ਸਿਰਫ਼ "ਰੋਚ" ਨਾਲ ਹੀ ਫਸ ਗਈਆਂ ਹਨ। ਇਹ ਆਵਾਜ਼ ਅਤੇ ਬਿਹਤਰ ਆਵਾਜ਼ ਦਿੰਦਾ ਹੈ। ਵਿਗਿਆਨੀਆਂ ਵਿੱਚ ਫ਼ਰਕ ਹੈ। ਉਨ੍ਹਾਂ ਨੇ ਪੂਰੇ ਸਮੂਹ ਦਾ ਨਾਮ "ਬਲਾਟੋਡੀਆ" ਰੱਖਿਆ, ਜੋ ਕਿ ਲਾਤੀਨੀ ਸ਼ਬਦ "ਬਲੈਟਾ" ਤੋਂ ਆਇਆ ਹੈ, ਜਿਸਦਾ ਅਰਥ ਹੈ "ਰੋਸ਼ਨੀ ਤੋਂ ਭੱਜਣ ਵਾਲਾ ਕੀੜਾ।" ਰੌਸ਼ਨੀ ਤੋਂ ਭੱਜਣ ਵਾਲਾ ਕੀੜਾ। ਇਸ ਅਰਥ ਨੂੰ ਯਾਦ ਰੱਖੋ। ਅਸੀਂ ਇਸ 'ਤੇ ਵਾਪਸ ਆਵਾਂਗੇ।

ਹਿੰਦੀ ਵਿੱਚ, ਇੱਕ ਕਾਕਰੋਚ ਨੂੰ ਤਿਲਚੱਟਾ ਜਾਂ ਤੇਲਚੱਟਾ ਕਿਹਾ ਜਾਂਦਾ ਹੈ। ਮੈਨੂੰ ਨਹੀਂ ਪਤਾ ਕਿ ਇਹ ਤਿਲ ਦੇ ਬੀਜ ਚੱਟਦਾ ਹੈ ਜਾਂ ਤੇਲ, ਇਸ ਲਈ ਇਹ ਦੋ ਨਾਮ ਹਨ। ਮੇਰੀ ਦਾਦੀ ਇਸਨੂੰ ਤੇਲਚੱਟਾ ਕਹਿੰਦੀ ਸੀ ਅਤੇ ਆਪਣੀ ਨੀਲੀ ਚੱਪਲ ਨਾਲ ਮਾਰਦੀ ਸੀ। ਇਸ ਸ਼ਬਦ ਵਿੱਚ ਇੱਕ ਸੁੰਦਰ ਪਰ ਬਦਸੂਰਤ ਤਾਲ ਹੈ। ਇਹ ਬਿਲਕੁਲ ਉਸ ਕੀੜੇ ਵਾਂਗ ਸੁਣਾਈ ਦਿੰਦਾ ਹੈ ਜੋ ਇਹ ਹੈ। ਕੁਝ ਅਜਿਹਾ ਜੋ ਤੁਸੀਂ ਸਤਿਕਾਰਯੋਗ ਲੋਕਾਂ ਵਿੱਚ ਉੱਚੀ ਆਵਾਜ਼ ਵਿੱਚ ਨਹੀਂ ਕਹਿਣਾ ਚਾਹੋਗੇ। ਇਸ ਸ਼ਬਦ ਦੀ ਕੋਈ ਸ਼ਾਨ ਨਹੀਂ ਹੈ, ਅਤੇ ਇਸਨੂੰ ਇਸਦਾ ਪਛਤਾਵਾ ਵੀ ਨਹੀਂ ਹੈ।

ਜਦੋਂ ਭਾਰਤ ਦੇ ਚੀਫ ਜਸਟਿਸ, ਜਸਟਿਸ ਸੂਰਿਆ ਕਾਂਤ, 'ਕਾਕਰੋਚ' ਦਾ ਜ਼ਿਕਰ ਕਰ ਰਹੇ ਸਨ, ਤਾਂ ਉਹ ਇਸਦੀ ਸ਼ਬਦਾਵਲੀ (ਸ਼ਬਦਾਂ ਦੀ ਉਤਪਤੀ, ਭਾਵ, ਇਸਦਾ ਇਤਿਹਾਸ) ਬਾਰੇ ਨਹੀਂ ਸੋਚ ਰਹੇ ਸਨ। ਉਹ ਆਧੁਨਿਕ ਸਮੇਂ ਦੇ ਵਕੀਲਾਂ ਬਾਰੇ ਸੋਚ ਰਹੇ ਸਨ ਜੋ ਅਦਾਲਤ ਦਾ ਸਮਾਂ ਬਰਬਾਦ ਕਰਨ ਲਈ ਅਦਾਲਤ ਦੇ ਗਲਿਆਰਿਆਂ ਵਿੱਚ ਬਿਨਾਂ ਕਿਸੇ ਉਦੇਸ਼ ਦੇ ਭੱਜਦੇ ਹੋਏ ਅਪਮਾਨ ਪਟੀਸ਼ਨਾਂ ਦਾਇਰ ਕਰਦੇ ਹਨ। ਬਿਲਕੁਲ ਉਨ੍ਹਾਂ ਪ੍ਰਾਣੀਆਂ ਵਾਂਗ ਜੋ ਹਨੇਰਾ ਹੋਣ 'ਤੇ ਬਾਹਰ ਆਉਂਦੇ ਹਨ। ਉਸਨੇ ਕਿਹਾ ਕਿ ਇਹ ਨੌਜਵਾਨ ਕਾਕਰੋਚਾਂ ਵਰਗੇ ਹਨ। ਕੁਝ ਮੀਡੀਆ ਆਊਟਲੈੱਟ ਬਣ ਜਾਂਦੇ ਹਨ। ਕੁਝ ਆਰਟੀਆਈ ਕਾਰਕੁਨ ਬਣ ਜਾਂਦੇ ਹਨ। ਕੁਝ ਸੋਸ਼ਲ ਮੀਡੀਆ 'ਤੇ ਸਰਗਰਮ ਹੋ ਜਾਂਦੇ ਹਨ। ਉਸਦੀ ਰਾਏ ਵਿੱਚ, ਉਹ ਸਾਰੇ ਕੀੜੇ ਹਨ। ਪਰ ਉਦੋਂ ਸ਼ੈਂਟੀ ਆਪਣੇ ਆਪ ਨੂੰ ਕਾਬੂ ਕਰ ਸਕਦੇ ਹਨ, ਚੀਫ਼ ਜਸਟਿਸ ਸੂਰਿਆ ਕਾਂਤ ਨਹੀਂ ਕਰ ਸਕੇ। ਉਨ੍ਹਾਂ ਨੇ ਜਾਰੀ ਰੱਖਿਆ। ਅਤੇ ਬੋਲਣ ਦੀ ਪ੍ਰਕਿਰਿਆ ਵਿੱਚ, ਸੀਜੇਆਈ ਨੇ ਅਣਜਾਣੇ ਵਿੱਚ ਸੀਜੇਪੀ ਨੂੰ ਜਨਮ ਦਿੱਤਾ। ਭਾਜਪਾ ਨੂੰ ਸਾਰੇ ਜਣੇਪੇ ਦੇ ਦਰਦ ਸਹਿਣੇ ਪਏ ਹਨ।

ਅਭਿਜੀਤ ਦੀਪਕ, ਬੋਸਟਨ ਵਿੱਚ ਰਹਿਣ ਵਾਲਾ ਇੱਕ ਬੇਰੁਜ਼ਗਾਰ ਨੌਜਵਾਨ, ਜਿਸਦੀ ਵਿਚਾਰਧਾਰਾ 'ਆਪ' ਦੇ ਨੇੜੇ ਹੈ ਅਤੇ ਕੇਜਰੀਵਾਲ ਸਕੂਲ ਆਫ਼ ਇਸ਼ੂ-ਸਪੋਟਿੰਗ ਦਾ ਵਿਦਿਆਰਥੀ ਹੈ। ਦੀਪਕ ਨੇ ਉਹੀ ਕੀਤਾ ਜੋ ਕੋਈ ਵੀ ਸਮਝਦਾਰ ਮੌਕਾਪ੍ਰਸਤ ਕਰੇਗਾ। ਉਸਨੇ ਕਾਕਰੋਚ ਦੇ ਕਥਿਤ "ਕਲੰਕ" ਨੂੰ ਚੁੱਕਿਆ, ਇਸਨੂੰ ਸਾਫ਼ ਕਰ ਦਿੱਤਾ, ਅਤੇ ਇਸਨੂੰ ਇੱਕ ਬੈਨਰ 'ਤੇ ਲਗਾ ਦਿੱਤਾ। ਰਾਤੋ-ਰਾਤ, ਕਾਕਰੋਚ ਜਨਤਾ ਪਾਰਟੀ ਬਣ ਗਿਆ। ਇੱਕ ਹਫ਼ਤੇ ਦੇ ਅੰਦਰ, ਇੱਕ ਮੀਮ ਅੰਦੋਲਨ ਸ਼ੁਰੂ ਹੋ ਗਿਆ। ਭਾਰਤ ਦੇ ਨੌਜਵਾਨ, ਜੋ ਵਿਸ਼ਵਵਿਆਪੀ ਵਿਰੋਧ ਦੀ ਭਾਸ਼ਾ ਸਮਝਦੇ ਹਨ, ਦਾ ਆਪਣਾ "ਜੇ ਸੁਇਸ ਚਾਰਲੀ" ਪਲ ("ਮੈਂ ਵੀ ਚਾਰਲੀ ਹਾਂ" ਅੰਦੋਲਨ ਜੋ ਚਾਰਲੀ ਹੇਬਡੋ ਗੋਲੀਬਾਰੀ ਤੋਂ ਬਾਅਦ ਸ਼ੁਰੂ ਹੋਇਆ ਸੀ) ਹੈ। ਮਾਣ ਨਾਲ ਕਹੋ "ਮੈਂ ਵੀ ਇੱਕ ਕਾਕਰੋਚ ਹਾਂ!" ਪਿਛੋਕੜ ਵਿੱਚ ਇੱਕ ਟ੍ਰੈਂਡਿੰਗ ਗੀਤ ਦੇ ਨਾਲ, ਏਆਈ ਨਾਲ ਇੱਕ ਇੰਸਟਾਗ੍ਰਾਮ ਰੀਲ ਬਣਾਓ।

ਸੀਜੇਪੀ ਅਤੇ ਇਸਦਾ ਮੈਨੀਫੈਸਟੋ ਸੱਚਮੁੱਚ ਦਿਲਚਸਪ ਹਨ। ਵਿਅੰਗਮਈ ਦ੍ਰਿਸ਼ਟੀਕੋਣ ਤੋਂ, ਇਹ ਚੰਗੀ ਤਰ੍ਹਾਂ ਤਿਆਰ ਕੀਤਾ ਗਿਆ, ਸਟੀਕ ਅਤੇ ਨਿਸ਼ਾਨੇ 'ਤੇ ਹੈ, ਇੱਕ ਸਪੱਸ਼ਟ ਪ੍ਰਭਾਵ ਛੱਡਦਾ ਹੈ। ਪਰ ਇੱਕ ਰਾਜਨੀਤਿਕ ਅੰਦੋਲਨ ਦੇ ਰੂਪ ਵਿੱਚ, ਇਸਦਾ ਵਜੂਦ ਤੁਹਾਡੀ ਰਸੋਈ ਵਿੱਚ ਇੱਕ ਕਾਕਰੋਚ ਦੇ ਮੁਕਾਬਲੇ ਹੈ - ਇਹ ਸਾਹਮਣੇ ਆਉਣ 'ਤੇ ਡਰਾਉਣਾ ਹੁੰਦਾ ਹੈ, ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਅਸੰਭਵ ਹੈ, ਪਰ ਅੰਤ ਵਿੱਚ ਸਿੰਕ ਦੇ ਪਿੱਛੇ ਪਾਈਪਾਂ ਵਿੱਚ ਰਹਿੰਦਾ ਹੈ। ਇਹ ਇੱਕ ਗੰਭੀਰ ਬਿਮਾਰੀ ਹੈ - ਕਾਟਸਾਰੀਡਾਫੋਬੀਆ। ਇਹ ਕਾਕਰੋਚਾਂ ਦਾ ਡਰ ਹੈ। ਇਹ ਅਰਥਹੀਣ ਹੋ ਸਕਦਾ ਹੈ, ਪਰ ਇਹ ਦਿਲ ਨੂੰ ਦੌੜਾਉਂਦਾ ਹੈ ਅਤੇ ਇੱਕ ਛਾਲ ਮਾਰਦਾ ਹੈ। ਭਾਜਪਾ ਨਾਲ ਵੀ ਇਹੀ ਹੋਇਆ, ਜੋ ਇਸ ਮੀਮ ਮੁਹਿੰਮ ਦਾ ਨਿਸ਼ਾਨਾ ਸੀ। ਪਾਰਟੀ ਨੇ ਘਬਰਾਹਟ ਵਿੱਚ ਪ੍ਰਤੀਕਿਰਿਆ ਕੀਤੀ। ਪਾਰਟੀ, ਜੋ ਇਸ ਮੀਮ ਮੁਹਿੰਮ ਦੀ ਗੰਭੀਰਤਾ ਨੂੰ ਇੱਕ ਰਾਜਨੀਤਿਕ ਵਿਕਲਪ ਵਜੋਂ ਸਮਝਣ ਲਈ ਕਾਫ਼ੀ ਤਜਰਬੇਕਾਰ ਸੀ, ਨੇ ਬਿਰਤਾਂਤ ਨੂੰ ਬਦਲਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਜਦੋਂ ਇੰਸਟਾਗ੍ਰਾਮ 'ਤੇ ਕੁਝ ਨੌਜਵਾਨਾਂ ਨੇ ਇਸਨੂੰ ਇੱਕ ਇਨਕਲਾਬੀ ਪ੍ਰਤੀਕ ਮੰਨਣਾ ਸ਼ੁਰੂ ਕੀਤਾ, ਤਾਂ ਭਾਜਪਾ ਨੇ ਆਪਣੀਆਂ ਨੀਲੀਆਂ-ਤੋਲ ਵਾਲੀਆਂ ਚੱਪਲਾਂ ਬਾਹਰ ਕੱਢੀਆਂ, ਜਿਸ ਨਾਲ ਲੋੜ ਤੋਂ ਵੱਧ ਹੰਗਾਮਾ ਹੋਇਆ।

ਕਾਕਰੋਚ ਨੂੰ ਇੱਕ ਇਨਕਲਾਬੀ ਪ੍ਰਤੀਕ ਬਣਾਉਣ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ। ਜਿਵੇਂ ਕਿ ਵਿਗਿਆਨਕ ਵਰਗੀਕਰਨ ਵਿੱਚ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ ਹੈ, ਇਹ ਇੱਕ ਕੀੜਾ ਹੈ ਜੋ ਰੌਸ਼ਨੀ ਤੋਂ ਭੱਜਦਾ ਹੈ। ਇਹ ਮਾਰਚ ਨਹੀਂ ਕਰਦਾ। ਇਹ ਦਰਬਾਰ ਸਕੁਏਅਰ ਦੇ ਆਲੇ-ਦੁਆਲੇ ਨਹੀਂ ਹੈ। ਇਹ ਫਰਾਂਸੀਸੀ ਕ੍ਰਾਂਤੀ ਵਾਂਗ ਬੈਸਟਿਲ (ਕਿਲ੍ਹੇ) 'ਤੇ ਹਮਲਾ ਨਹੀਂ ਕਰਦਾ ਜਾਂ ਰਾਸ਼ਟਰਪਤੀ ਭਵਨ ਨੂੰ ਘੇਰਾ ਨਹੀਂ ਪਾਉਂਦਾ। ਕਾਕਰੋਚ ਕੋਨਿਆਂ-ਕੋਨਿਆਂ ਤੋਂ ਲੁਕਦਾ ਹੈ, ਉਡੀਕ ਕਰਦਾ ਹੈ ਅਤੇ ਉੱਭਰਦਾ ਹੈ ਜਦੋਂ ਇਹ ਸੋਚਦਾ ਹੈ ਕਿ ਕੋਈ ਨਹੀਂ ਦੇਖ ਰਿਹਾ ਹੈ। ਇਹ ਉਹੀ ਲੈਂਦਾ ਹੈ ਜਿਸਦੀ ਇਸਨੂੰ ਲੋੜ ਹੁੰਦੀ ਹੈ। ਅਤੇ ਜਿਵੇਂ ਹੀ ਲਾਈਟਾਂ ਆਉਂਦੀਆਂ ਹਨ, ਇਹ ਅਲੋਪ ਹੋ ਜਾਂਦਾ ਹੈ। ਇਹ ਇੱਕ ਸ਼ਾਨਦਾਰ ਬਚਾਅ ਰਣਨੀਤੀ ਹੈ, ਪਰ ਇਨਕਲਾਬ ਲਈ ਇੱਕ ਰਣਨੀਤੀ ਦੇ ਰੂਪ ਵਿੱਚ ਇੱਕ ਬਹੁਤ ਹੀ ਮਾੜੀ ਰਣਨੀਤੀ ਹੈ।

ਬੰਗਲਾਦੇਸ਼, ਨੇਪਾਲ ਅਤੇ ਸ੍ਰੀਲੰਕਾ ਨਾਲ ਤੁਲਨਾ ਕੀਤੀ ਜਾ ਰਹੀ ਹੈ। ਇਹ ਉਨ੍ਹਾਂ ਲੋਕਾਂ ਦੁਆਰਾ ਬਹੁਤ ਉਤਸ਼ਾਹ ਨਾਲ ਕੀਤੀ ਜਾ ਰਹੀ ਹੈ ਜੋ ਭਾਰਤ ਨੂੰ ਅਗਲਾ ਅਧਿਆਇ ਬਣਾਉਣਾ ਚਾਹੁੰਦੇ ਹਨ। ਉਹ ਗਲਤ ਹਨ, ਅਤੇ ਇੱਥੇ ਹੀ ਕਾਰਨ ਹੈ:

ਬੰਗਲਾਦੇਸ਼ ਵਿੱਚ ਕੋਟਾ ਸੁਧਾਰ ਅੰਦੋਲਨ ਸੁੱਕੀ ਲੱਕੜ ਵਿੱਚ ਇੱਕ ਚੰਗਿਆੜੀ ਵਾਂਗ ਸੀ, ਪਰ ਮਹੱਤਵਪੂਰਨ ਗੱਲ ਇਹ ਸੀ ਕਿ ਸਾਰੀ ਲੱਕੜ ਇੱਕੋ ਜਿਹੀ ਸੁੱਕੀ ਸੀ। ਇਹ ਪੂਰੇ ਖੇਤਰ ਵਿੱਚ ਇੱਕੋ ਤਾਪਮਾਨ 'ਤੇ ਸੜਦਾ ਸੀ। ਸ੍ਰੀਲੰਕਾ ਵਿੱਚ, ਦੁੱਖ ਸਾਰਿਆਂ ਲਈ ਬਰਾਬਰ ਅਤੇ ਲੋਕਤੰਤਰੀ ਸੀ। ਜਾਫਨਾ ਵਿੱਚ ਇੱਕ ਸ੍ਰੀਲੰਕਾ ਅਤੇ ਕੋਲੰਬੋ ਵਿੱਚ ਇੱਕ ਸ੍ਰੀਲੰਕਾ ਦੋਵਾਂ ਨੇ ਆਪਣੀਆਂ ਜੇਬਾਂ ਵਿੱਚ ਇੱਕੋ ਜਿਹਾ ਸੰਕਟ ਮਹਿਸੂਸ ਕੀਤਾ। ਜਦੋਂ ਇੱਕੋ ਅਸਮਾਨ ਅਤੇ ਇੱਕੋ ਜਿਹੀ ਆਫ਼ਤ ਪੂਰੇ ਦੇਸ਼ ਨੂੰ ਢੱਕ ਲੈਂਦੀ ਹੈ, ਤਾਂ ਇੱਕ ਸਮਾਨ ਬਗਾਵਤ ਹੋ ਸਕਦੀ ਹੈ। ਭਾਰਤ ਵਿੱਚ ਕਾਕਰੋਚਾਂ ਦੀਆਂ 4,000 ਕਿਸਮਾਂ ਹਨ। ਇਹ ਕੋਈ ਰੂਪਕ ਨਹੀਂ ਹੈ। ਅਤੇ ਇਹ ਹੈ।

1997 ਅਤੇ 2012 ਦੇ ਵਿਚਕਾਰ ਪੈਦਾ ਹੋਏ ਲੋਕਾਂ ਨੂੰ ਜਨਰਲ ਜ਼ੈੱਡ ਕਿਹਾ ਜਾਂਦਾ ਹੈ, ਜਿਵੇਂ ਕਿ ਉਹ ਇਸ 15 ਸਾਲਾਂ ਦੀ ਮਿਆਦ ਵਿੱਚ ਪੈਦਾ ਹੋਏ ਆਪਣੇ ਸਮਕਾਲੀ ਲੋਕਾਂ ਦੇ ਸਮਾਨ ਹੋ ਗਏ ਹਨ। 2000 ਵਿੱਚ ਦੱਖਣੀ ਦਿੱਲੀ ਵਿੱਚ ਪੈਦਾ ਹੋਇਆ ਇੱਕ ਮੁੰਡਾ ਅਤੇ ਉਸੇ ਸਾਲ ਬਾਂਕਾ ਜ਼ਿਲ੍ਹੇ ਦੇ ਕੁਮਹਾਰਤਾਰੀ ਵਿੱਚ ਪੈਦਾ ਹੋਇਆ ਇੱਕ ਮੁੰਡਾ। ਦੋਵੇਂ ਇੱਕੋ ਸਾਲ ਵਿੱਚ ਪੈਦਾ ਹੋਏ ਹਨ, ਪਰ ਉਨ੍ਹਾਂ ਵਿੱਚ ਕੁਝ ਵੀ ਸਾਂਝਾ ਨਹੀਂ ਹੈ। ਦਿੱਲੀ ਦਾ ਮੁੰਡਾ AI ਵਿੱਚ ਆਪਣੀ ਡੈਸਕ ਨੌਕਰੀ ਗੁਆਉਣ ਬਾਰੇ ਚਿੰਤਤ ਹੈ ਅਤੇ ਹੈਰਾਨ ਹੈ ਕਿ ਉਸਦੇ ਮਾਪੇ LGBTQ+ ਮੁੱਦਿਆਂ ਪ੍ਰਤੀ ਕਿੰਨੇ ਸੰਵੇਦਨਸ਼ੀਲ ਹਨ। ਇਸ ਦੌਰਾਨ, ਬਾਂਕਾ ਦੇ ਮੁੰਡੇ ਦੀ ਇੱਕ ਹੋਰ ਸਾਦੀ ਇੱਛਾ ਹੈ: ਅਪਰਾਧ ਦੀ ਜ਼ਿੰਦਗੀ ਤੋਂ ਬਚਣਾ। ਉਨ੍ਹਾਂ ਵਿਚਕਾਰ ਅੰਤਰ ਸਿਰਫ਼ ਭੂਗੋਲ ਨਹੀਂ ਹੈ; ਇਹ ਸਮੇਂ ਦਾ ਵੀ ਹੈ - 1200 ਕਿਲੋਮੀਟਰ ਅਤੇ ਲਗਭਗ 20 ਸਾਲਾਂ ਦਾ ਅੰਤਰ।

ਬਾਂਕਾ ਦੇ ਇੱਕ ਛੋਟੇ ਜਿਹੇ ਕਸਬੇ ਵਿੱਚ ਉਸੇ ਸਾਲ ਪੈਦਾ ਹੋਈ ਇੱਕ ਕੁੜੀ ਦਿੱਲੀ ਦੇ ਮੁੰਡੇ ਤੋਂ 30 ਸਾਲ ਪਿੱਛੇ ਹੈ। ਬਾਂਕਾ ਦੇ ਕੁਮਹਾਰਤਾਰੀ ਬਲਾਕ ਦੇ ਇੱਕ ਪਿੰਡ ਵਿੱਚ ਪੈਦਾ ਹੋਈ ਇੱਕ ਕੁੜੀ ਸੌ ਸਾਲ ਪਿੱਛੇ ਹੈ। ਉਸਦੇ ਭਾਰਤ ਨੇ ਅਜੇ ਤੱਕ ਆਜ਼ਾਦੀ ਵੀ ਪ੍ਰਾਪਤ ਨਹੀਂ ਕੀਤੀ ਹੈ। ਜਦੋਂ ਤੁਸੀਂ 2026 ਵਿੱਚ ਛਤਰਪੁਰ ਤੋਂ 6 ਕਿਲੋਮੀਟਰ ਦੀ ਯਾਤਰਾ ਕਰਦੇ ਹੋ, ਤਾਂ ਤੁਸੀਂ ਗੁਰੂਗ੍ਰਾਮ ਪਹੁੰਚਦੇ ਹੋ, ਜੋ ਕਿ 2036 ਵਿੱਚ ਰਹਿ ਰਿਹਾ ਹੈ। ਫਿਰ, 20 ਕਿਲੋਮੀਟਰ ਦੱਖਣ ਵਿੱਚ, ਤੁਸੀਂ ਆਪਣੇ ਆਪ ਨੂੰ 18ਵੀਂ ਸਦੀ ਵਿੱਚ ਲਿਜਾਇਆ ਜਾਵੇਗਾ। ਇਸ ਦੇਸ਼ ਵਿੱਚ ਗਲੀ 'ਤੇ ਤੁਰਨਾ ਤੁਹਾਨੂੰ ਸਮੇਂ ਦੀ ਯਾਤਰਾ ਵਿੱਚੋਂ ਲੰਘਾ ਸਕਦਾ ਹੈ। ਸਮਾਂ ਭਾਰਤ ਵਿੱਚ ਇਸ ਤਰ੍ਹਾਂ ਕੰਮ ਕਰਦਾ ਹੈ। ਇਹ ਜ਼ਮੀਨ ਤੋਂ ਵੱਖ ਨਹੀਂ ਹੁੰਦਾ।

ਇਨ੍ਹਾਂ ਵਿੱਚੋਂ ਬਹੁਤ ਸਾਰੇ ਨੌਜਵਾਨਾਂ ਦਾ ਭਾਜਪਾ ਨਾਲ ਕੋਈ ਲਗਾਅ ਨਹੀਂ ਹੈ। ਬਹੁਤ ਸਾਰੇ ਉਹ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਆਲੋਚਕ "ਭਗਤ" ਕਹਿੰਦੇ ਹਨ ਅਤੇ ਸਮਰਥਕ "ਸਹਿਯੋਗੀ" ਮੰਨਦੇ ਹਨ। ਬਹੁਤ ਸਾਰੇ ਇੰਨੇ ਚੁੱਪ ਹਨ ਕਿ ਉਨ੍ਹਾਂ ਦੀ ਰਾਜਨੀਤਿਕ ਦ੍ਰਿਸ਼ਟੀਕੋਣ 'ਤੇ ਕੋਈ ਵੱਖਰੀ ਪਛਾਣ ਵੀ ਨਹੀਂ ਹੈ। ਉਨ੍ਹਾਂ ਦੀ ਆਵਾਜ਼ ਉਨ੍ਹਾਂ ਦੀ ਆਪਣੀ ਹੈ, ਅਤੇ ਉਹ ਬਚਾਅ ਲਈ ਇੱਕ ਬਹੁਤ ਹੀ ਵਿਹਾਰਕ ਸੰਘਰਸ਼ ਵਿੱਚ ਰੁੱਝੇ ਹੋਏ ਹਨ। ਬਾਂਕਾ ਦੀ ਇੱਕ ਕੁੜੀ ਬਾਂਕਾ ਵਿੱਚ ਰੀਲ ਬਣਾ ਕੇ ਖੁਸ਼ ਹੈ। ਭਾਗਲਪੁਰ ਦੇ ਰਾਜਨੀਤਿਕ ਹਿਸਾਬ ਦਾ ਇੱਕ ਮੁੰਡਾ ਸਥਾਨਕ ਹੈ, ਜੋ ਕਿ ਬੋਸਟਨ ਗ੍ਰੈਜੂਏਟ ਦੀ ਮੀਮ ਪਾਰਟੀ ਤੋਂ ਬਹੁਤ ਦੂਰ ਹੈ। ਬੰਗਲੁਰੂ ਦਾ ਇੱਕ ਮੁੰਡਾ ਆਪਣੇ ਸਟਾਰਟਅੱਪ ਫੰਡਿੰਗ ਦੇ ਸੁੱਕਣ ਤੋਂ ਨਿਰਾਸ਼ ਹੈ ਅਤੇ ਸਰਕਾਰ ਨੂੰ ਇੱਕ ਗਲੋਬਲ ਸਮੱਸਿਆ, ਟਰੰਪ ਦੀ ਰਚਨਾ ਲਈ ਦੋਸ਼ੀ ਠਹਿਰਾਉਂਦਾ ਹੈ। ਤਕਨੀਕੀ ਤੌਰ 'ਤੇ, ਇਹ ਸਾਰੇ ਜਨਰਲ ਜ਼ੈੱਡ ਹਨ। ਪਰ ਅਮਲੀ ਤੌਰ 'ਤੇ ਬੋਲਦੇ ਹੋਏ, ਉਹ ਇੱਕੋ ਪੀੜ੍ਹੀ ਵਿੱਚ ਪੈਦਾ ਹੋਏ ਭਾਰਤੀਆਂ ਦੀਆਂ ਵੱਖ-ਵੱਖ ਪੀੜ੍ਹੀਆਂ ਦੀ ਨੁਮਾਇੰਦਗੀ ਕਰਦੇ ਹਨ।

ਕਾਕਰੋਚ ਜਨਤਾ ਪਾਰਟੀ ਦੀ ਪ੍ਰਤਿਭਾ ਅਤੇ ਸੀਮਾ ਇੱਕੋ ਚੀਜ਼ ਹੈ: ਇਸਦਾ ਭਾਜਪਾ ਵਿਰੋਧੀ ਰੁਖ਼, ਬਿਨਾਂ ਕਿਸੇ ਹੋਰ ਪੱਖ ਦੇ। ਇਹ ਇੱਕ ਮੀਮ ਅੰਦੋਲਨ ਲਈ ਬਹੁਤ ਵਧੀਆ ਹੈ ਪਰ ਸ਼ਾਸਨ ਲਈ ਭਿਆਨਕ ਹੈ। ਇਹ ਲੋਕਾਂ ਨੂੰ ਇੱਕ ਸਾਂਝੇ ਦ੍ਰਿਸ਼ਟੀਕੋਣ ਦੇ ਆਲੇ-ਦੁਆਲੇ ਨਹੀਂ, ਸਗੋਂ ਸਾਂਝੇ ਨਾਰਾਜ਼ਗੀ ਦੇ ਆਲੇ-ਦੁਆਲੇ ਜੋੜਦਾ ਹੈ। ਇਹ ਟ੍ਰੈਂਡਿੰਗ ਹੈਸ਼ਟੈਗਾਂ ਦੀ ਪਾਲਣਾ ਕਰਨ ਵਾਲਿਆਂ ਲਈ ਚੰਗਾ ਕੱਚਾ ਮਾਲ ਹੈ, ਪਰ ਉਹਨਾਂ ਲਈ ਕੋਈ ਨੈਵੀਗੇਸ਼ਨ ਨਹੀਂ ਦਿੰਦਾ ਜੋ ਇੱਕ ਅੰਦੋਲਨ ਦੀ ਅਗਵਾਈ ਕਰਨਾ ਚਾਹੁੰਦੇ ਹਨ।

ਭਾਜਪਾ, ਕਾਂਗਰਸ, ਜਾਂ ਇੱਥੋਂ ਤੱਕ ਕਿ 'ਆਪ', ਭਾਵੇਂ ਉਨ੍ਹਾਂ ਦੇ ਗੁਣ ਕੁਝ ਵੀ ਹੋਣ, ਉਨ੍ਹਾਂ ਕੋਲ ਇੱਕ ਮਹਾਂਸ਼ਕਤੀ ਹੈ। ਇਹ ਮਹਾਂਸ਼ਕਤੀ ਇਸ ਗੱਲ ਨਾਲ ਬੇਪਰਵਾਹ ਹੈ ਕਿ ਸਰਕਾਰ ਕੀ ਕਰ ਰਹੀ ਹੈ ਜਾਂ ਨਹੀਂ। ਇਹ ਪਾਰਟੀਆਂ ਜਾਤ, ਧਰਮ, ਖੇਤਰ ਜਾਂ ਭਾਸ਼ਾ ਦੀਆਂ ਲਾਈਨਾਂ 'ਤੇ ਵੰਡੀਆਂ ਪਾ ਸਕਦੀਆਂ ਹਨ। ਸਾਡੀਆਂ ਰਾਜਨੀਤਿਕ ਪਾਰਟੀਆਂ ਫਾਲਟਲਾਈਨਾਂ ਦੇ ਮਾਸਟਰ ਕਾਰੀਗਰ ਹਨ। ਪਰ ਸੀਜੇਪੀ ਸਮਰਥਨ ਸਮੂਹ ਆਪਣੀਆਂ ਨਾਰਾਜ਼ਗੀਆਂ ਵਿੱਚ ਬਹੁਤ ਵਿਭਿੰਨ ਹੈ, ਰਾਜਨੀਤਿਕ ਪਾਰਟੀਆਂ ਦੀਆਂ ਮਹਾਂਸ਼ਕਤੀਆਂ ਲਈ ਇੱਕ ਖੁੱਲ੍ਹਾ ਸੱਦਾ। ਤੁਹਾਨੂੰ ਕਾਕਰੋਚਾਂ ਨੂੰ ਹਰਾਉਣ ਦੀ ਜ਼ਰੂਰਤ ਨਹੀਂ ਹੈ। ਤੁਹਾਨੂੰ ਸਿਰਫ਼ ਲਾਈਟਾਂ ਚਾਲੂ ਕਰਨ ਦੀ ਜ਼ਰੂਰਤ ਹੈ। ਅਤੇ ਲਾਈਟਾਂ ਪਹਿਲਾਂ ਹੀ ਚਾਲੂ ਹਨ। ਸਾਵਧਾਨੀ ਦਾ ਇੱਕ ਸ਼ਬਦ: ਭਾਰਤ ਦੇ ਨੌਜਵਾਨ ਬਹੁਤ ਲੰਬੇ ਸਮੇਂ ਤੋਂ ਹਨੇਰੀ ਗਲੀ ਵਿੱਚ ਘੁੰਮ ਰਹੇ ਹਨ। ਭਾਰਤ ਨੂੰ ਛੱਤ ਤੋੜਨ ਅਤੇ ਕੁਝ ਰੌਸ਼ਨੀ ਪਾਉਣ ਦੀ ਜ਼ਰੂਰਤ ਹੈ। ਵਿਸ਼ਵਵਿਆਪੀ ਆਰਥਿਕ ਸੰਕਟ ਦੇ ਬਾਵਜੂਦ, ਵਿਕਾਸ ਦੀ ਕਹਾਣੀ ਨੂੰ ਵਿਸ਼ਾਲ ਕੀਤਾ ਜਾਣਾ ਚਾਹੀਦਾ ਹੈ, NEET ਵਰਗੀਆਂ ਪ੍ਰੀਖਿਆਵਾਂ ਸਾਫ਼ ਹੋਣੀਆਂ ਚਾਹੀਦੀਆਂ ਹਨ, ਅਤੇ ਪੂਰੀ ਪੀੜ੍ਹੀ ਨੂੰ ਉਹ ਨਵੀਂ ਸਵੇਰ ਦੇਖਣੀ ਚਾਹੀਦੀ ਹੈ ਜਿਸਦਾ ਲੰਬੇ ਸਮੇਂ ਤੋਂ ਵਾਅਦਾ ਕੀਤਾ ਗਿਆ ਹੈ। ਰਾਜਨੀਤੀ ਨਾਲੋਂ ਉਨ੍ਹਾਂ ਲਈ ਮਹੱਤਵਪੂਰਨ ਮੁੱਦਿਆਂ 'ਤੇ ਰੌਸ਼ਨੀ ਪਾਓ। ਕਾਕਰੋਚ ਨੂੰ ਯਾਦ ਰੱਖੋ, ਇਹ ਇੱਕ ਬਲਾਟਾ ਹੈ। ਰੌਸ਼ਨੀ ਤੋਂ ਭੱਜਣ ਵਾਲਾ ਕੀੜਾ। ਜਿਵੇਂ ਹੀ ਇਸ ਰਸੋਈ ਵਿੱਚ ਰੌਸ਼ਨੀ ਆਉਂਦੀ ਹੈ, ਇਹ ਖਿੰਡਣਾ ਸ਼ੁਰੂ ਹੋ ਜਾਵੇਗਾ। ਹਰ ਕਾਕਰੋਚ ਆਪਣੇ ਕੋਨੇ, ਆਪਣੀ ਅਲਮਾਰੀ, ਆਪਣੀ ਸਿੰਕ ਪਾਈਪ, ਆਪਣੀ ਸਥਾਨਕ ਚਿੰਤਾ, ਆਪਣੀ ਖਾਸ ਸਮੱਸਿਆ ਵੱਲ ਪਿੱਛੇ ਹਟ ਜਾਵੇਗਾ। ਕੁਝ ਅਸਲੀ ਵਿਰੋਧੀ ਪਾਰਟੀਆਂ ਵਿੱਚ ਆਪਣਾ ਰਸਤਾ ਲੱਭਣਗੇ ਅਤੇ ਉੱਥੇ ਕੁਝ ਲਾਭਦਾਇਕ ਕੰਮ ਕਰਨਗੇ। ਕੁਝ ਬਸ ਘਰ ਚਲੇ ਜਾਣਗੇ। ਬੋਸਟਨ ਗ੍ਰੈਜੂਏਟ ਵੀ ਆਪਣੀ ਸਫਲਤਾ ਵਿੱਚ ਖੁਸ਼ ਹੋਵੇਗਾ। ਮੀਮ ਪੁਰਾਣਾ ਹੋ ਜਾਵੇਗਾ। ਅਤੇ ਭਾਰਤ ਅੱਗੇ ਵਧਦਾ ਰਹੇਗਾ, ਜਿਵੇਂ ਕਿ ਇਹ ਹਮੇਸ਼ਾ ਰਿਹਾ ਹੈ। ਬਹੁਤ ਵੱਡਾ, ਬਹੁਤ ਵਿਭਿੰਨ, ਅਤੇ ਕਿਸੇ ਹੋਰ ਦੇ 'ਸ਼ਡਿਊਲ' 'ਤੇ ਵਿਸਫੋਟ ਕਰਨ ਲਈ ਬਹੁਤ ਦ੍ਰਿੜ।

# ਯੁੱਧ ਕੁੱਤਿਆਂ ਵਿਰੁੱਧ



ਭਾਰਤ ਵਿੱਚ ਆਵਾਰਾ ਕੁੱਤਿਆਂ ਦੀ ਸਮੱਸਿਆ ਕੋਈ ਨਵੀਂ ਨਹੀਂ ਹੈ, ਪਰ ਹੁਣ ਇਹ ਮੁੱਦਾ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਤੱਕ ਪਹੁੰਚ ਗਿਆ ਹੈ। 19 ਮਈ 2026 ਨੂੰ ਸੁਪਰੀਮ ਕੋਰਟ ਨੇ ਇੱਕ ਇਤਿਹਾਸਕ ਫ਼ੈਸਲਾ ਸੁਣਾਇਆ ਜਿਸ ਵਿੱਚ ਕਿਹਾ ਗਿਆ ਕਿ ਜਨਤਕ ਸੁਰੱਖਿਆ ਕਿਸੇ ਵੀ ਕੁੱਤੇ ਦੇ ਅਧਿਕਾਰ ਨਾਲੋਂ ਉੱਪਰ ਹੈ। ਇਸ ਫ਼ੈਸਲੇ ਨੇ ਦੇਸ਼ ਵਿੱਚ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ — ਇੱਕ ਪਾਸੇ ਉਹ ਲੋਕ ਹਨ ਜੋ ਕੁੱਤਿਆਂ ਦੇ ਹਮਲਿਆਂ ਦੇ ਸ਼ਿਕਾਰ ਹੋਏ ਹਨ, ਅਤੇ ਦੂਜੇ ਪਾਸੇ ਜਾਨਵਰਾਂ ਦੇ ਪ੍ਰੇਮੀ ਹਨ ਜੋ ਇਸ ਹੁਕਮ ਨੂੰ ਕਰੂਰਤਾ ਮੰਨਦੇ ਹਨ।

**ਸੁਪਰੀਮ ਕੋਰਟ ਦਾ ਫ਼ੈਸਲਾ: ਕੀ ਕਿਹਾ ਅਦਾਲਤ ਨੇ?**

ਸੁਪਰੀਮ ਕੋਰਟ ਦੇ ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਦੀ ਤਿੰਨ ਜੱਜਾਂ ਦੀ ਬੈਂਚ ਨੇ ਇਹ ਫ਼ੈਸਲਾ ਸੁਣਾਇਆ। ਅਦਾਲਤ ਨੇ ਸਾਫ਼ ਕਿਹਾ ਕਿ ਨਾ ਕੁੱਤਿਆਂ ਦੇ ਅਧਿਕਾਰ ਅਤੇ ਨਾ ਹੀ ਉਨ੍ਹਾਂ ਨੂੰ ਖੁਆਉਣ ਵਾਲਿਆਂ ਦੇ ਅਧਿਕਾਰ, ਜਨਤਕ ਸੁਰੱਖਿਆ ਦੇ ਅਧਿਕਾਰ ਤੋਂ ਵੱਧ ਨਹੀਂ ਹੋ ਸਕਦੇ।

ਇਸ ਫ਼ੈਸਲੇ ਦੀਆਂ ਮੁੱਖ ਗੱਲਾਂ ਇਸ ਤਰ੍ਹਾਂ ਹਨ:

ਖ਼ਤਰਨਾਕ ਕੁੱਤਿਆਂ ਦੀ ਯੂਥਨੇਜ਼ੀਆ: ਉਹ ਕੁੱਤੇ ਜੋ ਰੇਬੀਜ਼ ਨਾਲ ਪੀੜਤ ਹਨ, ਲਾਇਲਾਜ ਬਿਮਾਰ ਹਨ, ਜਾਂ ਜੋ ਸਾਬਤ ਤੌਰ 'ਤੇ ਮਨੁੱਖੀ ਜੀਵਨ ਲਈ ਖ਼ਤਰਾ ਹਨ, ਉਨ੍ਹਾਂ ਨੂੰ ਮਾਰਿਆ ਜਾ ਸਕਦਾ ਹੈ। ਅਦਾਲਤ ਨੇ ਇਹ ਸਪੱਸ਼ਟ ਕੀਤਾ ਕਿ ਇਹ ਹੁਕਮ ਸਾਰੇ ਕੁੱਤਿਆਂ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੰਦਾ।

ਜਨਤਕ ਥਾਵਾਂ ਤੋਂ ਹਟਾਉਣਾ: ਸਕੂਲ, ਕਾਲਜ, ਹਸਪਤਾਲ, ਖੇਡ ਕੰਪਲੈਕਸ, ਬੱਸ ਅੱਡੇ ਅਤੇ ਰੇਲਵੇ ਸਟੇਸ਼ਨਾਂ ਨੂੰ ਵਾੜ ਲਗਾ ਕੇ ਆਵਾਰਾ ਕੁੱਤਿਆਂ ਤੋਂ ਮੁਕਤ ਕੀਤਾ ਜਾਵੇ।

ਪੱਕੇ ਆਸਰੇ ਬਣਾਉਣਾ: ਹਟਾਏ ਗਏ ਕੁੱਤਿਆਂ ਲਈ ਸਹੀ ਸ਼ੈਲਟਰ ਬਣਾਉਣੇ ਲਾਜ਼ਮੀ ਹਨ ਜਿੱਥੇ ਉਨ੍ਹਾਂ ਦੀ ਦੇਖਭਾਲ ਹੋਵੇ।

ਅਧਿਕਾਰੀਆਂ ਦੀ ਜ਼ਿੰਮੇਵਾਰੀ: ਜੇ ਰਾਜਾਂ ਦੇ ਚੀਫ਼ ਸੈਕਟਰੀ ਇਸ ਹੁਕਮ ਦੀ ਪਾਲਣਾ ਨਹੀਂ ਕਰਦੇ, ਤਾਂ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਸੰਵਿਧਾਨਕ ਹੱਕ: ਅਦਾਲਤ ਨੇ ਕਿਹਾ ਕਿ ਧਾਰਾ 21 ਅਧੀਨ ਜਿਉਣ ਦਾ ਅਧਿਕਾਰ ਸਿਰਫ਼ ਰੋਟੀ ਅਤੇ ਮਕਾਨ ਤੱਕ ਸੀਮਤ ਨਹੀਂ — ਜਨਤਕ ਥਾਵਾਂ 'ਤੇ ਬਿਨਾਂ ਡਰ ਦੇ ਤੁਰਨ-ਫਿਰਨ ਦਾ ਅਧਿਕਾਰ ਵੀ ਇਸੇ ਧਾਰਾ ਦਾ ਹਿੱਸਾ ਹੈ।

ਇਹ ਫ਼ੈਸਲਾ ਪਿਛਲੇ ਸਾਲ ਅਗਸਤ 2025 ਵਿੱਚ ਦਿੱਲੀ-ਐੱਨਸੀਆਰ ਵਿੱਚ ਸ਼ੁਰੂ ਹੋਈ ਕਾਰਵਾਈ ਦਾ ਹਿੱਸਾ ਹੈ, ਜਦੋਂ ਇੱਕ ਛੇ ਸਾਲ ਦੀ ਬੱਚੀ ਦੀ ਕੁੱਤੇ ਦੇ ਕੱਟਣ ਕਾਰਨ ਰੇਬੀਜ਼ ਨਾਲ ਮੌਤ ਹੋਈ ਸੀ।

**ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦਾ ਸਟੈਂਡ**

22 ਮਈ 2026 ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਸੁਪਰੀਮ ਕੋਰਟ ਦੇ ਹੁਕਮਾਂ ਨੂੰ "ਅੱਖਰ-ਅੱਖਰ" ਲਾਗੂ ਕਰੇਗੀ। ਉਨ੍ਹਾਂ ਨੇ ਕਿਹਾ ਕਿ ਸਕੂਲਾਂ, ਹਸਪਤਾਲਾਂ, ਮੰਡੀਆਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਆਵਾਰਾ ਕੁੱਤਿਆਂ ਨੂੰ ਹਟਾਇਆ ਜਾਵੇਗਾ ਤਾਂ ਕਿ ਬੱਚੇ, ਬਜ਼ੁਰਗ ਅਤੇ ਪਰਿਵਾਰ ਬਿਨਾਂ ਡਰ ਦੇ ਘਰੋਂ ਬਾਹਰ ਨਿਕਲ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਆਵਾਰਾ ਕੁੱਤਿਆਂ ਲਈ ਢੁਕਵੇਂ ਸ਼ੈਲਟਰ ਵੀ ਬਣਾਏਗੀ ਅਤੇ ਇਸ ਸਾਰੀ ਪ੍ਰਕਿਰਿਆ ਨੂੰ ਜਾਨਵਰਾਂ ਪ੍ਰਤੀ ਕਰੂਰਤਾ ਰੋਕਥਾਮ ਕਾਨੂੰਨ ਅਤੇ ਐਨੀਮਲ ਬਰਥ ਕੰਟਰੋਲ ਨਿਯਮਾਂ (2023) ਦੇ ਅਧੀਨ ਹੀ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਆਵਾਰਾ ਕੁੱਤਿਆਂ ਦੇ ਹਮਲਿਆਂ ਦੀਆਂ ਘਟਨਾਵਾਂ ਵੱਧਦੀਆਂ ਜਾ ਰਹੀਆਂ ਹਨ ਅਤੇ ਇਸ ਸਮੱਸਿਆ ਦਾ ਹੱਲ ਜ਼ਰੂਰੀ ਹੋ ਗਿਆ ਹੈ।

ਭਾਰੀ ਵਿਰੋਧ ਦੇ ਬਾਵਜੂਦ ਮੁੱਖ ਮੰਤਰੀ ਨੇ ਆਪਣੇ ਫ਼ੈਸਲੇ 'ਤੇ ਕਾਇਮ ਰਹਿੰਦੇ ਹੋਏ ਦੁਹਰਾਇਆ ਕਿ ਆਮ ਲੋਕਾਂ ਦੀ ਭਲਾਈ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

**ਸਮੱਸਿਆ ਕਿੰਨੀ ਗੰਭੀਰ ਹੈ?**

ਭਾਰਤ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ ਕਰੋੜਾਂ ਵਿੱਚ ਹੈ। ਦੇਸ਼ ਵਿੱਚ ਹਰ ਸਾਲ ਲੱਖਾਂ ਲੋਕਾਂ ਨੂੰ ਕੁੱਤੇ ਕੱਟਦੇ ਹਨ ਅਤੇ ਰੇਬੀਜ਼ ਨਾਲ ਮੌਤਾਂ ਵੀ ਹੁੰਦੀਆਂ ਰਹਿੰਦੀਆਂ ਹਨ। ਪੰਜਾਬ ਵਿੱਚ ਵੀ ਇਹ ਸਮੱਸਿਆ ਲਗਾਤਾਰ ਵੱਧ ਰਹੀ ਹੈ। ਸ਼ਹਿਰਾਂ ਅਤੇ ਪਿੰਡਾਂ ਵਿੱਚ ਆਵਾਰਾ ਕੁੱਤਿਆਂ ਦੇ ਝੁੰਡ ਰਾਤ ਨੂੰ ਖ਼ਾਸ ਕਰਕੇ ਬਹੁਤ ਖ਼ਤਰਨਾਕ ਹੋ ਜਾਂਦੇ ਹਨ। ਕੁੱਤਿਆਂ ਦੇ ਹਮਲਿਆਂ ਦਾ ਸਭ ਤੋਂ ਵੱਧ ਸ਼ਿਕਾਰ ਛੋਟੇ ਬੱਚੇ, ਬਜ਼ੁਰਗ ਅਤੇ ਗ਼ਰੀਬ ਤਬਕਾ ਹੁੰਦਾ ਹੈ ਜੋ ਕਾਰਾਂ ਵਿੱਚ ਨਹੀਂ ਚੱਲਦਾ। ਸੁਪਰੀਮ ਕੋਰਟ ਨੇ ਖ਼ੁਦ ਮੰਨਿਆ ਕਿ ਇਸ ਸਮੱਸਿਆ ਨਾਲ ਸੰਬੰਧਿਤ ਖ਼ਬਰਾਂ "ਡੂੰਘੀਆਂ ਚਿੰਤਾਜਨਕ" ਹਨ ਅਤੇ ਨਗਰ ਨਿਗਮਾਂ ਅਤੇ ਸਥਾਨਕ ਸੰਸਥਾਵਾਂ ਦੀ ਅਣਗਹਿਲੀ ਕਾਰਨ ਸਮੱਸਿਆ ਹੋਰ ਵਧ ਗਈ ਹੈ।

**ਵਿਰੋਧੀਆਂ ਦੀ ਦਲੀਲ: ਜਾਨਵਰਾਂ ਦੇ ਅਧਿਕਾਰ ਵੀ ਜ਼ਰੂਰੀ ਹਨ**

ਜਾਨਵਰਾਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਬਹੁਤ ਸਾਰੇ ਆਮ ਲੋਕ ਇਸ ਫ਼ੈਸਲੇ ਦਾ ਡੱਟ ਕੇ ਵਿਰੋਧ ਕਰ ਰਹੇ ਹਨ। ਉਨ੍ਹਾਂ ਦੀਆਂ ਦਲੀਲਾਂ ਵੀ ਸੁਣਨਯੋਗ ਹਨ:

1. ਕੁੱਤੇ ਬੇਕਸੂਰ ਹਨ: ਵਿਰੋਧੀਆਂ ਦਾ ਕਹਿਣਾ ਹੈ ਕਿ ਆਵਾਰਾ ਕੁੱਤੇ ਕੁਦਰਤੀ ਤੌਰ 'ਤੇ ਖ਼ੂੰਖ਼ਾਰ ਨਹੀਂ ਹੁੰਦੇ। ਜ਼ਿਆਦਾਤਰ ਮਾਮਲਿਆਂ ਵਿੱਚ ਕੁੱਤੇ ਉਦੋਂ ਹੀ ਹਮਲਾ ਕਰਦੇ ਹਨ ਜਦੋਂ ਉਨ੍ਹਾਂ ਨੂੰ ਡਰਾਇਆ ਜਾਂਦਾ ਹੈ ਜਾਂ ਤੰਗ ਕੀਤਾ ਜਾਂਦਾ ਹੈ।

2. ਮਾਰਨਾ ਹੱਲ ਨਹੀਂ: ਮਾਹਿਰਾਂ ਦਾ ਕਹਿਣਾ ਹੈ ਕਿ ਕੁੱਤਿਆਂ ਨੂੰ ਮਾਰਨ ਨਾਲ ਲੰਮੇ ਸਮੇਂ ਵਿੱਚ ਸਮੱਸਿਆ ਹੱਲ ਨਹੀਂ ਹੁੰਦੀ। ਜੇਕਰ ਕੁੱਤਿਆਂ ਦੀ ਨਸਬੰਦੀ ਅਤੇ ਟੀਕਾਕਰਨ ਨਹੀਂ ਕੀਤਾ ਜਾਂਦਾ, ਤਾਂ ਉਨ੍ਹਾਂ ਦੀ ਜਗ੍ਹਾ ਹੋਰ ਕੁੱਤੇ ਆ ਜਾਂਦੇ ਹਨ।

3. ਜਾਨਵਰਾਂ ਨਾਲ ਕਰੂਰਤਾ: ਭਾਰਤ ਵਿੱਚ ਜਾਨਵਰਾਂ ਪ੍ਰਤੀ ਕਰੂਰਤਾ ਰੋਕਣ ਦਾ ਕਾਨੂੰਨ ਮੌਜੂਦ ਹੈ। ਵਿਰੋਧੀ ਕਹਿੰਦੇ ਹਨ ਕਿ ਸਾਨੂੰ ਮਨੁੱਖੀ ਸਭਿਅਤਾ ਦੇ ਪੱਧਰ ਨੂੰ ਬਣਾਈ ਰੱਖਣਾ ਚਾਹੀਦਾ ਹੈ।

4. ਐਨੀਮਲ ਬਰਥ ਕੰਟਰੋਲ ਪ੍ਰੋਗਰਾਮ ਨੂੰ ਸਹੀ ਢੰਗ ਨਾਲ ਲਾਗੂ ਕਰੋ: ਜਾਨਵਰ ਪ੍ਰੇਮੀਆਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਕੁੱਤਿਆਂ ਦੀ ਨਸਬੰਦੀ ਅਤੇ ਟੀਕਾਕਰਨ ਦੇ ਪ੍ਰੋਗਰਾਮ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ, ਨਾ ਕਿ ਕੁੱਤਿਆਂ ਨੂੰ ਮਾਰਨ ਦਾ ਰਾਹ ਅਪਣਾਉਣਾ ਚਾਹੀਦਾ ਹੈ।

**ਸੁਪਰੀਮ ਕੋਰਟ ਦੀ ਸੋਚ: ਸੰਤੁਲਨ ਦੀ ਕੋਸ਼ਿਸ਼**

ਇਹ ਸਮਝਣਾ ਜ਼ਰੂਰੀ ਹੈ ਕਿ ਸੁਪਰੀਮ ਕੋਰਟ ਨੇ ਸਾਰੇ ਕੁੱਤਿਆਂ ਨੂੰ ਮਾਰਨ ਦਾ ਹੁਕਮ ਨਹੀਂ ਦਿੱਤਾ। ਅਦਾਲਤ ਨੇ ਸਾਫ਼ ਕਿਹਾ ਕਿ ਸਿਰਫ਼ ਉਹੀ ਕੁੱਤੇ ਮਾਰੇ ਜਾ ਸਕਦੇ ਹਨ ਜੋ ਰੇਬੀਜ਼ ਨਾਲ ਪੀੜਤ ਹਨ, ਲਾਇਲਾਜ ਬਿਮਾਰ ਹਨ, ਜਾਂ ਜੋ ਮਨੁੱਖੀ ਜੀਵਨ ਲਈ ਸਾਬਤ ਤੌਰ 'ਤੇ ਖ਼ਤਰਨਾਕ ਹਨ। ਇਹ ਕਦਮ ਪਸ਼ੂ ਅਧਿਕਾਰ ਕਾਨੂੰਨਾਂ ਅਤੇ ਪਸ਼ੂ ਡਾਕਟਰੀ ਪ੍ਰੋਟੋਕੋਲਾਂ ਦੇ ਅਧੀਨ ਹੀ ਉਠਾਉਣੇ ਹਨ। ਅਦਾਲਤ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਦੇਸ਼ ਭਰ ਵਿੱਚ ਆਵਾਰਾ ਕੁੱਤਿਆਂ ਦੇ ਪ੍ਰਬੰਧਨ ਲਈ ਇੱਕ ਸਾਂਝੀ ਨੀਤੀ ਬਣਾਉਣ ਦੇ ਵੀ ਹੁਕਮ ਦਿੱਤੇ ਹਨ। ਹਾਈ ਕੋਰਟਾਂ ਇਸ ਦੀ ਨਿਗਰਾਨੀ ਕਰਨਗੀਆਂ।

**ਸਮੱਸਿਆ ਦੀ ਜੜ੍ਹ: ਸਰਕਾਰੀ ਅਣਗਹਿਲੀ**

ਸੁਪਰੀਮ ਕੋਰਟ ਨੇ ਬਹੁਤ ਸਹੀ ਗੱਲ ਕਹੀ ਕਿ ਇਸ ਸਾਰੀ ਸਮੱਸਿਆ ਲਈ ਸਭ ਤੋਂ ਵੱਡੀ ਜ਼ਿੰਮੇਵਾਰੀ ਨਗਰ ਨਿਗਮਾਂ ਅਤੇ ਸਥਾਨਕ ਸੰਸਥਾਵਾਂ ਦੀ ਅਣਗਹਿਲੀ ਹੈ। ਐਨੀਮਲ ਬਰਥ ਕੰਟਰੋਲ ਨਿਯਮ 2023 ਕਾਗਜ਼ਾਂ ਵਿੱਚ ਤਾਂ ਹਨ, ਪਰ ਜ਼ਮੀਨੀ ਪੱਧਰ 'ਤੇ ਇਨ੍ਹਾਂ ਦੀ ਪਾਲਣਾ ਨਾ ਦੇ ਬਰਾਬਰ ਹੈ।

ਜੇਕਰ ਪਹਿਲਾਂ ਹੀ ਨਸਬੰਦੀ ਅਤੇ ਟੀਕਾਕਰਨ ਦੇ ਪ੍ਰੋਗਰਾਮ ਸਹੀ ਢੰਗ ਨਾਲ ਚਲਾਏ ਜਾਂਦੇ, ਤਾਂ ਸ਼ਾਇਦ ਅੱਜ ਅਦਾਲਤ ਨੂੰ ਇੰਨਾ ਸਖ਼ਤ ਕਦਮ ਚੁੱਕਣ ਦੀ ਲੋੜ ਨਾ ਪੈਂਦੀ। ਸਾਡੇ ਸ਼ਹਿਰਾਂ ਵਿੱਚ ਕੂੜੇ ਦੇ ਢੇਰ, ਖੁੱਲ੍ਹੇ ਕਤਲਖ਼ਾਨੇ ਅਤੇ ਸਫ਼ਾਈ ਦੀ ਕਮੀ ਕਾਰਨ ਆਵਾਰਾ ਕੁੱਤਿਆਂ ਦੀ ਗਿਣਤੀ ਵਧਦੀ ਜਾਂਦੀ ਹੈ। ਇਸ ਜੜ੍ਹ ਨੂੰ ਠੀਕ ਕੀਤੇ ਬਿਨਾਂ ਕੋਈ ਵੀ ਹੱਲ ਟਿਕਾਊ ਨਹੀਂ ਹੋਵੇਗਾ।

**ਅੱਗੇ ਦਾ ਰਾਹ: ਮਨੁੱਖੀ ਸੁਰੱਖਿਆ ਅਤੇ ਜਾਨਵਰਾਂ ਦੀ ਭਲਾਈ ਦੋਵੇਂ ਜ਼ਰੂਰੀ**

ਇਸ ਪੂਰੇ ਵਿਵਾਦ ਵਿੱਚ ਦੋਵੇਂ ਪੱਖਾਂ ਦੀਆਂ ਭਾਵਨਾਵਾਂ ਸੱਚੀਆਂ ਹਨ। ਇੱਕ ਪਾਸੇ ਉਹ ਮਾਂ-ਬਾਪ ਹਨ ਜਿਨ੍ਹਾਂ ਦੇ ਬੱਚੇ ਆਵਾਰਾ ਕੁੱਤਿਆਂ ਨੇ ਕੱਟੇ ਹਨ, ਅਤੇ ਦੂਜੇ ਪਾਸੇ ਉਹ ਲੋਕ ਹਨ ਜੋ ਜਾਨਵਰਾਂ ਨੂੰ ਪਿਆਰ ਕਰਦੇ ਹਨ ਅਤੇ ਉਨ੍ਹਾਂ ਦੀ ਤਕਲੀਫ਼ ਮਹਿਸੂਸ ਕਰਦੇ ਹਨ।

ਸਮਝਦਾਰੀ ਦਾ ਰਾਹ ਇਹ ਹੈ ਕਿ ਇੱਕ ਸੰਤੁਲਿਤ ਨੀਤੀ ਬਣਾਈ ਜਾਵੇ ਜਿਸ ਵਿੱਚ:

ਰੇਬੀਜ਼ ਅਤੇ ਖ਼ਤਰਨਾਕ ਕੁੱਤਿਆਂ ਨੂੰ ਵਿਗਿਆਨਕ ਢੰਗ ਨਾਲ ਯੂਥਨੇਜ਼ੀਆ ਦਿੱਤੀ ਜਾਵੇ

ਬਾਕੀ ਕੁੱਤਿਆਂ ਦੀ ਨਸਬੰਦੀ ਅਤੇ ਟੀਕਾਕਰਨ ਤੇਜ਼ੀ ਨਾਲ ਕੀਤੀ ਜਾਵੇ

ਸਹੀ ਸ਼ੈਲਟਰ ਬਣਾਏ ਜਾਣ ਜਿੱਥੇ ਕੁੱਤਿਆਂ ਦੀ ਦੇਖਭਾਲ ਹੋਵੇ

ਸ਼ਹਿਰਾਂ ਵਿੱਚ ਸਫ਼ਾਈ ਅਤੇ ਕੂੜਾ ਪ੍ਰਬੰਧਨ ਸੁਧਾਰਿਆ ਜਾਵੇ ਤਾਂ ਕਿ ਕੁੱਤਿਆਂ ਨੂੰ ਭੋਜਨ ਲੱਭਣ ਲਈ ਸੜਕਾਂ 'ਤੇ ਨਾ ਭਟਕਣਾ ਪਵੇ

ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਆਵਾਰਾ ਕੁੱਤਿਆਂ ਨੂੰ ਸੜਕਾਂ 'ਤੇ ਛੱਡਣ ਅਤੇ ਅਵਾਰਾ ਕੁੱਤਿਆਂ ਨੂੰ ਉਕਸਾਉਣ ਤੋਂ ਬਚਿਆ ਜਾਵੇ




# ਜਪਾਨ ਦੇ ਟੈਸਟ ਨੇ ਉਮੀਦਾਂ ਜਗਾਈਆਂ, ਰੈਮਜੈੱਟ ਇੰਜਣ ਦਾ ਸਫਲਤਾਪੂਰਵਕ ਕੀਤਾ ਟੈਸਟ

ਇੱਕ ਜਹਾਜ਼ ਨੂੰ ਹਾਈਪਰਸੋਨਿਕ ਮੰਨਿਆ ਜਾਂਦਾ ਹੈ ਜਦੋਂ ਇਹ ਮੈਕ 5 ਜਾਂ ਇਸ ਤੋਂ ਤੇਜ਼ ਹੁੰਦਾ ਹੈ, ਭਾਵ ਇਹ ਆਵਾਜ਼ ਦੀ ਗਤੀ ਤੋਂ ਘੱਟੋ ਘੱਟ ਪੰਜ ਗੁਣਾ ਹੁੰਦਾ ਹੈ। ਜਾਪਾਨ ਨੇ ਇਸ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਿਆ ਹੈ। ਜਾਪਾਨ ਏਰੋਸਪੇਸ ਐਕਸਪਲੋਰੇਸ਼ਨ ਏਜੰਸੀ (JAXA) ਨੇ ਹਾਈਪਰਸੋਨਿਕ ਜਹਾਜ਼ਾਂ ਲਈ ਵਿਕਸਤ ਕੀਤੇ ਗਏ ਰੈਮਜੈੱਟ ਇੰਜਣ ਦਾ ਜ਼ਮੀਨੀ ਟੈਸਟ ਸਫਲਤਾਪੂਰਵਕ ਕੀਤਾ ਹੈ।

ਇਹ ਤਕਨਾਲੋਜੀ ਭਵਿੱਖ ਵਿੱਚ ਹਵਾਈ ਯਾਤਰਾ ਨੂੰ ਪੂਰੀ ਤਰ੍ਹਾਂ ਬਦਲ ਸਕਦੀ ਹੈ। ਦਿੱਲੀ ਤੋਂ ਦੁਬਈ ਤੱਕ ਦੀ ਯਾਤਰਾ ਦੀ ਕਲਪਨਾ ਕੁਝ ਮਿੰਟਾਂ ਵਿੱਚ ਕਰੋ, ਜੋ ਕਿ ਵਰਤਮਾਨ ਵਿੱਚ ਵਿਗਿਆਨ ਗਲਪ ਵਾਂਗ ਜਾਪਦਾ ਹੈ। ਵਿਗਿਆਨੀ ਇਸ ਸੁਪਨੇ ਨੂੰ ਹਕੀਕਤ ਬਣਾਉਣ ਲਈ ਕੰਮ ਕਰ ਰਹੇ ਹਨ। ਹਾਲਾਂਕਿ, ਇੰਨੀ ਤੇਜ਼ ਗਤੀ 'ਤੇ, ਜਹਾਜ਼ਾਂ ਨੂੰ ਬਹੁਤ ਜ਼ਿਆਦਾ ਗਰਮੀ, ਦਬਾਅ ਅਤੇ ਅਸਥਿਰ ਹਵਾ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜੇਕਰ ਇਹ ਤਕਨਾਲੋਜੀ ਸਫਲ ਹੁੰਦੀ ਹੈ, ਤਾਂ ਲੰਬੀ ਦੂਰੀ ਦੀਆਂ ਉਡਾਣਾਂ ਮਿੰਟਾਂ ਤੱਕ ਘਟਾਈਆਂ ਜਾ ਸਕਦੀਆਂ ਹਨ। ਨਿਊਯਾਰਕ ਤੋਂ ਲਾਸ ਏਂਜਲਸ (ਲਗਭਗ 4,400 ਕਿਲੋਮੀਟਰ) ਦੀ ਯਾਤਰਾ ਸਿਰਫ 15 ਮਿੰਟਾਂ ਵਿੱਚ ਪੂਰੀ ਕੀਤੀ ਜਾ ਸਕਦੀ ਹੈ। ਇਹ ਤਕਨਾਲੋਜੀ ਵਿਸ਼ਵਵਿਆਪੀ ਯਾਤਰਾ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲ ਸਕਦੀ ਹੈ ਅਤੇ ਰੋਜ਼ਾਨਾ ਜੀਵਨ 'ਤੇ ਡੂੰਘਾ ਪ੍ਰਭਾਵ ਪਾ ਸਕਦੀ ਹੈ।

### ਹਾਈਪਰਸੋਨਿਕ ਯਾਤਰਾ ਕੀ ਹੈ?

ਕੁਝ ਦਹਾਕੇ ਪਹਿਲਾਂ, ਕੋਨਕੋਰਡ ਜਹਾਜ਼ਾਂ ਨੂੰ ਦੁਨੀਆ ਦੀਆਂ ਸਭ ਤੋਂ ਤੇਜ਼ ਯਾਤਰੀ ਉਡਾਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਇਹ ਜਹਾਜ਼ ਮੈਕ 2 ਦੀ ਰਫ਼ਤਾਰ ਨਾਲ ਉੱਡ ਸਕਦੇ ਸਨ, ਜੋ ਕਿ ਆਵਾਜ਼ ਦੀ ਗਤੀ ਤੋਂ ਲਗਭਗ ਦੁੱਗਣਾ ਹੈ। ਕਮਰੇ ਦੇ ਤਾਪਮਾਨ 'ਤੇ ਸੁੱਕੀ ਹਵਾ ਵਿੱਚ ਆਵਾਜ਼ ਦੀ ਗਤੀ ਲਗਭਗ 1,225 ਕਿਲੋਮੀਟਰ ਪ੍ਰਤੀ ਘੰਟਾ (ਜਾਂ ਲਗਭਗ 343 ਮੀਟਰ ਪ੍ਰਤੀ ਸਕਿੰਟ) ਹੈ। ਇਸ ਗਤੀ 'ਤੇ, ਆਵਾਜ਼ ਨੂੰ 1 ਕਿਲੋਮੀਟਰ ਦੀ ਯਾਤਰਾ ਕਰਨ ਵਿੱਚ ਲਗਭਗ 2.9 ਸਕਿੰਟ ਲੱਗਦੇ ਹਨ। ਪਰ ਹਾਈਪਰਸੋਨਿਕ ਉਡਾਣ ਇਸ ਤੋਂ ਕਿਤੇ ਵੱਧ ਹੈ। ਇੱਕ ਜਹਾਜ਼ ਨੂੰ ਹਾਈਪਰਸੋਨਿਕ ਮੰਨਿਆ ਜਾਂਦਾ ਹੈ ਜਦੋਂ ਇਸਦੀ ਗਤੀ ਮੈਕ 5 ਜਾਂ ਵੱਧ ਹੁੰਦੀ ਹੈ, ਭਾਵ ਆਵਾਜ਼ ਦੀ ਗਤੀ ਨਾਲੋਂ ਘੱਟੋ ਘੱਟ ਪੰਜ ਗੁਣਾ ਤੇਜ਼।

ਮੈਕ 1 ਤੋਂ ਮੈਕ 5 ਸਪੀਡ

ਮੈਕ 1 1,225 ਕਿਲੋਮੀਟਰ/ਘੰਟਾ 340 ਮੀਟਰ/ਸਕਿੰਟ ਟ੍ਰਾਂਸੋਨਿਕ
ਮੈਕ 2 2,450 ਕਿਲੋਮੀਟਰ/ਘੰਟਾ 680 ਮੀਟਰ/ਸਕਿੰਟ ਸੁਪਰਸੋਨਿਕ
ਮੈਕ 3 3,675 ਕਿਲੋਮੀਟਰ/ਘੰਟਾ 1,021 ਮੀਟਰ/ਸਕਿੰਟ ਸੁਪਰਸੋਨਿਕ
ਮੈਕ 4 4,900 ਕਿਲੋਮੀਟਰ/ਘੰਟਾ 1,361 ਮੀਟਰ/ਸਕਿੰਟ ਸੁਪਰਸੋਨਿਕ
ਮੈਕ 5 6,125 ਕਿਲੋਮੀਟਰ/ਘੰਟਾ 1,702 ਮੀਟਰ/ਸਕਿੰਟ ਹਾਈਪਰਸੋਨਿਕ

ਇੰਨੀ ਤੇਜ਼ ਰਫ਼ਤਾਰ ਨਾਲ ਉੱਡਣਾ ਬਹੁਤ ਚੁਣੌਤੀਪੂਰਨ ਹੈ। ਜਦੋਂ ਕੋਈ ਜਹਾਜ਼ ਇੰਨੀ ਤੇਜ਼ ਰਫ਼ਤਾਰ ਨਾਲ ਹਵਾ ਵਿੱਚੋਂ ਲੰਘਦਾ ਹੈ, ਤਾਂ ਇਸਦੇ ਸਾਹਮਣੇ ਵਾਲੀ ਹਵਾ ਬਹੁਤ ਜ਼ਿਆਦਾ ਦਬਾਅ ਪੈਦਾ ਕਰਦੀ ਹੈ। ਇਹ ਬਹੁਤ ਜ਼ਿਆਦਾ ਗਰਮੀ ਪੈਦਾ ਕਰਦਾ ਹੈ, ਜੋ 1900 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਇਹ ਤਾਪਮਾਨ ਇੰਨਾ ਜ਼ਿਆਦਾ ਹੈ ਕਿ ਇਹ ਜਹਾਜ਼ ਦੇ ਸਰੀਰ, ਇੰਜਣਾਂ ਅਤੇ ਹੋਰ ਹਿੱਸਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਤੋਂ ਇਲਾਵਾ, ਤਕਨੀਕੀ ਖਰਾਬੀ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ।

### ਸਭ ਤੋਂ ਵੱਡੀ ਚੁਣੌਤੀ ਕੀ ਹੈ?

ਵਿਗਿਆਨੀਆਂ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇੰਨੀ ਗਰਮੀ ਅਤੇ ਤੇਜ਼ ਰਫ਼ਤਾਰ 'ਤੇ ਜਹਾਜ਼ਾਂ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇ। ਆਮ ਜੈੱਟ ਇੰਜਣ ਉਡਾਣ ਭਰਨ ਤੋਂ ਪਹਿਲਾਂ ਹਵਾ ਨੂੰ ਹੌਲੀ ਕਰ ਦਿੰਦੇ ਹਨ, ਪਰ ਹਾਈਪਰਸੋਨਿਕ ਗਤੀ 'ਤੇ ਇਹ ਸੰਭਵ ਨਹੀਂ ਹੈ। ਇਸ ਕਾਰਨ ਕਰਕੇ, ਵਿਗਿਆਨੀ ਸਕ੍ਰੈਮਜੈੱਟ ਇੰਜਣਾਂ 'ਤੇ ਕੰਮ ਕਰ ਰਹੇ ਹਨ, ਜੋ ਇੰਜਣ ਦੇ ਅੰਦਰ ਵੀ ਸੁਪਰਸੋਨਿਕ ਗਤੀ 'ਤੇ ਹਵਾ ਨੂੰ ਚਲਦੇ ਰੱਖਦੇ ਹਨ। ਹਾਲਾਂਕਿ, ਸਿਰਫ਼ ਇੱਕ ਹਾਈ-ਸਪੀਡ ਇੰਜਣ ਵਿਕਸਤ ਕਰਨਾ ਕਾਫ਼ੀ ਨਹੀਂ ਹੈ। ਇੰਨੀ ਗਤੀ 'ਤੇ, ਹਵਾ ਦਾ ਪ੍ਰਵਾਹ ਅਸਥਿਰ ਹੋ ਜਾਂਦਾ ਹੈ। ਇਹ ਅਸਥਿਰ ਹਵਾ ਦਾ ਪ੍ਰਵਾਹ ਜਹਾਜ਼ ਦੇ ਨਿਯੰਤਰਣ ਨਾਲ ਸਮਝੌਤਾ ਕਰ ਸਕਦਾ ਹੈ। ਵਿਗਿਆਨੀ ਹੁਣ ਅਜਿਹੇ ਇੰਜਣ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜੋ ਸਥਿਰ ਰਹਿ ਸਕਣ, ਸਹੀ ਢੰਗ ਨਾਲ ਪ੍ਰਦਰਸ਼ਨ ਕਰ ਸਕਣ ਅਤੇ ਜਹਾਜ਼ਾਂ ਨੂੰ ਸੁਰੱਖਿਅਤ ਰੱਖ ਸਕਣ। ਹਾਈਪਰਸੋਨਿਕ ਯਾਤਰਾ ਜਹਾਜ਼ ਦੇ ਸਰੀਰ 'ਤੇ ਬਹੁਤ ਜ਼ਿਆਦਾ ਦਬਾਅ ਪਾਉਂਦੀ ਹੈ। ਇਸ ਲਈ, ਵਿਗਿਆਨੀਆਂ ਨੂੰ ਅਜਿਹੀਆਂ ਸਮੱਗਰੀਆਂ ਵਿਕਸਤ ਕਰਨੀਆਂ ਪੈ ਰਹੀਆਂ ਹਨ ਜੋ ਮਜ਼ਬੂਤ ਅਤੇ ਹਲਕੇ ਦੋਵੇਂ ਹੋਣ। ਸਮੱਸਿਆ ਇਹ ਹੈ ਕਿ ਮਜ਼ਬੂਤ ਸਮੱਗਰੀ ਅਕਸਰ ਭਾਰੀ ਹੁੰਦੀ ਹੈ, ਅਤੇ ਜ਼ਿਆਦਾ ਭਾਰ ਜਹਾਜ਼ ਦੀ ਗਤੀ ਨੂੰ ਘਟਾਉਂਦਾ ਹੈ। ਇਸ ਲਈ ਵਿਗਿਆਨੀ ਲਗਾਤਾਰ ਨਵੀਆਂ ਸਮੱਗਰੀਆਂ ਅਤੇ ਤਕਨਾਲੋਜੀਆਂ ਦੀ ਖੋਜ ਕਰ ਰਹੇ ਹਨ। ਉਨ੍ਹਾਂ ਨੂੰ ਤਾਕਤ ਬਣਾਈ ਰੱਖਣ ਅਤੇ ਸਿਹਤਮੰਦ ਗਤੀ ਬਣਾਈ ਰੱਖਣ ਵਿਚਕਾਰ ਸੰਤੁਲਨ ਲੱਭਣ ਦੀ ਜ਼ਰੂਰਤ ਹੈ। ਟੈਸਟਿੰਗ ਵੀ ਆਸਾਨ ਨਹੀਂ ਹੈ। ਹਾਈਪਰਸੋਨਿਕ ਤਕਨਾਲੋਜੀ ਦੀ ਜਾਂਚ ਵਿਗਿਆਨੀਆਂ ਲਈ ਇੱਕ ਮਹੱਤਵਪੂਰਨ ਚੁਣੌਤੀ ਵੀ ਹੈ। ਆਮ ਜਹਾਜ਼ਾਂ ਦੀ ਜਾਂਚ ਕਰਨ ਲਈ ਹਵਾ ਸੁਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਹਾਈਪਰਸੋਨਿਕ ਉਡਾਣ ਦੌਰਾਨ ਪੈਦਾ ਹੋਣ ਵਾਲੇ ਤਾਪਮਾਨ, ਦਬਾਅ ਅਤੇ ਗਤੀ ਇੰਨੀ ਜ਼ਿਆਦਾ ਹੁੰਦੀ ਹੈ ਕਿ ਰਵਾਇਤੀ ਹਵਾ ਸੁਰੰਗਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਦੁਹਰਾ ਨਹੀਂ ਸਕਦੀਆਂ। ਜਦੋਂ ਕਿ ਵਿਸ਼ੇਸ਼ ਖੋਜ ਸਹੂਲਤਾਂ ਮੌਜੂਦ ਹਨ, ਉਹ ਸਿਰਫ ਕੁਝ ਸਕਿੰਟਾਂ ਲਈ ਸਥਿਤੀਆਂ ਦੀ ਨਕਲ ਕਰ ਸਕਦੀਆਂ ਹਨ। ਇਸ ਲਈ, ਵਿਗਿਆਨੀ ਹੁਣ ਕੰਪਿਊਟਰ ਸਿਮੂਲੇਸ਼ਨ ਦਾ ਸਹਾਰਾ ਲੈ ਰਹੇ ਹਨ। ਇਸ ਤਕਨਾਲੋਜੀ ਨੂੰ ਕੰਪਿਊਟਰ ਮਾਡਲਾਂ ਅਤੇ ਅਸਲ-ਸੰਸਾਰ ਦੇ ਟੈਸਟਾਂ ਨੂੰ ਜੋੜ ਕੇ ਅੱਗੇ ਵਧਾਇਆ ਜਾ ਰਿਹਾ ਹੈ।

ਜਾਪਾਨ ਨੇ ਇਸ ਖੇਤਰ ਵਿੱਚ ਇੱਕ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ। ਮਾਈਨੀਚੀ ਦੀ ਇੱਕ ਰਿਪੋਰਟ ਦੇ ਅਨੁਸਾਰ, ਜਾਪਾਨ ਨੇ ਮੈਕ 5, ਜਾਂ ਆਵਾਜ਼ ਦੀ ਗਤੀ ਤੋਂ ਪੰਜ ਗੁਣਾ ਵੱਧ ਗਤੀ ਨਾਲ ਉੱਡਣ ਦੇ ਸਮਰੱਥ ਇੱਕ ਜਹਾਜ਼ ਲਈ ਤਿਆਰ ਕੀਤੇ ਗਏ ਰੈਮਜੈੱਟ ਇੰਜਣ ਦਾ ਜ਼ਮੀਨੀ ਟੈਸਟ ਸਫਲਤਾਪੂਰਵਕ ਕੀਤਾ ਹੈ। ਇਸ ਟੈਸਟ ਨੂੰ ਹਾਈਪਰਸੋਨਿਕ ਯਾਤਰਾ ਅਤੇ ਮੁੜ ਵਰਤੋਂ ਯੋਗ ਪੁਲਾੜ ਯਾਨ ਤਕਨਾਲੋਜੀ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਜਾਪਾਨ ਦੀ ਪੁਲਾੜ ਏਜੰਸੀ, JAXA, ਨੇ ਵਾਸੇਦਾ ਯੂਨੀਵਰਸਿਟੀ, ਟੋਕੀਓ ਯੂਨੀਵਰਸਿਟੀ ਅਤੇ ਕੀਓ ਯੂਨੀਵਰਸਿਟੀ ਨਾਲ ਸਹਿਯੋਗ ਕੀਤਾ। ਪੂਰਾ ਪ੍ਰਯੋਗ ਮਿਆਗੀ ਪ੍ਰੀਫੈਕਚਰ ਵਿੱਚ ਹੋਇਆ।

### ਟੈਸਟਿੰਗ ਕਿਵੇਂ ਹੋਈ?

JAXA ਦੇ ਅਨੁਸਾਰ, ਟੈਸਟਿੰਗ ਦੌਰਾਨ ਜਹਾਜ਼ ਦੇ ਅੰਦਰ ਦਾ ਤਾਪਮਾਨ ਆਮ ਰਿਹਾ। ਇਸ ਨਾਲ ਜਹਾਜ਼ ਦੇ ਇਲੈਕਟ੍ਰਾਨਿਕ ਸਿਸਟਮ ਅਤੇ ਕੰਟਰੋਲ ਯੰਤਰ ਸਹੀ ਢੰਗ ਨਾਲ ਕੰਮ ਕਰਦੇ ਰਹੇ। ਵਿਗਿਆਨੀਆਂ ਨੇ ਭਵਿੱਖ ਵਿੱਚ ਬਿਹਤਰ ਹਾਈਪਰਸੋਨਿਕ ਡਿਜ਼ਾਈਨ ਵਿਕਸਤ ਕਰਨ ਵਿੱਚ ਮਦਦ ਲਈ ਜਹਾਜ਼ ਦੀ ਸਤ੍ਹਾ 'ਤੇ ਬਦਲਦੇ ਤਾਪਮਾਨ ਵੰਡ ਨੂੰ ਵੀ ਮਾਪਿਆ। ਇਸ ਟੈਸਟ ਵਿੱਚ ਇੱਕ ਹਾਈਡ੍ਰੋਜਨ-ਇੰਧਨ ਵਾਲੇ ਰੈਮਜੈੱਟ ਇੰਜਣ ਦੀ ਵਰਤੋਂ ਕੀਤੀ ਗਈ। ਵਿਗਿਆਨੀਆਂ ਨੇ ਇੰਜਣ ਤੋਂ ਨਿਕਲਣ ਵਾਲੇ ਨਿਕਾਸ ਤਾਪਮਾਨ ਦਾ ਵੀ ਅਧਿਐਨ ਕੀਤਾ। ਟੀਚਾ ਇਹ ਸਮਝਣਾ ਸੀ ਕਿ ਭਵਿੱਖ ਦੇ ਹਾਈਪਰਸੋਨਿਕ ਇੰਜਣ ਵਾਤਾਵਰਣ ਨੂੰ ਕਿਵੇਂ ਪ੍ਰਭਾਵਤ ਕਰ ਸਕਦੇ ਹਨ।

## ਰੈਮਜੈੱਟ ਇੰਜਣ ਕੀ ਹੈ?

ਇੱਕ ਆਮ ਜੈੱਟ ਇੰਜਣ ਵਿੱਚ, ਵੱਡੇ ਪੱਖੇ ਦੇ ਬਲੇਡ ਹਵਾ ਨੂੰ ਅੰਦਰ ਖਿੱਚਦੇ ਹਨ ਅਤੇ ਸੰਕੁਚਿਤ ਕਰਦੇ ਹਨ। ਹਾਲਾਂਕਿ, ਇੱਕ ਰੈਮਜੈੱਟ ਇੰਜਣ ਇੱਕ ਬਿਲਕੁਲ ਵੱਖਰੀ ਤਕਨਾਲੋਜੀ ਦੀ ਵਰਤੋਂ ਕਰਦਾ ਹੈ। ਇਸਦੇ ਕੋਈ ਚਲਦੇ ਹਿੱਸੇ ਨਹੀਂ ਹੁੰਦੇ। ਇਹ ਇੰਜਣ ਆਉਣ ਵਾਲੀ ਹਵਾ ਨੂੰ ਸੰਕੁਚਿਤ ਕਰਨ ਲਈ ਆਪਣੀ ਉੱਚ ਗਤੀ ਦੀ ਵਰਤੋਂ ਕਰਦਾ ਹੈ। ਇਸ ਹਵਾ ਨੂੰ ਫਿਰ ਇੱਕ ਅੰਦਰੂਨੀ ਬਲਨ ਪ੍ਰਕਿਰਿਆ ਦੁਆਰਾ ਬਾਲਣ ਨਾਲ ਮਿਲਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਰੈਮਜੈੱਟ ਇੰਜਣ ਬਹੁਤ ਜ਼ਿਆਦਾ ਗਤੀ 'ਤੇ ਵਧੇਰੇ ਪ੍ਰਭਾਵਸ਼ਾਲੀ ਹੁੰਦੇ ਹਨ।

ਇਸ ਖਾਸ ਟੈਸਟ ਵਿੱਚ, ਜਾਪਾਨੀ ਵਿਗਿਆਨੀਆਂ ਨੇ ਇੱਕ ਹਾਈਡ੍ਰੋਜਨ-ਇੰਧਨ ਵਾਲੇ ਰੈਮਜੈੱਟ ਇੰਜਣ ਦੀ ਵਰਤੋਂ ਕੀਤੀ ਕਿਉਂਕਿ ਹਾਈਡ੍ਰੋਜਨ ਉੱਚ ਤਾਪਮਾਨ 'ਤੇ ਤੇਜ਼ੀ ਨਾਲ ਸੜਦਾ ਹੈ। ਇਸ ਲਈ, ਇਸਨੂੰ ਮੈਕ 5 ਵਰਗੀਆਂ ਸਥਿਤੀਆਂ ਵਿੱਚ ਨਿਰੰਤਰ ਬਲਨ ਬਣਾਈ ਰੱਖਣ ਲਈ ਸਭ ਤੋਂ ਵਧੀਆ ਬਾਲਣ ਮੰਨਿਆ ਜਾਂਦਾ ਹੈ।

ਹਾਈਪਰਸੋਨਿਕ ਯਾਤਰਾ ਸਿਰਫ ਤੇਜ਼ ਉਡਾਣ ਭਰਨ ਬਾਰੇ ਨਹੀਂ ਹੈ। ਅਸਲ ਚੁਣੌਤੀ ਇਹ ਯਕੀਨੀ ਬਣਾਉਣਾ ਹੈ ਕਿ ਜਹਾਜ਼ ਅਜਿਹੀਆਂ ਖਤਰਨਾਕ ਸਥਿਤੀਆਂ ਦਾ ਸਾਹਮਣਾ ਕਰ ਸਕਣ। ਵਿਗਿਆਨੀਆਂ ਨੂੰ ਇੰਜਣ, ਸਮੱਗਰੀ, ਨਿਯੰਤਰਣ ਪ੍ਰਣਾਲੀਆਂ ਅਤੇ ਸੁਰੱਖਿਆ ਸਮੇਤ ਕਈ ਮੁੱਦਿਆਂ ਨੂੰ ਹੱਲ ਕਰਨਾ ਪੈ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਮਨੁੱਖ ਨਿਊਯਾਰਕ ਤੋਂ ਲਾਸ ਏਂਜਲਸ ਤੱਕ 15 ਮਿੰਟਾਂ ਵਿੱਚ ਯਾਤਰਾ ਕਰ ਸਕਦੇ ਹਨ, ਤਾਂ ਦੁਨੀਆਂ ਦੁਬਾਰਾ ਕਦੇ ਵੀ ਪਹਿਲਾਂ ਵਰਗੀ ਨਹੀਂ ਰਹੇਗੀ। ਲੰਬੀ ਦੂਰੀ ਦੀਆਂ ਯਾਤਰਾਵਾਂ ਬੇਅੰਤ ਛੋਟੀਆਂ ਹੋ ਜਾਣਗੀਆਂ, ਅਤੇ ਪੂਰੀ ਦੁਨੀਆ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨੇੜੇ ਮਹਿਸੂਸ ਕਰੇਗੀ।





**ਰੋਜ਼ਾਨਾ ਚੜ੍ਹਦੀਕਲਾ**
**ਸਿਹਤ ਖ਼ਬਰਨਾਮਾ**



# ਐਲੋਵੇਰਾ ਜੂਸ ਪੀਣ ਦੇ ਕੀ ਹਨ ਫਾਇਦੇ

ਅੱਜਕੱਲ੍ਹ ਲੋਕ ਕੁਦਰਤੀ ਤੇ ਆਯੁਰਵੇਦਿਕ ਇਲਾਜਾਂ ਵੱਲ ਵੱਧ ਰਹੇ ਹਨ, ਤੇ ਐਲੋਵੇਰਾ ਜੂਸ ਇਸ ਦਿਸ਼ਾ 'ਚ ਇਕ ਬਹੁਤ ਹੀ ਪ੍ਰਸਿੱਧ ਚੋਣ ਬਣ ਚੁੱਕਾ ਹੈ। ਇਹ ਸਿਰਫ਼ ਸੁੰਦਰਤਾ ਵਧਾਉਣ ਲਈ ਹੀ ਨਹੀਂ, ਸਗੋਂ ਸਰੀਰ ਦੀ ਅੰਦਰੂਨੀ ਸਿਹਤ ਨੂੰ



ਬਹਿਤਰ ਬਣਾਉਣ 'ਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਜੇ ਤੁਸੀਂ ਵੀ ਆਪਣੀ ਰੋਜ਼ਾਨਾ ਦੀ ਜ਼ਿੰਦਗੀ 'ਚ ਕੁਦਰਤੀ ਤਰੀਕੇ ਨਾਲ ਸਿਹਤਮੰਦ ਰਹਿਣਾ ਚਾਹੁੰਦੇ ਹੋ, ਤਾਂ ਜਾਣੋ ਐਲੋਵੇਰਾ ਜੂਸ ਪੀਣ ਦੇ ਵਿਗਿਆਨਕ ਤੇ ਆਯੁਰਵੇਦਿਕ ਫਾਇਦੇ।

**ਹਾਜ਼ਮੇ ਨੂੰ ਸੁਧਾਰੇ** : ਐਲੋਵੇਰਾ ਜੂਸ ਹਾਜ਼ਮੇ ਨੂੰ ਤੰਦਰੁਸਤ ਰੱਖਣ 'ਚ ਮਦਦ ਕਰਦਾ ਹੈ। ਇਹ ਅਮਲਾਪ, ਐਸੀਡੀਟੀ, ਕਬਜ਼ ਆਦਿ ਸਮੱਸਿਆਵਾਂ ਨੂੰ ਵੀ ਘਟਾਉਂਦਾ ਹੈ।

**ਡਿਟੌਕਸ ਕਰਨ 'ਚ ਮਦਦਗਾਰ:** ਇਹ ਜੂਸ ਸਰੀਰ 'ਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ, ਜਿਸ ਨਾਲ ਜਿਗਰ ਤੇ ਗੁਰਦਿਆਂ ਦੀ ਸਿਹਤ ਵੀ ਬਿਹਤਰ ਹੁੰਦੀ ਹੈ।

**ਕਿਨ ਲਈ ਲਾਭਕਾਰੀ** : ਐਲੋਵੇਰਾ 'ਚ ਐਂਟੀ-ਆਕਸੀਡੈਂਟਸ ਹੁੰਦੇ ਹਨ ਜੋ ਸਕਿਨ ਨੂੰ ਨਿਮਰ, ਨਿਖਰੀ ਹੋਈ ਅਤੇ ਚਮਕਦਾਰ ਬਣਾਉਂਦੇ ਹਨ। ਇਹ ਪਿੰਪਲ, ਦਾਗ-ਧੱਬਿਆਂ ਅਤੇ ਐਲਰਜੀ ਨੂੰ ਵੀ ਘਟਾਉਂਦਾ ਹੈ।

**ਇਮਿਊਨਿਟੀ ਵਧਾਉਂਦੇ:** ਇਸ 'ਚ ਮੌਜੂਦ ਵਿਟਾਮਿਨ 3, 5 ਅਤੇ ਬੀਟਾ-ਕੈਰੋਟੀਨ ਰੋਗ-ਰੋਕੂ ਤਾਕਤ ਨੂੰ ਮਜ਼ਬੂਤ ਕਰਦੇ ਹਨ।

**ਖ਼ੂਨ ਦੀ ਸਫਾਈ** :ਐਲੋਵੇਰਾ ਜੂਸ ਖ਼ੂਨ ਦੀ ਸਫਾਈ ਕਰਦਾ ਹੈ ਅਤੇ ਖ਼ੂਨ 'ਚ ਹੇਮੋਗਲੋਬਿਨ ਦੀ ਮਾਤਰਾ ਵਧਾਉਣ 'ਚ ਸਹਾਇਕ ਹੋ ਸਕਦਾ ਹੈ।

**ਸੋਜ ਤੇ ਦਰਦ ਨੂੰ ਘਟਾਏ:** ਇਹ ਸੋਜ ਨੂੰ ਘਟਾਉਂਦਾ ਹੈ ਅਤੇ ਜੋੜਾਂ ਦੇ ਦਰਦ ਜਾਂ ਅੰਦਰੂਨੀ ਇੰਫਲੇਮੇਸ਼ਨ 'ਚ ਰਾਹਤ ਦੇ ਸਕਦਾ ਹੈ।

# ਹੁਣ ਪੁਲਿਸ ਭਰਤੀ ਦੇ ਪੇਪਰਾਂ ਵਿਚ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਕੈਨੇਡਾ ਪ੍ਰਸ਼ਾਸਨ ਕ੍ਰਿਪਾਨ ਉਤਾਰਨ ਲਈ ਨਹੀਂ ਕਰੇਗਾ ਮਜਬੂਰ

## ਵਿੰਨੀਪੈਗ ਪੁਲਿਸ ਸਰਵਿਸ ਵਲੋਂ ਨਵਾਂ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ

ਟੋਰਾਂਟੋ, 25 ਮਈ (ਚ.ਨ.ਸ.) : ਕੈਨੇਡਾ ਦੇ ਵਿੰਨੀਪੈਗ ਸ਼ਹਿਰ ਵਿਚ ਹੁਣ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਭਰਤੀ ਪ੍ਰੀਖਿਆ ਦੌਰਾਨ ਕ੍ਰਿਪਾਨ ਲਾਹੁਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਅਤੇ ਜਸਪਾਲ ਸਿੰਘ ਗਿੱਲ ਵਰਗੇ ਨੌਜਵਾਨ ਅਪਣੇ ਮਨਪਸੰਦ ਕਿੱਤਿਆਂ ਵਿਚ ਨੌਕਰੀ ਕਰ ਸਕਣਗੇ। ਦਸਣਯੋਗ ਹੈ ਕਿ ਵਿੰਨੀਪੈਗ ਪੁਲਿਸ ਸਰਵਿਸ ਵਲੋਂ ਨਵਾਂ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ।ਜਸਪਾਲ ਸਿੰਘ ਨੂੰ ਭਰਤੀ ਪ੍ਰੀਖਿਆ ਵਿਚ ਬੈਠਣ ਤੋਂ ਰੋਕਣ ਮਗਰੋਂ ਵਿੰਨੀਪੈਗ ਪੁਲਿਸ ਲਗਾਤਾਰ ਨਿਸ਼ਾਨੇ 'ਤੇ ਸੀ ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਲੀਗਲ ਨੋਟਿਸ ਵੀ ਭੇਜਿਆ ਗਿਆ ਹੈ। ਸਿੱਖ ਜਥੇਬੰਦੀ ਦਾ ਨੋਟਿਸ ਕਹਿੰਦਾ ਹੈ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਅਤੇ ਕੈਨੇਡੀਅਨ ਕਾਨੂੰਨ ਅਧੀਨ ਧਾਰਮਕ ਚਿੰਨ੍ਹ ਮੰਨਿਆ ਗਿਆ ਹੈ।ਆਰ.ਸੀ.ਐਮ.ਪੀ. ਸਣੇ ਵੱਖ ਵੱਖ ਮਿਊਂਸਪਲ ਅਤੇ ਪ੍ਰੋਵਿਨਸ਼ੀਅਲ ਪੁਲਿਸ ਸਰਵਿਸਿਜ਼ ਵਿਚ ਅੰਮ੍ਰਿਤਧਾਰੀ ਅਫ਼ਸਰ ਕੰਮ ਕਰ ਰਹੇ ਹਨ। ਜਸਪਾਲ ਸਿੰਘ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਵਿੰਨੀਪੈਗ ਪੁਲਿਸ ਟਸ ਤੋਂ ਮਸ ਨਾ ਹੋਈ ਅਤੇ ਦਲੀਲ ਦਿੱਤੀ ਗਈ ਕਿ ਜਸਪਾਲ ਸਿੰਘ ਦੀ ਕ੍ਰਿਪਾਨ ਪੂਰੇ ਸਤਿਕਾਰ ਨਾਲ ਸੁਰੱਖਿਅਤ ਰੱਖਣ ਦਾ ਭਰੋਸਾ ਦਿਤਾ ਗਿਆ ਪਰ ਪ੍ਰੀਖਿਆਰਥੀ ਨੇ ਅਜਿਹਾ ਨਾ ਕੀਤਾ।ਬੁਲਾਰੇ ਨੇ ਸੁਰੱਖਿਆ ਪ੍ਰਬੰਧਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਿੰਨੀਪੈਗ ਪੁਲਿਸ ਵਿਚ ਹਰ ਧਰਮ ਨਾਲ ਸਬੰਧਤ ਬਿਨੈਕਾਰਾਂ ਦਾ ਸਵਾਗਤ ਕੀਤਾ ਜਾਂਦਾ ਹੈ। ਹੁਣ ਵਿੰਨੀਪੈਗ ਪੁਲਿਸ ਦਾ ਸਟੈਂਡ ਬਦਲਿਆ ਨਜ਼ਰ ਆ ਰਿਹਾ ਹੈ ਅਤੇ ਅੰਮ੍ਰਿਤਧਾਰੀ ਨੌਜਵਾਨਾਂ ਦੇ ਮਾਮਲੇ ਵਿਚ ਨਵੇਂ ਨੀਤੀ ਘੜੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੀ ਸੁਪਰੀਮ ਕੋਰਟ ਵਲੋਂ 2006 ਵਿਚ ਸੁਣਾਇਆ ਇਤਿਹਾਸਕ ਫ਼ੈਸਲਾ ਬਿਲਕੁਲ ਸਪੱਸ਼ਟ ਹੈ ਕਿ ਸਿੱਖਾਂ ਨੂੰ ਕ੍ਰਿਪਾਨ ਧਾਰਨ ਕਰਨ ਤੋਂ ਰੋਕਣਾ ਧਾਰਮਕ ਆਜ਼ਾਦੀ ਦੀ ਉਲੰਘਣਾ ਹੋਵੇਗਾ।ਸੁਪਰੀਮ ਕੋਰਟ ਨੇ ਅਪਣੇ ਫ਼ੈਸਲੇ ਵਿਚ ਇਹ ਵੀ ਕਿਹਾ ਹੈ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਅਤੇ ਇਕ ਧਾਰਮਕ ਚਿੰਨ੍ਹ ਹੈ। ਉਧਰ ਜਸਪਾਲ ਸਿੰਘ ਨੂੰ ਜਦੋਂ ਵਿੰਨੀਪੈਗ ਪੁਲਿਸ ਦੇ ਤਾਜ਼ਾ ਫ਼ੈਸਲੇ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਖ਼ੁਸ਼ ਹੋਇਆ ਅਤੇ ਨਵੇਂ ਸਿਰੇ ਤੋਂ ਲਿਖਤੀ ਪ੍ਰੀਖਿਆ ਵਿਚ ਬੈਠਣ ਦੀ ਤਿਆਰੀ ਆਰੰਭ ਦਿਤੀ। ਫ਼ਿਲਹਾਲ ਵਿੰਨੀਪੈਗ ਪੁਲਿਸ ਵਲੋਂ ਨਵੀਂ ਨੀਤੀ ਲਾਗੂ ਕਰਨ ਬਾਰੇ ਕੋਈ ਸਮਾਂ ਹੱਦ ਤੈਅ ਨਹੀਂ ਕੀਤੀ ਗਈ।



# ਪੀ ਆਰ ਲਈ ਫ਼ਰਜ਼ੀ ਵਿਆਹ ਕਰਵਾਉਣ ਵਾਲਿਆਂ ਦਾ ਵੀਜ਼ਾ ਹੋਵੇਗਾ ਰੱਦ

ਵਿਨੀਪੈਗ, 25 ਮਈ (ਚ.ਨ.ਸ.) : ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸ਼ਿਪ ਵਿਭਾਗ ਨੇ ਕਿਹਾ ਕਿ ਪੀ ਆਰ (ਸਥਾਈ ਨਿਵਾਸ) ਲਈ ਫ਼ਰਜ਼ੀ ਵਿਆਹ ਕਰਵਾਉਣ ਵਾਲਿਆਂ ਦੇ ਵੀਜ਼ੇ ਰੱਦ ਕੀਤੇ ਜਾਣਗੇ। ਵਿਭਾਗ ਨੇ ਇਕ ਅਹਿਮ ਨੋਟਿਸ ਵਿੱਚ ਕਿਹਾ ਕਿ ਸਿਰਫ਼ ਇਮੀਗ੍ਰੇਸ਼ਨ ਫ਼ਾਇਦੇ ਲੈਣ ਲਈ ਕੀਤੇ ਗਏ ਫ਼ਰਜ਼ੀ ਜਾਂ ਕੰਟਰੈਕਟ ਵਿਆਹਾਂ ਨੂੰ ਗੰਭੀਰ ਕਾਨੂੰਨੀ ਉਲੰਘਣਾ ਮੰਨਿਆ ਜਾਵੇਗਾ। ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜੇ ਕੋਈ ਵਿਦੇਸ਼ੀ ਨਾਗਰਿਕ ਸਿਰਫ਼ ਕੈਨੇਡਾ ਦਾ ਵੀਜ਼ਾ ਜਾਂ ਪੀ ਆਰ ਲੈਣ ਲਈ ਕਿਸੇ ਕੈਨੇਡੀਅਨ ਨਾਗਰਿਕ ਜਾਂ ਸਥਾਈ ਨਿਵਾਸੀ ਨਾਲ ਵਿਆਹ ਕਰਦਾ ਹੈ ਤਾਂ ਉਸ ਦਾ ਵੀਜ਼ਾ ਤੁਰੰਤ ਰੱਦ ਕੀਤਾ ਜਾ ਸਕਦਾ ਹੈ। ਅਜਿਹੀ ਧੋਖਾਧੜੀ ਸਬੰਧਤ ਵਿਅਕਤੀ ਦੇ ਇਮੀਗ੍ਰੇਸ਼ਨ ਰਿਕਾਰਡ ਵਿੱਚ ਦਰਜ ਕੀਤੀ ਜਾਵੇਗੀ, ਜਿਸ ਦਾ ਅਸਰ ਭਵਿੱਖ ਵਿੱਚ ਹੋਰ ਦੇਸ਼ਾਂ ਦੇ ਵੀਜ਼ੇ ਲੈਣ 'ਤੇ ਪੈ ਸਕਦਾ ਹੈ।ਕੈਨੇਡਾ ਸਰਕਾਰ ਨੇ ਅਜਿਹੇ ਲੋਕਾਂ ਨੂੰ ਵੀ ਚਿਤਾਵਨੀ ਦਿੱਤੀ ਹੈ ਜੋ ਪੈਸੇ ਜਾਂ ਕਿਸੇ ਹੋਰ ਲਾਭ ਦੇ ਬਦਲੇ ਅਜਿਹੇ ਵਿਆਹਾਂ ਲਈ ਸਹਿਮਤ ਹੁੰਦੇ ਹਨ। ਕੈਨੇਡਾ ਦੇ ਕਾਨੂੰਨ ਅਨੁਸਾਰ ਜੇ ਸਪਾਂਸਰ ਕੀਤਾ ਗਿਆ ਸਾਥੀ ਕੈਨੇਡਾ ਪਹੁੰਚਣ ਮਗਰੋਂ ਵੱਖ ਵੀ ਹੋ ਜਾਵੇ ਤਾਂ ਵੀ ਸਪਾਂਸਰ ਕਰਨ ਵਾਲੇ ਵਿਅਕਤੀ ਨੂੰ ਤਿੰਨ ਸਾਲ ਤੱਕ ਉਸ ਦੀ ਵਿੱਤੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇ ਸਪਾਂਸਰ ਕੀਤਾ ਵਿਅਕਤੀ ਸਰਕਾਰੀ ਵੈੱਲਫੇਅਰ ਜਾਂ ਆਰਥਿਕ ਮਦਦ ਲੈਂਦਾ ਹੈ ਤਾਂ ਸਰਕਾਰ ਉਹ ਰਕਮ ਸਪਾਂਸਰ ਤੋਂ ਵਸੂਲ ਸਕਦੀ ਹੈ। ਜਦੋਂ ਤੱਕ ਇਹ ਰਕਮ ਵਾਪਸ ਨਹੀਂ ਕੀਤੀ ਜਾਂਦੀ, ਸਪਾਂਸਰ ਕਿਸੇ ਹੋਰ ਵਿਅਕਤੀ ਨੂੰ ਕੈਨੇਡਾ ਨਹੀਂ ਬੁਲਾ ਸਕੇਗਾ। ਆਈ ਆਰ ਸੀ ਸੀ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਫ਼ਰਜ਼ੀ ਰਿਸ਼ਤਿਆਂ ਦੀ ਪਛਾਣ ਕਰਨ ਲਈ ਖ਼ਾਸ ਸਿਖਲਾਈ ਦਿੱਤੀ ਜਾਂਦੀ ਹੈ। ਵੀਜ਼ਾ ਪ੍ਰਕਿਰਿਆ ਦੌਰਾਨ ਵਿਆਹ ਨਾਲ ਜੁੜੇ ਦਸਤਾਵੇਜ਼, ਤਸਵੀਰਾਂ, ਚੈਟ ਹਿਸਟਰੀ, ਪਾਸਪੋਰਟ ਸਟੈਂਪ, ਫਲਾਈਟ ਰਿਕਾਰਡ, ਹੋਟਲ ਬੁਕਿੰਗ, ਅਤੇ ਇਕੱਠੇ ਬਿਤਾਏ ਸਮੇਂ ਦੀਆਂ ਤਸਵੀਰਾਂ, ਬੈਂਕ ਖਾਤੇ, ਸਾਂਝੇ ਕਰੈਡਿਟ ਕਾਰਡ, ਸਹਿ-ਦਸਤਖ਼ਤ ਕੀਤੀ ਲੀਜ਼, ਵਿਆਹ ਦੇ ਸੱਦੇ, ਪਰਿਵਾਰ ਅਤੇ ਦੋਸਤਾਂ ਨਾਲ ਫ਼ੋਟੋਆਂ, ਉਨ੍ਹਾਂ ਲੋਕਾਂ ਦੇ ਪੱਤਰ ਜੋ ਜੋੜੇ ਨੂੰ ਜਾਣਦੇ ਹਨ ਅਤੇ ਹੋਰ ਸਬੂਤਾਂ ਦੀ ਵਿਸਥਾਰ ਵਿਚ ਜਾਂਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਦੋਵਾਂ ਧਿਰਾਂ ਦੀਆਂ ਵੱਖ-ਵੱਖ ਇੰਟਰਵਿਊ ਵੀ ਲਈਆਂ ਜਾਂਦੀਆਂ ਹਨ। ਵਿਭਾਗ ਨੇ ਸਪਸ਼ਟ ਕੀਤਾ ਕਿ ਪੈਸੇ ਲੈ ਕੇ ਫ਼ਰਜ਼ੀ ਵਿਆਹ ਕਰਵਾਉਣ ਜਾਂ ਮਦਦ ਕਰਨ ਵਾਲੇ ਕੈਨੇਡੀਅਨ ਨਾਗਰਿਕਾਂ ਖ਼ਿਲਾਫ਼ ਅਪਰਾਧਕ ਕਾਰਵਾਈ ਜਾਂ ਸਜ਼ਾ ਤੱਕ ਹੋ ਸਕਦੀ ਹੈ।




# ਗੁਰਮਤਿ ਕਵਿਤਾ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜਿੱਤੇ ਇਨਾਮ

ਪਟਿਆਲਾ, 25 ਮਈ (ਚ.ਨ.ਸ.) : ਗੁਰੂ ਅਰਜਨ ਕੀਰਤਨ ਮੰਡਲ (ਰਜਿ:) ਪਟਿਆਲਾ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿੱਚ ਮਿਤੀ 17 ਮਈ 2026 ਦਿਨ ਐਤਵਾਰ ਨੂੰ ਸਕੂਲੀ ਬੱਚਿਆਂ ਦੇ ਗੁਰਮਤਿ ਕਵਿਤਾ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਲੱਗ-ਭੱਗ 20 ਸਕੂਲਾਂ ਤੋਂ ਆਏ ਬੱਚਿਆਂ ਨੇ ਭਾਗ ਲਿਆ ਇਸ ਮੁਕਾਬਲੇ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ,ਐਸ.ਐਸ.ਟੀ.ਨਗਰ,ਪਟਿਆਲਾ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ ਜਿਸ ਵਿੱਚ ਚੌਥੀ ਜਮਾਤ ਦੇ ਪ੍ਰਭਜੋਤ ਸਿੰਘ ਨੇ ਪਹਿਲਾ ਸਥਾਨ , ਪੰਜਵੀਂ ਜਮਾਤ ਦੀ ਅਮੀਤੋਜ ਕੌਰ ਅਤੇ ਇਸ਼ਮੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਬੁਲੰਦੀਆਂ ਤੱਕ ਪਹੁੰਚਾਇਆ ਸੰਸਥਾ ਵੱਲੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ , ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਸਕੂਲ ਦੇ ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਅਤੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਵੱਲੋਂ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਸੇ ਤਰਾਂ ਗੁਰਮਤਿ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹਿਣ ਅਤੇ ਕਾਮਯਾਬ ਹੁੰਦੇ ਰਹਿਣ ਦਾ ਆਸ਼ੀਰਵਾਦ ਦਿੱਤਾ।



# ਕੈਨੇਡਾ-ਅਮਰੀਕਾ ਸਰਹੱਦ 'ਤੇ ਪੰਜਾਬੀ ਡਰਾਈਵਰਾਂ ਦੇ ਫੋਨਾਂ 'ਤੇ ਅਸ਼ਲੀਲ ਤਸਵੀਰਾਂ ਮਿਲਣ 'ਤੇ ਵੀਜ਼ੇ ਰੱਦ

ਕੈਨੇਡਾ, 25 ਮਈ (ਚ.ਨ.ਸ.) : ਕੈਨੇਡਾ ਤੋਂ ਅਮਰੀਕਾ ਜਾਣ ਵਾਲੇ ਟਰੱਕ ਡਰਾਈਵਰਾਂ ਲਈ ਅਮਰੀਕੀ ਸਰਹੱਦ 'ਤੇ ਸਖ਼ਤ ਨਿਯਮ ਲਾਗੂ ਕੀਤੇ ਗਏ ਹਨ। ਕੈਨੇਡਾ ਵਿੱਚ ਹਾਦਸਿਆਂ, ਬਲਾਤਕਾਰਾਂ ਅਤੇ ਛੇੜਛਾੜ ਦੇ ਮਾਮਲਿਆਂ ਵਿੱਚ ਵਾਧੇ ਤੋਂ ਬਾਅਦ, ਪੰਜਾਬੀ ਟਰੱਕ ਡਰਾਈਵਰਾਂ ਦੇ ਮੋਬਾਈਲ ਫੋਨ ਦੀ ਜਾਂਚ ਕੀਤੀ ਜਾ ਰਹੀ ਹੈ। ਜੇਕਰ ਉਨ੍ਹਾਂ ਦੇ ਫੋਨਾਂ 'ਤੇ ਅਸ਼ਲੀਲਤਾ, ਬੱਚਿਆਂ ਦੀਆਂ ਨਗਨ ਤਸਵੀਰਾਂ, ਸ਼ੱਕੀ ਵਟਸਐਪ ਗਰੁੱਪ ਜਾਂ ਹਥਿਆਰ ਪਾਏ ਜਾਂਦੇ ਹਨ, ਤਾਂ ਉਨ੍ਹਾਂ ਦੇ ਲਾਇਸੈਂਸ ਅਤੇ ਵੀਜ਼ਾ ਤੁਰੰਤ ਰੱਦ ਕਰ ਦਿੱਤੇ ਜਾਣਗੇ।ਇਸ ਦੌਰਾਨ, ਅਮਰੀਕਾ ਅਤੇ ਕੈਨੇਡੀਅਨ ਸਰਹੱਦੀ ਸੁਰੱਖਿਆ ਪੁਲਿਸ ਨੇ 2025 ਦੇ ਅੰਕੜੇ ਜਾਰੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਾਲ ਭਰ 55,000 ਡਰਾਈਵਰਾਂ ਦੇ ਮੋਬਾਈਲ ਫੋਨਾਂ ਦੀ ਜਾਂਚ ਕੀਤੀ।ਤਰਨਜੀਤ ਸਿੰਘ ਉੱਪਲ ਨੇ ਕਿਹਾ ਕਿ ਇਹ ਉਨ੍ਹਾਂ ਦੇ ਤਿੰਨ-ਚਾਰ ਦੋਸਤਾਂ ਨਾਲ ਹੋਇਆ ਹੈ। ਉਹ ਸਾਰੇ ਨੋਵਾ ਸਕੋਸ਼ੀਆ ਵਿੱਚ ਇੱਕ ਕੰਪਨੀ ਲਈ ਕੰਮ ਕਰਦੇ ਸਨ। ਉਨ੍ਹਾਂ ਨੇ ਉਨ੍ਹਾਂ ਚਾਰਾਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ ਅਤੇ ਉਨ੍ਹਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਜੇਕਰ ਕੋਈ ਡਰਾਈਵਰ ਆਪਣੇ ਫ਼ੋਨ ਦਾ ਪਾਸਵਰਡ ਦੇਣ ਜਾਂ ਇਸਦੀ ਜਾਂਚ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਅਧਿਕਾਰੀਆਂ ਨੂੰ ਉਹਨਾਂ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਣ ਤੋਂ ਤੁਰੰਤ ਇਨਕਾਰ ਕਰਨ ਦਾ ਅਧਿਕਾਰ ਹੈ।



# ਕੈਲੀਫੋਰਨੀਆ 'ਚ ਕੈਮੀਕਲ ਟੈਂਕ 'ਚ ਆਈ ਦਰਾਰ! ਕਿਸੇ ਵੀ ਸਮੇਂ ਹੋ ਸਕਦੈ ਧਮਾਕਾ, ਐਮਰਜੈਂਸੀ ਸਥਿਤੀ ਦਾ ਐਲਾਨ

ਕੈਲੀਫ਼ੋਰਨੀਆ, 25 ਮਈ (ਚ.ਨ.ਸ.) : ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਵੱਡਾ ਰਸਾਇਣਕ ਹਾਦਸਾ ਵਾਪਰਨ ਦਾ ਡਰ ਬਣਿਆ ਹੋਇਆ ਹੈ। ਇੱਕ ਐਰੋਸਪੇਸ (ਹਵਾਈ ਜਹਾਜ਼ ਬਣਾਉਣ ਵਾਲੀ) ਫੈਕਟਰੀ ਵਿੱਚ ਕੈਮੀਕਲ ਟੈਂਕਰ ਦੇ ਬਹੁਤ ਜ਼ਿਆਦਾ ਗਰਮ ਹੋਣ ਕਾਰਨ ਧਮਾਕੇ ਅਤੇ ਜ਼ਹਿਰੀਲੀ ਗੈਸ ਲੀਕ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਸਥਿਤੀ ਇੰਨੀ ਗੰਭੀਰ ਹੈ ਕਿ ਪ੍ਰਸ਼ਾਸਨ ਨੇ ਇਲਾਕੇ ਦੇ ਲਗਭਗ 50,000 ਲੋਕਾਂ ਨੂੰ ਤੁਰੰਤ ਘਰ ਖਾਲੀ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਖੇਤਰ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਹੈ। ਸਥਾਨਕ ਅਧਿਕਾਰੀਆਂ ਅਨੁਸਾਰ ਇਸ ਲੀਕੇਜ ਕਾਰਨ ਕਿਸੇ ਵੱਡੇ ਧਮਾਕੇ ਜਾਂ ਜ਼ਹਿਰੀਲੇ ਰਸਾਇਣ ਦੇ ਫੈਲਣ ਦਾ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਜਾਣਕਾਰੀ ਅਨੁਸਾਰ ਗਾਰਡਨ ਗਰੋਵ ਵਿੱਚ ਸਥਿਤ GKN ਐਰੋਸਪੇਸ ਪਲਾਂਟ ਦੇ ਇੱਕ ਟੈਂਕਰ ਵਿੱਚ ਲਗਭਗ 7,000 ਗੈਲਨ ਮਿਥਾਇਲ ਮੈਥਾਕ੍ਰਾਈਲੇਟ ਮੌਜੂਦ ਹੈ। ਇਹ ਇੱਕ ਬਹੁਤ ਹੀ ਜ਼ਹਿਰੀਲਾ ਅਤੇ ਜਲਣਸ਼ੀਲ ਰਸਾਇਣ ਹੈ, ਜਿਸਦੀ ਵਰਤੋਂ ਪਲਾਸਟਿਕ ਅਤੇ ਰੈਜ਼ਿਨ ਬਣਾਉਣ ਲਈ ਕੀਤੀ ਜਾਂਦੀ ਹੈ। ਵੀਰਵਾਰ ਤੋਂ ਇਸ ਟੈਂਕਰ ਦਾ ਤਾਪਮਾਨ ਅਚਾਨਕ ਵਧਣਾ ਸ਼ੁਰੂ ਹੋ ਗਿਆ ਸੀ, ਜਿਸ ਕਾਰਨ ਇਹ ਕਿਸੇ ਵੀ ਸਮੇਂ ਇੱਕ ਵੱਡੇ ਬੰਬ ਵਾਂਗ ਫਟ ਸਕਦਾ ਹੈ। ਫਾਇਰ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਰਾਤ ਵੇਲੇ ਟੈਂਕਰ ਵਿੱਚ ਇੱਕ ਤਰੇੜ ਦੇਖੀ ਗਈ ਹੈ। ਅਧਿਕਾਰੀਆਂ ਅਨੁਸਾਰ ਇੱਕ ਅਜੀਬ ਸਥਿਤੀ ਵਿੱਚ ਇਹ ਚੰਗੀ ਖ਼ਬਰ ਹੋ ਸਕਦੀ ਹੈ ਕਿਉਂਕਿ ਇਸ ਤਰੇੜ ਰਾਹੀਂ ਅੰਦਰੂਨੀ ਦਬਾਅ ਘੱਟ ਹੋ ਸਕਦਾ ਹੈ, ਜਿਸ ਨਾਲ ਇੱਕ ਵੱਡੇ ਧਮਾਕੇ ਦੀ ਸੰਭਾਵਨਾ ਘਟ ਜਾਵੇਗੀ। ਹਾਲਾਂਕਿ ਇਸ ਨਾਲ ਕੈਮੀਕਲ ਦੇ ਹੌਲੀ-ਹੌਲੀ ਲੀਕ ਹੋਣ ਦਾ ਖ਼ਤਰਾ ਬਣਿਆ ਹੋਇਆ ਹੈ।



# ਖ਼ਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਸਜਾਇਆ ਅਲੌਕਿਕ ਨਗਰ ਕੀਰਤਨ

ਰੋਮ (ਇਟਲੀ), 25 ਮਈ (ਗੁਰਸ਼ਰਨ ਸਿੰਘ ਸੋਨੀ) : ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸਾਜੇ ਗਏ ਖ਼ਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਇਟਲੀ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਨਗਰ ਕੀਰਤਨ ਸਜਾਏ ਗਏ। ਇਸ ਲੜੀ ਨੂੰ ਸਮਰਪਿਤ ਰਾਜਧਾਨੀ ਰੋਮ ਦੇ ਨਜ਼ਦੀਕ ਤੇ ਜਿਲ੍ਹਾ ਲਾਤੀਨਾ ਦੇ ਸ਼ਹਿਰ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ ਅਲੌਕਿਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਇਸ ਮੌਕੇ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ ਗੁਰੂ ਮਰਿਆਦਾ ਅਨੁਸਾਰ ਸੰਪੂਰਨਤਾ ਨਾਲ ਭੋਗ ਪਾਏ ਗਏ ਤੇ ਭੋਗ ਉਪਰੰਤ ਪੰਜ ਨਿਸ਼ਾਨਚੀ ਸਿੰਘਾਂ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਅਤੇ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਗੁਰਦੁਆਰਾ ਸਾਹਿਬ ਤੋਂ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ ਜੋ ਕਿ ਨਗਰ ਦੀਆਂ ਵੱਖ-ਵੱਖ ਗਲੀਆਂ ਦੀ ਪਰਿਕਰਮਾ ਕਰਦੇ ਹੋਏ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਨਜ਼ਦੀਕ ' ਪਾਰਕੋ ਮਿੱਲੈ ' ਪਾਰਕ ਪਹੁੰਚਣ ਉਪਰੰਤ ਪੜਾਅ ਕੀਤਾ ਗਿਆ ਤੇ ਇਸ ਮੌਕੇ ਭਾਈ ਭਾਈ ਸਰਬਜੀਤ ਸਿੰਘ ਮਾਣਕਪੁਰੀ ਦੇ ਜੱਥੇ ਵੱਲੋਂ ਖ਼ਾਲਸੇ ਦੇ ਸਿਰਜਣਾ ਦਿਹਾੜੇ ਦਾ ਇਤਿਹਾਸ ਸੰਗਤਾਂ ਨੂੰ ਜੋਸ਼ੀਲੇ ਅੰਦਾਜ਼ ਵਿੱਚ ਸੁਣਾ ਕੇ ਨਿਹਾਲ ਕੀਤਾ ਗਿਆ ਤੇ ਇਸ ਮੌਕੇ ਮਿਸਲ ਮੀਰੀ ਪੀਰੀ ਰੋਮਾ ਦੇ ਗੱਤਕੇ ਵਾਲੇ ਜਥੇ ਵਲੋਂ ਗੱਤਕੇ ਦੇ ਹੈਰਤ ਮਈ ਜੌਹਰ ਦਿਖਾਏ ਗਗਏ ਤੇ ਗੁਰਦੁਆਰਾ ਭਗਤ ਰਵਿਦਾਸ ਜੀ ਸਿੰਘ ਸਭਾ ਲਵੀਨੀਓ ਵਲੋ ਦਸਤਾਰ ਸਜਾਉਣ ਦਾ ਕੈਂਪ ਲਗਾਇਆ ਗਿਆ ਇਸ ਮੌਕੇ ਸੰਗਤਾਂ ਲਈ ਪੰਗਤ ਤੇ ਸਟਾਲਾਂ ਜਰੀਏ ਵੱਖ ਵੱਖ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਗਏ।



# ਰੂਸ ਨੇ ਯੂਕ੍ਰੇਨ 'ਤੇ ਦਾਗੀ ਹਾਈਪਰਸੋਨਿਕ ਓਰੇਸ਼ਨਿਕ ਮਿਸਾਈਲ, ਕੀਵ ਨੇੜੇ ਹੋਈ ਤਬਾਹੀ

ਕੀਵ, 25 ਮਈ (ਚ.ਨ.ਸ.) : ਰੂਸ ਨੇ ਸ਼ਨੀਵਾਰ ਰਾਤ ਯੂਕਰੇਨ 'ਤੇ ਹਾਈਪਰਸੋਨਿਕ ਓਰੇਸ਼ਨਿਕ ਮਿਸਾਈਲ ਨਾਲ ਵੱਡਾ ਹਮਲਾ ਕੀਤਾ। ਇਹ ਮਿਸਾਈਲ ਪਰਮਾਣੂ ਵਾਰਹੈਡ ਲਿਜਾਣ ਸਮਰੱਥ ਮੰਨੀ ਜਾਂਦੀ ਹੈ ਅਤੇ ਬਹੁਤ ਹੀ ਘਾਤਕ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੇਨਸਕੀ ਨੇ ਦਾਅਵਾ ਕੀਤਾ ਕਿ ਰੂਸ ਨੇ ਕੀਵ ਖੇਤਰ ਦੇ ਬਿਲਾ ਤਸੇਰਕਵਾ ਸ਼ਹਿਰ ਨੂੰ ਨਿਸ਼ਾਨਾ ਬਣਾਇਆ। ਜੇਲੇਨਸਕੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਟੈਲੀਗ੍ਰਾਮ 'ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਯੂਕਰੇਨ ਵਿੱਚ ਇਸ ਮਿਸਾਈਲ ਦਾ ਤੀਜਾ ਇਸਤੇਮਾਲ ਹੈ। ਹਮਲੇ ਨਾਲ ਸ਼ਹਿਰ ਵਿੱਚ ਭਾਰੀ ਤਬਾਹੀ ਮਚ ਗਈ, ਹਾਲਾਂਕਿ ਨਿਸ਼ਾਨੇ ਦੀ ਪੂਰੀ ਜਾਣਕਾਰੀ ਤੁਰੰਤ ਸਾਹਮਣੇ ਨਹੀਂ ਆ ਸਕੀ। ਬਾਅਦ ਵਿੱਚ ਰੂਸ ਨੇ ਵੀ ਹਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਰਾਤ ਦੌਰਾਨ ਕੀਤੇ ਗਏ ਸੈਨਿਕ ਆਪਰੇਸ਼ਨ ਵਿੱਚ ਓਰੇਸ਼ਨਿਕ ਹਾਈਪਰਸੋਨਿਕ ਮਿਸਾਈਲ ਦੀ ਵਰਤੋਂ ਕੀਤੀ ਗਈ। ਇਸ ਹਮਲੇ ਤੋਂ ਬਾਅਦ ਖੇਤਰ ਵਿੱਚ ਤਣਾਅ ਹੋਰ ਵਧ ਗਿਆ ਹੈ।



# ਕਾਂਗੋ 'ਚ ਇਬੋਲਾ ਦਾ ਕਹਿਰ! 900 ਤੋਂ ਪਾਰ ਪੁੱਜੇ ਮਾਮਲੇ, 119 ਲੋਕਾਂ ਦੀ ਹੋਈ ਮੌਤ

ਕਾਂਗੋ , 25 ਮਈ (ਚ.ਨ.ਸ.) : ਅਫਰੀਕੀ ਦੇਸ਼ ਕਾਂਗੋ ਦੇ ਪੂਰਬੀ ਹਿੱਸੇ ਵਿੱਚ ਇਬੋਲਾ ਵਾਇਰਸ ਨੇ ਇੱਕ ਵਾਰ ਫਿਰ ਭਿਆਨਕ ਰੂਪ ਧਾਰ ਲਿਆ ਹੈ। ਸਰਕਾਰੀ ਅਧਿਕਾਰੀਆਂ ਵੱਲੋਂ ਦਿੱਤੀ ਗਈ ਤਾਜ਼ਾ ਜਾਣਕਾਰੀ ਅਨੁਸਾਰ, ਦੇਸ਼ ਦੇ ਪੂਰਬੀ ਹਿੱਸੇ ਵਿੱਚ ਜਾਰੀ ਇਬੋਲਾ ਦੇ ਕਹਿਰ ਦੌਰਾਨ ਸ਼ੱਕੀ ਮਾਮਲਿਆਂ ਦੀ ਗਿਣਤੀ ਹੁਣ 900 ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਕਾਂਗੋ ਦੇ ਸੰਚਾਰ ਮੰਤਰਾਲੇ ਨੇ ਐਤਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਰਾਹੀਂ ਦੱਸਿਆ ਕਿ ਹੁਣ ਤੱਕ ਇਬੋਲਾ ਦੇ 904 ਸ਼ੱਕੀ ਮਾਮਲੇ ਸਾਹਮਣੇ ਆ ਚੁੱਕੇ ਹਨ। ਇਸ ਘਾਤਕ ਬਿਮਾਰੀ ਕਾਰਨ ਹੁਣ ਤੱਕ 119 ਸ਼ੱਕੀ ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਅਧਿਕਾਰੀਆਂ ਨੇ 700 ਤੋਂ ਵੱਧ ਸ਼ੱਕੀ ਮਾਮਲਿਆਂ ਅਤੇ 170 ਤੋਂ ਵੱਧ ਮੌਤਾਂ ਦੀ ਜਾਣਕਾਰੀ ਦਿੱਤੀ ਸੀ।ਰਿਪੋਰਟਾਂ ਅਨੁਸਾਰ, ਇਬੋਲਾ ਦਾ ਸਭ ਤੋਂ ਵੱਧ ਕਹਿਰ ਇਤੂਰੀ ਸੂਬੇ ਵਿੱਚ ਦੇਖਣ ਨੂੰ ਮਿਲ ਰਿਹਾ ਹੈ, ਜਿੱਥੋਂ ਸਭ ਤੋਂ ਵੱਧ ਮਾਮਲੇ ਸਾਹਮਣੇ ਆ ਰਹੇ ਹਨ। ਸਥਾਨਕ ਪ੍ਰਸ਼ਾਸਨ ਅਤੇ ਸਿਹਤ ਟੀਮਾਂ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਲਗਾਤਾਰ ਯਤਨ ਕਰ ਰਹੀਆਂ ਹਨ।



# ਕੁਦਰਤੀ ਫਾਈਬਰ ਆਧਾਰਿਤ ਹੋਮ ਟੈਕਸਟਾਈਲ ਉਤਪਾਦਾਂ ਲਈ ਟ੍ਰਾਈਡੈਂਟ ਗਰੁੱਪ ਅਤੇ ਆਈ.ਸੀ.ਏ.ਆਰ-ਨਿਨਫੇਟ ਵਿਚਕਾਰ ਰਣਨੀਤਿਕ ਸਹਿਯੋਗ ਦੀ ਤਿਆਰੀ



ਚੰਡੀਗੜ੍ਹ , 25 ਮਈ (ਚ.ਨ.ਸ.) : ਟ੍ਰਾਈਡੈਂਟ ਗਰੁੱਪ ਵੱਲੋਂ ਟਿਕਾਊ ਅਤੇ ਪਰਿਆਵਰਣ-ਅਨੁਕੂਲ ਟੈਕਸਟਾਈਲ ਨਵੀਨਤਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਭਾਰਤੀ ਖੇਤੀਬਾੜੀ ਅਨੁਸੰਧਾਨ ਕੌਂਸਲ (ਆਈਸੀਏਆਰ) ਅਤੇ ਇਸਦੇ ਅਧੀਨ ਕੰਮ ਕਰ ਰਹੇ ਰਾਸ਼ਟਰੀ ਕੁਦਰਤੀ ਰੇਸ਼ਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਸੰਸਥਾਨ (ਆਈ.ਸੀ.ਏ.ਆਰ-ਨਿਨਫੇਟ) ਨਾਲ ਰਣਨੀਤਿਕ ਸਹਿਯੋਗ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਸ ਪਹਿਲ ਦਾ ਮਕਸਦ ਕੁਦਰਤੀ ਫਾਈਬਰ ਆਧਾਰਿਤ ਨਵੀਂ ਪੀੜ੍ਹੀ ਦੇ ਹੋਮ ਟੈਕਸਟਾਈਲ ਉਤਪਾਦਾਂ ਦੇ ਵਪਾਰਕ ਵਿਕਾਸ ਨੂੰ ਤੇਜ਼ ਕਰਨਾ ਹੈ। ਟ੍ਰਾਈਡੈਂਟ ਗਰੁੱਪ ਦੇ ਫਾਈਬਰ ਅਤੇ ਯਾਰਨ ਵਿਭਾਗ ਦੇ ਫੰਕਸ਼ਨਲ ਹੈੱਡ ਡਾ. ਨੇਮਾਈ ਚੰਦਰ ਰਾਏ ਨੇ ਆਈ.ਸੀ.ਏ.ਆਰ-ਨਿਨਫੇਟ ਦੇ ਡਾਇਰੈਕਟਰ ਡਾ. ਡੀ. ਬੀ. ਸ਼ਾਕਿਆਵਰ ਅਤੇ ਸੰਸਥਾ ਦੀ ਵਿਗਿਆਨਕ ਟੀਮ ਨਾਲ ਮੀਟਿੰਗ ਕਰਕੇ ਖੋਜ, ਤਕਨੀਕੀ ਵਿਕਾਸ ਅਤੇ ਉਦਯੋਗਿਕ ਵਰਤੋਂ ਦੇ ਖੇਤਰਾਂ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਵਿਸ਼ਵ ਪੱਧਰ 'ਤੇ ਵੱਧ ਰਹੀ ਕੁਦਰਤੀ ਫਾਈਬਰਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਨਵੀਂ ਸੋਚ ਵਾਲੇ ਅਤੇ ਵਪਾਰਕ ਤੌਰ 'ਤੇ ਉਪਯੋਗੀ ਉਤਪਾਦ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਗਿਆ। ਪ੍ਰਸਤਾਵਿਤ ਸਹਿਯੋਗ ਤਹਿਤ ਦੋਵੇਂ ਸੰਸਥਾਵਾਂ ਵਿਚਕਾਰ ਸਮਝੌਤਾ (ਐਮ.ਓ.ਯੂ.) ਸਾਇਨ ਕਰਨ ਦੀ ਯੋਜਨਾ ਹੈ, ਜਿਸ ਰਾਹੀਂ ਲਿਨਨ ਵਰਗੇ ਕਾਟਨਾਈਜ਼ਡ ਜੂਟ, ਹੈਂਪ ਅਤੇ ਅਲਸੀ ਮਿਸ਼ਰਿਤ ਫਾਈਬਰਾਂ ਨਾਲ ਆਧੁਨਿਕ ਹੋਮ ਟੈਕਸਟਾਈਲ ਉਤਪਾਦ ਤਿਆਰ ਕੀਤੇ ਜਾਣਗੇ। ਆਈ.ਸੀ.ਏ.ਆਰ-ਨਿਨਫੇਟ ਦੀ ਖੋਜ ਮਹਾਰਤ ਅਤੇ ਟ੍ਰਾਈਡੈਂਟ ਗਰੁੱਪ ਦੀ ਮਜ਼ਬੂਤ ਉਤਪਾਦਨ ਸਮਰੱਥਾ, ਉਤਪਾਦ ਵਿਕਾਸ ਅਤੇ ਅੰਤਰਰਾਸ਼ਟਰੀ ਮਾਰਕੀਟ ਵਿੱਚ ਮੌਜੂਦਗੀ ਨੂੰ ਜੋੜ ਕੇ ਪਰਿਆਵਰਣ-ਅਨੁਕੂਲ ਹੋਮ ਟੈਕਸਟਾਈਲ ਉਤਪਾਦਾਂ ਨੂੰ ਵਪਾਰਕ ਤੌਰ 'ਤੇ ਮਜ਼ਬੂਤ ਬਣਾਉਣ ਦਾ ਉਦੇਸ਼ ਰੱਖਿਆ ਗਿਆ ਹੈ। ਇਸ ਸਹਿਯੋਗ ਹੇਠ ਕਾਟਨਾਈਜ਼ੇਸ਼ਨ, ਬਲੈਂਡਿੰਗ, ਸਪਿਨਿੰਗ, ਵੀਵਿੰਗ ਅਤੇ ਫਿਨਿਸ਼ਿੰਗ ਵਰਗੀਆਂ ਆਧੁਨਿਕ ਫਾਈਬਰ ਪ੍ਰੋਸੈਸਿੰਗ ਤਕਨੀਕਾਂ 'ਤੇ ਕੰਮ ਕੀਤਾ ਜਾਵੇਗਾ, ਜਿਸ ਨਾਲ ਉੱਚ ਗੁਣਵੱਤਾ ਅਤੇ ਪਰਿਆਵਰਣ ਲਈ ਜ਼ਿੰਮੇਵਾਰ ਟੈਕਸਟਾਈਲ ਹੱਲ ਵਿਕਸਿਤ ਹੋਣ ਦੀ ਉਮੀਦ ਹੈ। ਇਹ ਪਹਿਲ ਦੇਸ਼ ਵਿੱਚ ਕੁਦਰਤੀ ਫਾਈਬਰ ਈਕੋਸਿਸਟਮ ਨੂੰ ਮਜ਼ਬੂਤ ਕਰਨ, ਟਿਕਾਊ ਵਿਕਲਪਾਂ ਨੂੰ ਉਤਸ਼ਾਹਿਤ ਕਰਨ ਅਤੇ ਗਲੋਬਲ ਟੈਕਸਟਾਈਲ ਨਿਰਯਾਤ ਵਿੱਚ ਭਾਰਤ ਦੀ ਸਥਿਤੀ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ। 'ਆਤਮਨਿਰਭਰ ਭਾਰਤ' ਅਤੇ ਗ੍ਰੀਨ ਉਦਯੋਗਿਕ ਵਿਕਾਸ ਦੀਆਂ ਰਾਸ਼ਟਰੀ ਤਰਜੀਹਾਂ ਦੇ ਅਨੁਕੂਲ ਇਹ ਸਾਂਝ ਟੈਕਸਟਾਈਲ ਖੇਤਰ ਵਿੱਚ ਨਵੀਨਤਾ ਆਧਾਰਿਤ ਟਿਕਾਊ ਵਿਕਾਸ ਪ੍ਰਤੀ ਟ੍ਰਾਈਡੈਂਟ ਗਰੁੱਪ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਕੋਹਲੀ ਨਾਲ ਬਹਿਸ ਮਗਰੋਂ ਟ੍ਰੈਵਿਸ ਹੈੱਡ ਅਤੇ ਉਸ ਦੀ ਪਤਨੀ ਨੂੰ ਮਿਲੀਆਂ ਧਮਕੀਆਂ!

## ਕ੍ਰਿਕਟ ਆਸਟਰੇਲੀਆ ਦੇ ਅਧਿਕਾਰੀਆਂ ਅਤੇ ਖੇਡ ਮਾਹਿਰਾਂ ਨੇ ਕੀਤੀ ਨਿੰਦਾ

ਸਿਡਨੀ, 25 ਮਈ (ਚ.ਨ.ਸ.) : ਆਸਟਰੇਲੀਆਈ ਕ੍ਰਿਕਟ ਸਟਾਰ ਟ੍ਰੈਵਿਸ ਹੈੱਡ ਅਤੇ ਉਸ ਦੀ ਪਤਨੀ ਜੈਸਿਕਾ ਨੂੰ ਸੋਸ਼ਲ ਮੀਡੀਆ 'ਤੇ ਹਜ਼ਾਰਾਂ ਅਪਮਾਨਜਨਕ ਅਤੇ ਧਮਕੀ ਭਰੇ ਸੁਨੇਹੇ ਭੇਜੇ ਗਏ ਹਨ। ਕ੍ਰਿਕਟ ਆਸਟਰੇਲੀਆ ਦੇ ਕੁਝ ਅਧਿਕਾਰੀਆਂ ਅਤੇ ਖੇਡ ਮਾਹਰਾਂ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਖਿਡਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਹੀ ਘਿਨਾਉਣਾ ਕਾਰਾ ਹੈ। ਜ਼ਿਕਰਯੋਗ ਹੈ ਕਿ ਆਈ.ਪੀ.ਐਲ. ਦੌਰਾਨ 22 ਮਈ ਨੂੰ ਹੈਦਰਾਬਾਦ ਦੇ ਰਾਜੀਵ ਗਾਂਧੀ ਇੰਟਰਨੈਸ਼ਨਲ ਸਟੇਡੀਅਮ ਵਿੱਚ ਖੇਡੇ ਗਏ ਸਨਰਾਈਜ਼ਰਜ਼ ਹੈਦਰਾਬਾਦ ਅਤੇ ਰੌਇਲ ਚੈਲੇਂਜਰਜ਼ ਬੰਗਲੁਰੂ ਦੇ ਮੈਚ ਤੋਂ ਬਾਅਦ ਵਿਰਾਟ ਕੋਹਲੀ ਅਤੇ ਟ੍ਰੈਵਿਸ ਹੈੱਡ ਵਿਚਕਾਰ ਹੋਈ ਤਿੱਖੀ ਬਹਿਸ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ। ਮੈਚ ਦੌਰਾਨ ਦੋਵਾਂ ਖਿਡਾਰੀਆਂ ਵਿਚਕਾਰ ਤਕਰਾਰ ਹੋਈ ਅਤੇ ਮੈਚ ਖਤਮ ਹੋਣ ਮਗਰੋਂ ਹੱਥ ਮਿਲਾਉਣ ਸਮੇਂ ਕੋਹਲੀ ਵੱਲੋਂ ਟ੍ਰੈਵਿਸ ਹੈੱਡ ਨਾਲ ਹੱਥ ਨਾ ਮਿਲਾਉਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਗਈ। ਕੁਝ ਟਰੋਲਰਾਂ ਨੇ ਗੰਦੀ ਭਾਸ਼ਾ ਵਰਤਦਿਆਂ ਨਿੱਜੀ ਹਮਲੇ ਵੀ ਕੀਤੇ, ਜਿਸ ਕਾਰਨ ਜੈਸਿਕਾ ਨੂੰ ਆਪਣੇ ਸੋਸ਼ਲ ਮੀਡੀਆ ਕਮੈਂਟ ਸੀਮਿਤ ਕਰਨੇ ਪਏ ਹਨ। ਖੇਡ ਮਾਹਰਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਆਨਲਾਈਨ ਨਫ਼ਰਤ ਅਤੇ ਧਮਕੀ ਭਰੀ ਭਾਸ਼ਾ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ। ਆਸਟਰੇਲੀਆਈ ਖੇਡ ਟਿੱਪਣੀਕਾਰਾਂ ਨੇ ਕਿਹਾ ਕਿ ਮੈਦਾਨੀ ਮੁਕਾਬਲੇ ਨੂੰ ਨਿੱਜੀ ਜ਼ਿੰਦਗੀ ਤੱਕ ਲਿਜਾਣਾ ਖੇਡ ਭਾਵਨਾ ਦੇ ਉਲਟ ਹੈ। ਉਧਰ ਕਈ ਭਾਰਤੀ ਪ੍ਰਸ਼ੰਸਕਾਂ ਨੇ ਵੀ ਇਸ ਟਰੋਲਿੰਗ ਦੀ ਨਿੰਦਾ ਕਰਦਿਆਂ ਕਿਹਾ ਕਿ ਕੁਝ ਲੋਕਾਂ ਦੇ ਵਿਵਹਾਰ ਨਾਲ ਪੂਰੇ ਭਾਰਤੀ ਕ੍ਰਿਕਟ ਪ੍ਰੇਮੀ ਸਮੂਹ ਨੂੰ ਨਹੀਂ ਜੋੜਿਆ ਜਾਣਾ ਚਾਹੀਦਾ।



# ਵੋਟਰ ਸੂਚੀਆਂ ਦੀ ਡੂੰਘੀ ਸੁਧਾਈ ਲਈ ਬਰਨਾਲਾ 'ਚ ਹੈਲਪ ਡੈਸਕ ਸਥਾਪਿਤ




ਬਰਨਾਲਾ, 25 ਮਈ (ਬਘੇਲ ਸਿੰਘ ਧਾਲੀਵਾਲ) : ਮਾਨਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣਕਾਰ ਅਫ਼ਸਰ ਬਰਨਾਲਾ ਹਰਪ੍ਰੀਤ ਸਿੰਘ ਆਈ ਏ ਐੱਸ ਦੀ ਅਗਵਾਈ ਹੇਠ ਜ਼ਿਲ੍ਹਾ ਬਰਨਾਲਾ ਵਿੱਚ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ (ਐੱਸ.ਆਈ.ਆਰ) ਸਬੰਧੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਇਸ ਸਮੁੱਚੀ ਪ੍ਰਕਿਰਿਆ ਨੂੰ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਤਹਿਤ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ, ਜ਼ਮੀਨੀ ਮੰਜ਼ਿਲ 'ਤੇ ਐੱਸ.ਆਈ.ਆਰ ਸਬੰਧੀ ਹੈਲਪ ਡੈਸਕ ਸਥਾਪਿਤ ਕੀਤਾ ਗਿਆ, ਤਾਂ ਜੋ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਅਤੇ ਲੋੜੀਂਦੇ ਦਸਤਾਵੇਜ਼ਾਂ ਬਾਰੇ ਆਮ ਨਾਗਰਿਕਾਂ ਨੂੰ ਜਾਣਕਾਰੀ ਦਿੱਤੀ ਜਾ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦਾ ਕੋਈ ਵੀ ਵਿਅਕਤੀ ਇਸ ਹੈਲਪ ਡੈਸਕ ਤੋਂ ਐੱਸ.ਆਈ.ਆਰ ਬਾਰੇ ਜਾਣਕਾਰੀ ਹਾਸਲ ਕਰ ਸਕਦਾ ਹੈ। ਉਹਨਾਂ ਦੱਸਿਆ ਕਿ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰ-ਘਰ ਜਾ ਕੇ ਵੋਟਰਾਂ ਦੇ ਫਾਰਮ ਭਰਵਾਉਣਗੇ। ਇਨ੍ਹਾਂ ਨੂੰ ਐਸ.ਆਈ.ਆਰ ਲਈ ਵਿਸ਼ੇਸ਼ ਸਿਖਲਾਈ ਵੀ ਦਿੱਤੀ ਜਾਵੇਗੀ, ਤਾਂ ਜੋ ਰਿਵੀਜ਼ਨ ਦਾ ਕੰਮ ਸੁਚਾਰੂ ਢੰਗ ਨਾਲ ਮੁਕੰਮਲ ਹੋ ਸਕੇ। ਉਨ੍ਹਾਂ ਹੋਰ ਦੱਸਿਆ ਕਿ 24 ਜੁਲਾਈ 2026 ਤੱਕ ਜ਼ਿਲ੍ਹੇ ਦੇ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀ ਦਾ ਖਰੜਾ 31 ਜੁਲਾਈ 2026 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ, ਜਦਕਿ ਦਾਅਵੇ ਅਤੇ ਇਤਰਾਜ਼ 31 ਜੁਲਾਈ ਤੋਂ 30 ਅਗਸਤ 2026 ਤੱਕ ਪੇਸ਼ ਕੀਤੇ ਜਾ ਸਕਣਗੇ। ਅੰਤਿਮ ਵੋਟਰ ਸੂਚੀ 1 ਅਕਤੂਬਰ 2026 ਨੂੰ ਜਾਰੀ ਕੀਤੀ ਜਾਵੇਗੀ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਹੱਤਵਪੂਰਨ ਪ੍ਰਕਿਰਿਆ ਦੌਰਾਨ ਚੋਣ ਅਮਲੇ ਨੂੰ ਪੂਰਾ ਸਹਿਯੋਗ ਦੇਣ ਤਾਂ ਜੋ ਵੋਟਰ ਸੂਚੀਆਂ ਨੂੰ ਹੋਰ ਸ਼ੁੱਧ ਅਤੇ ਪਾਰਦਰਸ਼ੀ ਬਣਾਇਆ ਜਾ ਸਕੇ।

# ਚੋਣ ਆਬਜ਼ਰਵਰ ਪਰਨੀਤ ਸ਼ੇਰਗਿੱਲ ਵੱਲੋਂ ਚੋਣ ਪ੍ਰਬੰਧਾਂ ਦਾ ਜਾਇਜ਼ਾ



ਬਰਨਾਲਾ, 25 ਮਈ (ਬਘੇਲ ਸਿੰਘ ਧਾਲੀਵਾਲ) : ਨਗਰ ਨਿਗਮ/ਨਗਰ ਕੌਂਸਲ ਚੋਣਾਂ 2026 ਦੇ ਮੱਦੇਨਜ਼ਰ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਬਰਨਾਲਾ ਲਈ ਚੋਣ ਆਬਜ਼ਰਵਰ ਨਿਯੁਕਤ ਪਰਨੀਤ ਸ਼ੇਰਗਿੱਲ ਆਈ ਏ ਐੱਸ ਵਲੋਂ ਅੱਜ ਜ਼ਿਲ੍ਹਾ ਬਰਨਾਲਾ ਦਾ ਦੌਰਾ ਕਰਕੇ ਚੋਣ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਚੋਣ ਆਬਜ਼ਰਵਰ ਪਰਨੀਤ ਸ਼ੇਰਗਿੱਲ ਨੇ ਅੱਜ ਪਹਿਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਧਨੌਲਾ ਦਾ ਦੌਰਾ ਕੀਤਾ ਜਿੱਥੇ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਦਾ ਨਿਰੀਖਣ ਕੀਤਾ। ਇਸ ਮਗਰੋਂ ਚੋਣ ਆਬਜ਼ਰਵਰ ਨੇ ਐੱਸ ਡੀ ਐੱਮ ਕੰਪਲੈਕਸ ਤਪਾ ਦਾ ਦੌਰਾ ਕੀਤਾ ਅਤੇ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਦੇ ਨਿਰੀਖਣ ਤੋਂ ਇਲਾਵਾ ਵੱਖ ਵੱਖ ਚੋਣ ਬੂਥਾਂ ਦਾ ਦੌਰਾ ਕੀਤਾ ਅਤੇ ਚੋਣ ਪ੍ਰਬੰਧਾਂ 'ਤੇ ਤਸੱਲੀ ਜਤਾਈ। ਓਹਨਾਂ ਨਗਰ ਨਿਗਮ ਬਰਨਾਲਾ, ਨਗਰ ਕੌਂਸਲ ਤਪਾ, ਧਨੌਲਾ ਤੇ ਭਦੌੜ ਦੀਆਂ ਭਲਕੇ ਹੋਣ ਵਾਲੀਆਂ ਚੋਣਾਂ ਬਾਰੇ ਸਬੰਧਤ ਰਿਟਰਨਿੰਗ ਅਫ਼ਸਰਾਂ ਨਾਲ ਮੀਟਿੰਗ ਵੀ ਕੀਤੀ ਅਤੇ ਅਹਿਮ ਦਿਸ਼ਾ ਨਿਰਦੇਸ਼ ਦਿੱਤੇ। ਇਸ ਮੌਕੇ ਕਿਹਾ ਕਿ ਮਾਣਯੋਗ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਇੰਨਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਮੁਹਿੰਮ ਤਹਿਤ ਜਾਗਰੂਕਤਾ ਕੈਂਪ



ਬਠਿੰਡਾ, 25 ਮਈ (ਜਗਸੀਰ ਭੁੱਲਰ) : ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਮੁਹਿੰਮ ਤਹਿਤ ਪਿੰਡ ਜੱਸੀ ਪੌ ਵਾਲੀ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਵੱਡੀ ਗਿਣਤੀ ਕਿਸਾਨਾਂ ਨੇ ਭਾਗ ਲਿਆ, ਜਿਸ ਦੌਰਾਨ ਉਨ੍ਹਾਂ ਨੂੰ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਡਾ. ਗੁਰਦੀਪ ਸਿੰਘ ਸਿੱਧੂ, ਡਿਪਟੀ ਡਾਇਰੈਕਟਰ (ਟ੍ਰੇਨਿੰਗ), ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਨੇ ਕਿਸਾਨਾਂ ਨੂੰ ਝੋਨੇ ਅਤੇ ਨਰਮੇ ਦੀ ਫਸਲ ਵਿੱਚ ਜੀਵਾਣੂ ਖਾਦ ਦੀ ਵਰਤੋਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜੈਵਿਕ ਖਾਦਾਂ ਦੀ ਵਰਤੋਂ ਨਾਲ ਰਸਾਇਣਕ ਖਾਦਾਂ ਉੱਤੇ ਨਿਰਭਰਤਾ ਘਟਾਈ ਜਾ ਸਕਦੀ ਹੈ ਅਤੇ ਫਸਲ ਦੀ ਪੈਦਾਵਾਰ ਅਤੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀ ਫਸਲ ਵਿੱਚ ਅੱਧੀ ਕਿੱਲੋ ਕੰਸੋਰਸ਼ੀਅਮ ਜੀਵਾਣੂ ਖਾਦ ਨੂੰ 100 ਲਿਟਰ ਪਾਣੀ ਵਿੱਚ ਮਿਲਾਓ ਅਤੇ ਇਸ ਘੋਲ ਵਿੱਚ ਝੋਨੇ ਦੀ ਪਨੀਰੀ ਦੀਆਂ ਜੜ੍ਹਾਂ ਨੂੰ 45 ਮਿੰਟ ਲਈ ਡੁਬਾ ਦਿਓ। ਇਸ ਖਾਦ ਦੀ ਵਰਤੋਂ ਨਾਲ ਝੋਨੇ ਦਾ ਝਾੜ ਵਧਦਾ ਹੈ ਅਤੇ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਖਾਦ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਦੀ ਦੁਕਾਨ 'ਤੇ ਉਪਲੱਬਧ ਹੈ। ਇਸ ਮੌਕੇ ਡਾ. ਰਮਨਦੀਪ ਕੌਰ, ਸਹਾਇਕ ਪ੍ਰੋਫੈਸਰ (ਪ੍ਰੋਸੈਸਿੰਗ ਐਂਡ ਫੂਡ ਇੰਜੀਨੀਅਰਿੰਗ), ਨੇ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ, ਲੱਕੀ ਸੀਡ ਡ੍ਰਿੱਲ ਰਾਹੀਂ ਬਿਜਾਈ ਕਰਨ ਦੇ ਢੰਗ ਅਤੇ ਇਸ ਤਕਨੀਕ ਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਡੀ.ਐੱਸ.ਆਰ. ਤਕਨੀਕ ਨਾਲ ਪਾਣੀ ਅਤੇ ਮਜ਼ਦੂਰੀ ਦੀ ਬੱਚਤ ਹੁੰਦੀ ਹੈ, ਜਿਸ ਨਾਲ ਖੇਤੀ ਦੀ ਲਾਗਤ ਘਟਦੀ ਹੈ। ਉਨ੍ਹਾਂ ਕਿਸਾਨਾਂ ਨੂੰ ਖੇਤੀ ਦੇ ਨਾਲ-ਨਾਲ ਸਹਾਇਕ ਧੰਦੇ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ ਤਾਂ ਜੋ ਖੇਤੀ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ। ਕੈਂਪ ਦੌਰਾਨ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਨਾਲ ਸਬੰਧਿਤ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕੀਤੇ ਅਤੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਕਿਸਾਨਾਂ ਨੂੰ ਜੀਵਾਣੂ ਖਾਦ ਵੀ ਮੁਹੱਈਆ ਕਰਵਾਈ ਗਈ। ਕਿਸਾਨਾਂ ਨੇ ਅਜਿਹੇ ਜਾਗਰੂਕਤਾ ਕੈਂਪਾਂ ਨੂੰ ਲਾਭਦਾਇਕ ਦੱਸਦਿਆਂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਦਾ ਧੰਨਵਾਦ ਕੀਤਾ।

# ਸਤਨਾਮ ਸਿੰਘ ਰਾਹੀ ਨੇ ਅਕਾਲੀ ਦਲ ਦੇ ਉਮੀਦਵਾਰਾਂ ਦੇ ਹੱਕ ਵਿੱਚ ਕੀਤਾ ਪ੍ਰਚਾਰ




ਭਦੌੜ, 25 ਮਈ (ਸੁਖਵਿੰਦਰ ਪਲਾਹਾ) : 26 ਮਈ ਨੂੰ ਹੋਣ ਜਾ ਰਹੀਆਂ ਨਗਰ ਕੌਂਸਲ ਚੋਣਾਂ ਵਿੱਚ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਨੇ ਚੋਣ ਪ੍ਰਚਾਰ ਨੂੰ ਸਿਖਰਾਂ ਉੱਤੇ ਪਹੁੰਚਾ ਦਿੱਤਾ ਹੈ। ਜੇਕਰ ਗੱਲ ਕਰੀਏ ਤਾਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਹਾਈ ਕਮਾਂਡ ਦੇ ਲੀਡਰਾਂ ਵੱਲੋਂ ਆਪੋ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਜਾ ਚੁੱਕਾ ਹੈ, ਇਸੇ ਤਰ੍ਹਾਂ ਹੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰਾਂ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਭਦੌੜ ਦੇ ਇੰਚਾਰਜ ਸਤਨਾਮ ਸਿੰਘ ਰਾਹੀ ਵੱਲੋਂ ਜ਼ੋਰਦਾਰ ਪ੍ਰਚਾਰ ਕੀਤਾ ਗਿਆ। ਸਤਨਾਮ ਸਿੰਘ ਰਾਹੀ ਨੇ ਭਦੌੜ ਦੇ ਸਾਰੇ ਵਾਰਡਾਂ ਵਿੱਚ ਅਕਾਲੀ ਦਲ ਦੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ, ਉੱਥੇ ਹੀ ਵਾਰਡ ਨੰਬਰ ਛੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜ ਰਹੇ ਨਾਇਬ ਸਿੰਘ ਉਰਫ ਮੋਟੂ ਦੇ ਹੱਕ ਵਿੱਚ ਘਰ ਘਰ ਜਾ ਕੇ ਚੋਣ ਪ੍ਰਚਾਰ ਕੀਤਾ ।ਇਸ ਮੌਕੇ ਸਤਨਾਮ ਸਿੰਘ ਰਾਹੀ ਨੇ ਕਿਹਾ ਕਿ ਜਿੰਨੀਆਂ ਵੀ ਸਕੀਮਾਂ ਪੰਜਾਬ ਦੇ ਲੋਕਾਂ ਨੂੰ ਹੁਣ ਮਿਲ ਰਹੀਆਂ ਹਨ, ਉਹ ਸਾਰੀਆਂ ਸਕੀਮਾਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਦੇ ਦੌਰਾਨ ਹੀ ਲਾਗੂ ਕੀਤੀਆਂ ਗਈਆਂ ਸਨ, ਜੋ ਜਿਸ ਕਰਕੇ ਪੰਜਾਬ ਦੇ ਲੋਕ ਅੱਜ ਤੱਕ ਵੀ ਅਕਾਲੀ ਸਰਕਾਰ ਨੂੰ ਯਾਦ ਕਰਦੇ ਹਨ ਅਤੇ ਦੁਬਾਰਾ ਪੰਜਾਬ ਵਿੱਚ ਅਕਾਲੀ ਸਰਕਾਰ ਦਾ ਰਾਜ ਵੇਖਣ ਚਾਹੁੰਦੇ ਹਨ। ਉਹਨਾਂ ਕਿਹਾ ਕਿ ਜੋ 10 ਲੱਖ ਵਾਲੇ ਸਿਹਤ ਕਾਰਡ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਹਨ, ਉਹ ਕਾਰਡ ਕਿਸੇ ਵੀ ਹਸਪਤਾਲ ਵਿੱਚ ਨਹੀਂ ਚੱਲ ਰਹੇ ਜਿਸ ਕਰਕੇ ਇਹ ਸਭ ਤੋਂ ਵੱਡਾ ਪੰਜਾਬ ਦੇ ਲੋਕਾਂ ਨਾਲ ਆਮ ਆਦਮੀ ਪਾਰਟੀ ਨੇ ਧੋਖਾ ਕੀਤਾ ਹੈ। ਉਹਨਾਂ ਕਿਹਾ ਕਿ ਔਰਤਾਂ ਦੇ ਖਾਤਿਆਂ ਵਿੱਚ ਦਸ ਹਜ਼ਾਰ ਰੁਪਏ ਅਤੇ ਐਸ ਸੀ ਔਰਤਾਂ ਦੇ ਖਾਤਿਆਂ ਵਿੱਚ ਪੰਦਰਾਂ ਹਜ਼ਾਰ ਰੁਪਏ ਖਾਤੇ ਵਿੱਚ ਪੌਣੇ ਸਨ, ਉਹ ਵੀ ਮਾਮਲਾ ਠੰਢੇ ਵਸਤੇ ਵਿੱਚ ਪਾ ਦਿੱਤਾ ਹੈ, ਕਿਉਂਕਿ ਇਹ ਸਿਰਫ ਇੱਕ ਚੋਣ ਸਟੰਟ ਸੀ ਅਤੇ ਇਹ ਪੰਜਾਬ ਦੀਆਂ ਔਰਤਾਂ ਨਾਲ ਧੋਖਾ ਕਰਕੇ ਵੋਟਾਂ ਲੈਣ ਦਾ ਇੱਕ ਸ਼ੁਗੂਫ਼ਾ ਹੀ ਛੱਡਿਆ ਸੀ, ਪਰ ਪੰਜਾਬ ਦੇ ਲੋਕ ਹੁਣ ਬਹੁਤ ਸਿਆਣੇ ਹੋ ਚੁੱਕੇ ਹਨ ਅਤੇ ਸਮਝਦਾਰ ਹੋ ਚੁੱਕੇ ਹਨ, ਉਹ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ।

# ਵੋਟ ਪਾਉਣ ਲਈ ਵੋਟਰ ਇਨ੍ਹਾਂ ਦਸਤਾਵੇਜ਼ਾਂ ਦੀ ਕਰ ਸਕਣਗੇ ਵਰਤੋਂ : ਡੀ.ਸੀ.

ਬਰਨਾਲਾ, 25 ਮਈ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣਕਾਰ ਅਫ਼ਸਰ ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੀਆਂ ਆਮ ਚੋਣਾਂ-2026 ਲਈ ਵੋਟਰਾਂ ਦੀ ਪਛਾਣ ਸਬੰਧੀ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵੋਟਰਾਂ ਕੋਲ ਈਪਿਕ ਕਾਰਡ ਉਪਲਬਧ ਹੈ, ਉਹ ਆਪਣੇ ਕਾਰਡ ਰਾਹੀਂ ਵੋਟ ਪਾ ਸਕਣਗੇ। ਇਸ ਤੋਂ ਇਲਾਵਾ ਜਿਨ੍ਹਾਂ ਵੋਟਰਾਂ ਕੋਲ ਇਹ ਕਾਰਡ ਨਹੀਂ ਹੈ, ਉਹ ਆਧਾਰ ਕਾਰਡ, ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੈਂਸ, ਫੋਟੋ ਵਾਲਾ ਪੈਨ ਕਾਰਡ, ਮਗਨਰੇਗਾ ਜਾਬ ਕਾਰਡ, ਰਾਸ਼ਨ ਕਾਰਡ/ਨੀਲਾ ਕਾਰਡ, ਫੋਟੋ ਸਮੇਤ ਆਰਮਜ਼ ਲਾਇਸੈਂਸ, ਪੈਨਸ਼ਨ ਦਸਤਾਵੇਜ਼, ਆਜ਼ਾਦੀ ਘੁਲਾਟੀਏ ਪਛਾਣ ਪੱਤਰ, ਬੈਂਕ ਜਾਂ ਡਾਕਖਾਨੇ ਦੀ ਫੋਟੋ ਵਾਲੀ ਪਾਸਬੁੱਕ, ਮਜ਼ਦੂਰੀ ਮੰਤਰਾਲੇ ਵੱਲੋਂ ਜਾਰੀ ਹੈਲਥ ਇੰਸ਼ੋਰੈਂਸ ਸਮਾਰਟ ਕਾਰਡ, ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਜਾਰੀ ਸਰਕਾਰੀ ਪਛਾਣ ਪੱਤਰ, ਯੂਨੀਕ ਡਿਸਏਬਿਲਟੀ ਆਈਡੀ ਕਾਰਡ (UDID), ਕੇਂਦਰ/ਰਾਜ ਸਰਕਾਰ, ਪੀਐੱਸਯੂ ਜਾਂ ਪਬਲਿਕ ਲਿਮਟਿਡ ਕੰਪਨੀਆਂ ਵੱਲੋਂ ਜਾਰੀ ਸਰਵਿਸ ਆਈਡੀ ਕਾਰਡ ਅਤੇ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵੱਲੋਂ ਜਾਰੀ ਵਿਦਿਆਰਥੀ ਪਛਾਣ ਪੱਤਰ ਦੀ ਵਰਤੋਂ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕੋਈ ਦਸਤਾਵੇਜ਼ ਪਰਿਵਾਰ ਦੇ ਮੁਖੀ ਦੇ ਨਾਮ 'ਤੇ ਹੈ ਤਾਂ ਉਸ ਦੇ ਆਧਾਰ 'ਤੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਵੀ ਪਛਾਣ ਕੀਤੀ ਜਾ ਸਕਦੀ ਹੈ, ਬਸ਼ਰਤੇ ਉਨ੍ਹਾਂ ਦੀ ਪਛਾਣ ਸਪੱਸ਼ਟ ਹੋਵੇ। ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਭਲਕੇ ਵੋਟਿੰਗ ਵਾਲੇ ਦਿਨ ਆਪਣੇ ਨਾਲ ਲਾਜ਼ਮੀ ਪਛਾਣ ਦਸਤਾਵੇਜ਼ ਜ਼ਰੂਰ ਲੈ ਕੇ ਆਉਣ ਤਾਂ ਜੋ ਕਿਸੇ ਕਿਸਮ ਦੀ ਅਸੁਵਿਧਾ ਤੋਂ ਬਚਿਆ ਜਾ ਸਕੇ।

# ਵਾਈਐਸ ਜੈਨਨੇਕਸਟ ਪਲੇਅ ਵੇਅ : ਜਿੱਥੇ ਮਾਵਾਂ ਤੇ ਬੱਚਿਆਂ ਨੇ ਇਕੱਠੇ ਬਣਾਈਆਂ ਸੋਹਣੀਆਂ ਯਾਦਾਂ



ਬਰਨਾਲਾ, 25 ਮਈ (ਹਮੀਰ ਸਿੰਘ) : ਵਾਈਐਸ ਜੈਨਨੇਕਸਟ ਪਲੇਵੇ ਵੱਲੋਂ ਪਹਿਲਾ ਪਲੇਡੇਟ ਮੰਮਾ ਮੀਆ 1.0 ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ, ਜਿਸ ਵਿੱਚ ਮਾਵਾਂ ਅਤੇ ਬੱਚਿਆਂ ਨੇ ਇਕੱਠੇ ਮਿਲ ਕੇ ਪਿਆਰ, ਮਸਤੀ ਅਤੇ ਖੁਸ਼ੀਆਂ ਭਰੇ ਪਲ ਸਾਂਝੇ ਕੀਤੇ। ਸਮਾਗਮ ਦੌਰਾਨ ਹਾਸੇ, ਮਨੋਰੰਜਕ ਗਤੀਵਿਧੀਆਂ ਅਤੇ ਯਾਦਗਾਰ ਲਹਿਰਾਂ ਨੇ ਸਭ ਦਾ ਦਿਲ ਜਿੱਤ ਲਿਆ। ਇਸ ਪਲੇਡੇਟ ਨੇ ਮਾਪਿਆਂ ਨੂੰ ਸਕੂਲ ਦੇ ਮਾਹੌਲ, ਸਿੱਖਣ ਦੇ ਢੰਗ ਅਤੇ ਵਾਈਐਸ ਜੈਨਨੇਕਸਟ ਪਲੇਵੇ ਦੀ ਸੰਭਾਲ ਭਰੀ ਸੋਚ ਨੂੰ ਨੇੜੇ ਤੋਂ ਜਾਣਨ ਦਾ ਮੌਕਾ ਦਿੱਤਾ। ਮਾਵਾਂ ਨੇ ਇਕ-ਦੂਜੇ ਨਾਲ ਜਾਣ-ਪਛਾਣ ਕੀਤੀ, ਨਵੀਆਂ ਦੋਸਤੀਆਂ ਬਣਾਈਆਂ ਅਤੇ ਆਪਣੇ ਬੱਚਿਆਂ ਨਾਲ ਖੂਬਸੂਰਤ ਸਮਾਂ ਬਿਤਾਇਆ । ਬੱਚਿਆਂ ਨੇ ਆਪਣੀਆਂ ਮਾਵਾਂ ਨਾਲ ਹਰ ਗਤੀਵਿਧੀ ਵਿੱਚ ਬੜੇ ਚਾਵ ਨਾਲ ਹਿੱਸਾ ਲਿਆ, ਜਿਸ ਨਾਲ ਇਹ ਸਮਾਗਮ ਹੋਰ ਵੀ ਖਾਸ ਬਣ ਗਿਆ। ਮੰਮਾ ਮੀਆ 1.0 ਪਿਆਰ, ਦੋਸਤੀ ਅਤੇ ਖੁਸ਼ੀਆਂ ਦਾ ਸੋਹਣਾ ਜਸ਼ਨ ਬਣਿਆ, ਜਿਸ ਨੇ ਵਾਈਐਸ ਜੈਨਨੇਕਸਟ ਪਲੇਵੇ ਦੀ ਖੁਸ਼ਮਿਜ਼ਾਜ਼ ਰੂਹ ਨੂੰ ਦਰਸਾਇਆ।

# ਫਨਸ਼ਾਈਨ ਡੇਅ 'ਤੇ ਸਕੂਲ ਬਣਿਆ ਖੁਸ਼ੀਆਂ ਦਾ ਕੇਂਦਰ



ਬਰਨਾਲਾ, 25 ਮਈ (ਹਮੀਰ ਸਿੰਘ) : ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਬੀ.ਵੀ.ਐਮ ਇੰਟਰਨੈਸ਼ਨਲ ਸਕੂਲ ਵਿੱਚ ਮਨਾਇਆ ਗਿਆ ਫਨਸ਼ਾਈਨ ਡੇਅ ਵਿਦਿਆਰਥੀਆਂ ਲਈ ਯਾਦਗਾਰ ਬਣ ਗਿਆ। ਪਲੇਅ ਵੇਅ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਦਿਨ ਭਰ ਮੌਜ-ਮਸਤੀ, ਖੇਡਾਂ ਅਤੇ ਮਨੋਰੰਜਕ ਗਤੀਵਿਧੀਆਂ ਦਾ ਆਨੰਦ ਮਾਣਿਆ। ਛੋਟੇ ਬੱਚਿਆਂ ਲਈ ਪੂਲ ਪਾਰਟੀ ਵਿਸ਼ੇਸ਼ ਆਕਰਸ਼ਣ ਰਹੀ, ਜਿੱਥੇ ਬੱਚਿਆਂ ਨੇ ਪਾਣੀ ਵਿੱਚ ਖੇਡਦੇ ਹੋਏ ਖੂਬ ਮਸਤੀ ਕੀਤੀ। ਇਸ ਤੋਂ ਇਲਾਵਾ ਕਲਾਸਰੂਮਾਂ ਵਿੱਚ ਫਿਲਮ ਸ਼ੋਅ, ਦਿਲਚਸਪ ਖੇਡਾਂ ਅਤੇ ਆਈਸਕ੍ਰੀਮ ਵੰਡ ਸਮਾਗਮ ਨੇ ਵਿਦਿਆਰਥੀਆਂ ਦੀ ਖੁਸ਼ੀ ਨੂੰ ਹੋਰ ਵਧਾ ਦਿੱਤਾ। ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਨੇ ਕਿਹਾ ਕਿ ਅਜਿਹੇ ਸਮਾਗਮ ਬੱਚਿਆਂ ਦੇ ਮਾਨਸਿਕ ਅਤੇ ਭਾਵਨਾਤਮਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਦਾ ਸਦੁਪਯੋਗ ਕਰਨ ਅਤੇ ਪਰਿਵਾਰ ਨਾਲ ਸਮਾਂ ਬਿਤਾਉਣ ਲਈ ਪ੍ਰੇਰਿਤ ਕੀਤਾ।

# ਵਾਲਮੀਕਿ ਚੌਂਕ ਵਿਖੇ ਦੁਕਾਨਦਾਰਾਂ ਨੇ ਲਗਾਇਆ ਅਸ਼ਟਮੀ ਦੀ ਕੜਾਹੀ ਦਾ ਭੰਡਾਰਾ



ਬਰਨਾਲਾ, 25 ਮਈ (ਸੁਖਵਿੰਦਰ ਸਿੰਘ ਭੰਡਾਰੀ) : ਵਾਲਮੀਕਿ ਚੌਕ ਬਰਨਾਲਾ ਵਿਖੇ ਸਮੂਹ ਦੁਕਾਨਦਾਰਾਂ ਅਤੇ ਮਾਤਾ ਰਾਣੀ ਦੇ ਭਗਤਾਂ ਵੱਲੋਂ ਮਈ ਮਹੀਨੇ ਦੀ ਅਸ਼ਟਮੀ ਦੀ ਕੜਾਹੀ ਦਾ ਸਰਵ ਸਾਂਝਾ ਭੰਡਾਰਾ ਧਰਮ ਪਾਲ ਹਮੀਦੀ ਵਾਲੇ ਦੀ ਦੁਕਾਨ 'ਤੇ ਲਾਇਆ ਗਿਆ। ਇਸ ਦੌਰਾਨ ਬੋਲਦਿਆਂ ਚਿੰਤਪੂਰਨੀ ਲੰਗਰ ਕਮੇਟੀ ਦੇ ਪ੍ਰਧਾਨ ਧਰਮਪਾਲ ਹਮੀਦੀ ਵਾਲੇ ਨੇ ਕਿਹਾ ਕਿ ਹਰ ਮਹੀਨੇ ਦੀ ਅਸ਼ਟਮੀ ਨੂੰ ਭੰਡਾਰਾ ਲਾਇਆ ਜਾਂਦਾ ਹੈ। ਇਸ ਮੌਕੇ ਮਾਤਾ ਦੁਰਗਾ ਦੀ ਆਰਤੀ ਕਰਨ ਉਪਰੰਤ ਕੰਨਿਆ ਪੂਜਨ ਕੀਤਾ ਗਿਆ। ਇਸ ਤੋਂ ਬਾਅਦ ਕੰਨਿਆਵਾਂ ਨੂੰ ਭੋਜ ਕਰਵਾਇਆ ਗਿਆ ਅਤੇ ਭੰਡਾਰਾ ਵਰਤਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਮੌਕੇ ਕੰਨਿਆਵਾਂ ਨੂੰ ਪੂਜਣ ਦਾ ਮਤਲਵ ਲੋਕਾਂ ਨੂੰ ਕੰਨਿਆਂ ਭਰੂਣ ਹੱਤਿਆ ਖ਼ਿਲਾਫ਼ ਜਾਗਰੂਕ ਕਰਨ ਲਈ ਪ੍ਰੇਰਿਤ ਕਰਨਾ ਹੈ। ਇਸ ਮੌਕੇ ਵੇਦ ਪ੍ਰਕਾਸ਼ ਸੋਨੂੰ, ਡਾਕਟਰ ਸੁਰਿੰਦਰ ਮੋਹਨ, ਸੁਖਵਿੰਦਰ ਸਿੰਘ ਭੰਡਾਰੀ, ਸੰਦੀਪ ਕੁਮਾਰ ਬਾਂਸਲ,ਪਵਨ ਕੁਮਾਰ, ਆਸ਼ੂ ਬਾਂਸਲ, ਵਿਨੋਦ ਰਾਣੀ,ਵੀਨਾ ਰਾਣੀ, ਵੇਦ ਪ੍ਰਕਾਸ ਸੋਨੂੰ, ਸੁਰਿੰਦਰ ਠੀਕਰੀਵਾਲ, ਡਾਕਟਰ ਰਾਜ ਕੁਮਾਰ, ਪਵਨ ਕੁਮਾਰ ਮੁਨੀਮ, ਕੇਵਲ ਕ੍ਰਿਸ਼ਨ ਗਰਗ ਆਦਿ ਨੇ ਭੰਡਾਰਾ ਵਰਤਾਉਣ 'ਚ ਸੇਵਾ ਨਿਭਾਈ। ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਅਸ਼ਟਮੀ ਦੀ ਕੜਾਹੀ ਦਾ ਭੰਡਾਰਾ ਲਾਇਆ ਜਾ ਰਿਹਾ ਹੈ।

# ਬਰਨਾਲਾ ਦੇ ਸੁਚੱਜੇ ਭਵਿੱਖ ਲਈ ਹਰ ਵੋਟਰ ਪਾਏ ਆਪਣੀ ਵੋਟ : ਆਰੀਆਭੱਟਾ ਗਰੁੱਪ ਤੇ ਸੋਨੀ ਸਾਈਕਲਿੰਗ ਕਲੱਬ



ਬਰਨਾਲਾ, 25 ਮਈ (ਹਮੀਰ ਸਿੰਘ) : ਆਰੀਆਭੱਟਾ ਗਰੁੱਪ ਆਫ ਇੰਸਟੀਚਿਊਟਸ, ਬਰਨਾਲਾ ਅਤੇ ਸੋਨੀ ਸਾਈਕਲਿੰਗ ਕਲੱਬ, ਬਰਨਾਲਾ ਵੱਲੋਂ 26 ਮਈ 2026 ਨੂੰ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਲੋਕਤੰਤਰ ਦਾ ਮਹੱਤਵਪੂਰਨ ਤਿਉਹਾਰ ਕਰਾਰ ਦਿੰਦਿਆਂ ਸ਼ਹਿਰ ਵਾਸੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਆਪਣੇ ਮਤ ਅਧਿਕਾਰ ਦਾ ਪ੍ਰਯੋਗ ਕਰਨ ਦੀ ਸਾਂਝੀ ਅਪੀਲ ਕੀਤੀ ਗਈ। ਦੋਵਾਂ ਸੰਸਥਾਵਾਂ ਨੇ ਆਪਣੇ ਭਵਿੱਖ ਲਈ ਵੋਟ ਪਾਓ ਬਰਨਾਲਾ ਦੇ ਭਵਿੱਖ ਲਈ ਵੋਟ ਪਾਓ ਦਾ ਸੰਦੇਸ਼ ਦਿੰਦਿਆਂ ਲੋਕਾਂ ਨੂੰ ਜਾਗਰੂਕ ਕੀਤਾ, ਕਿ ਇੱਕ ਮਜ਼ਬੂਤ ਅਤੇ ਵਿਕਸਿਤ ਸ਼ਹਿਰ ਦੀ ਨੀਂਹ ਜਾਗਰੂਕ ਵੋਟਰਾਂ ਨਾਲ ਹੀ ਪੈਂਦੀ ਹੈ। ਆਰੀਆਭੱਟਾ ਗਰੁੱਪ ਆਫ ਇੰਸਟੀਚਿਊਟਸ ਦੇ ਚੇਅਰਮੈਨ ਆਰ. ਕੇ. ਗੁਪਤਾ ਨੇ ਕਿਹਾ ਕਿ ਵੋਟ ਪਾਉਣਾ ਹਰ ਨਾਗਰਿਕ ਦਾ ਸੰਵਿਧਾਨਕ ਅਧਿਕਾਰ ਹੋਣ ਦੇ ਨਾਲ-ਨਾਲ ਇੱਕ ਵੱਡੀ ਸਮਾਜਿਕ ਜ਼ਿੰਮੇਵਾਰੀ ਵੀ ਹੈ। ਸੋਨੀ ਸਾਈਕਲਿੰਗ ਕਲੱਬ ਦੇ ਪ੍ਰਧਾਨ ਪ੍ਰਵੀਨ ਕੁਮਾਰ (ਸੋਨੀ) ਨੇ ਕਿਹਾ ਕਿ ਜਿਵੇਂ ਸਾਈਕਲਿੰਗ ਤੰਦਰੁਸਤੀ ਅਤੇ ਵਾਤਾਵਰਨ ਸੁਰੱਖਿਆ ਦਾ ਸੰਦੇਸ਼ ਦਿੰਦੀ ਹੈ, ਉਸੇ ਤਰ੍ਹਾਂ ਵੋਟ ਪਾਉਣਾ ਇੱਕ ਜਾਗਰੂਕ ਅਤੇ ਜ਼ਿੰਮੇਵਾਰ ਸਮਾਜ ਦੀ ਪਹਿਚਾਣ ਹੈ। ਦੋਵਾਂ ਸੰਸਥਾਵਾਂ ਨੇ ਖਾਸ ਤੌਰ 'ਤੇ ਨੌਜਵਾਨਾਂ, ਪਹਿਲੀ ਵਾਰ ਵੋਟ ਪਾਉਣ ਵਾਲਿਆਂ, ਮਹਿਲਾਵਾਂ, ਅਧਿਆਪਕਾਂ, ਵਿਦਿਆਰਥੀਆਂ, ਵਪਾਰੀਆਂ ਅਤੇ ਸਮਾਜਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਖੁਦ ਵੀ ਵੋਟ ਪਾਉਣ ਅਤੇ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਗੁਆਂਢੀਆਂ ਨੂੰ ਵੀ ਵੋਟਿੰਗ ਲਈ ਪ੍ਰੇਰਿਤ ਕਰਨ। ਇਸ ਮੌਕੇ ਕਾਲਜ ਦੇ ਡੀਨ ਅਕੈਡਮਿਕ ਡਾ. ਭਵੇਤ ਗਰਗ, ਅਕਾਊਂਟਸ ਅਫਸਰ ਜਤਿੰਦਰ ਦਹੀਆ ਅਤੇ ਕੋਆਰਡੀਨੇਟਰ ਡਾ. ਜਸ਼ਨਜੋਤ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਅਫਵਾਹ, ਝੂਠੇ ਵਾਅਦਿਆਂ ਜਾਂ ਲਾਲਚ ਦੇ ਪ੍ਰਭਾਵ ਹੇਠ ਆ ਕੇ ਵੋਟ ਨਾ ਪਾਉਣ, ਸਗੋਂ ਆਪਣੇ ਸ਼ਹਿਰ ਦੇ ਲੰਬੇ ਸਮੇਂ ਦੇ ਵਿਕਾਸ ਅਤੇ ਲੋਕਹਿਤ ਨੂੰ ਧਿਆਨ ਵਿੱਚ ਰੱਖ ਕੇ ਸਮਝਦਾਰੀ ਨਾਲ ਆਪਣਾ ਫੈਸਲਾ ਕਰਨ। ਉੱਧਰ ਡੀਨ ਇੰਜੀਨੀਅਰਿੰਗ ਰਜਨੀਸ਼ ਨਰੂਲਾ, ਕੋਆਰਡੀਨੇਟਰ ਭਾਵੁਕਤਾ ਸ਼ਰਮਾ, ਵਿਜੈ ਕੁਮਾਰ ਅਤੇ ਚਤਿੰਦਰ ਸਿੰਘ ਨੇ ਕਿਹਾ ਕਿ ਨਗਰ ਨਿਗਮ ਚੋਣਾਂ ਸਿਰਫ਼ ਨੁਮਾਇੰਦਿਆਂ ਦੀ ਚੋਣ ਨਹੀਂ, ਸਗੋਂ ਆਪਣੇ ਸ਼ਹਿਰ ਦੇ ਭਵਿੱਖ ਨੂੰ ਦਿਸ਼ਾ ਦੇਣ ਦਾ ਅਹਿਮ ਮੌਕਾ ਹਨ। ਸ਼ਹਿਰ ਦੀਆਂ ਸੜਕਾਂ, ਸਫਾਈ ਪ੍ਰਬੰਧ, ਪੀਣ ਵਾਲੇ ਪਾਣੀ ਦੀ ਸਹੂਲਤ, ਸੀਵਰੇਜ ਪ੍ਰਣਾਲੀ, ਸਟ੍ਰੀਟ ਲਾਈਟਾਂ, ਪਾਰਕਾਂ ਦੀ ਸੰਭਾਲ ਅਤੇ ਜਨਤਕ ਸੁਵਿਧਾਵਾਂ ਦੀ ਗੁਣਵੱਤਾ ਨਗਰ ਨਿਗਮ ਦੇ ਪ੍ਰਬੰਧ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਅੰਤ ਵਿੱਚ ਆਰੀਆਭੱਟਾ ਗਰੁੱਪ ਆਫ ਇੰਸਟੀਚਿਊਟਸ ਅਤੇ ਸੋਨੀ ਸਾਈਕਲਿੰਗ ਕਲੱਬ ਨੇ ਸਮੂਹ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 26 ਮਈ ਨੂੰ ਘਰਾਂ ਤੋਂ ਨਿਕਲ ਕੇ ਲੋਕਤੰਤਰ ਦੇ ਇਸ ਮਹਾਂਉਤਸਵ ਵਿੱਚ ਆਪਣੀ ਭਾਗੀਦਾਰੀ ਯਕੀਨੀ ਬਣਾਉਣ ਅਤੇ ਬਰਨਾਲਾ ਦੇ ਚੰਗੇ ਭਵਿੱਖ ਲਈ ਆਪਣੀ ਵੋਟ ਜ਼ਰੂਰ ਪਾਉਣ।

# ਬਰਨਾਲਾ ਜ਼ਿਲ੍ਹੇ ਵਿੱਚ ਰੈਲੀਆਂ, ਜਲੂਸਾਂ ਤੇ ਇਕੱਠਾਂ 'ਤੇ ਪਾਬੰਦੀ

ਬਰਨਾਲਾ, 25 ਮਈ (ਬਘੇਲ ਸਿੰਘ ਧਾਲੀਵਾਲ) : ਰਾਜ ਚੋਣ ਕਮਿਸ਼ਨ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਹਰਪ੍ਰੀਤ ਸਿੰਘ ਆਈ ਏ ਐੱਸ ਵਲੋਂ ਭਲਕੇ 26 ਮਈ 2026 ਨੂੰ ਹੋਣ ਜਾ ਰਹੀਆਂ ਨਗਰ ਨਿਗਮ, ਨਗਰ ਕੌਂਸਲ ਚੋਣਾਂ ਨੂੰ ਸ਼ਾਂਤੀਪੂਰਵਕ ਅਤੇ ਨਿਰਵਿਘਨ ਨੇਪਰੇ ਚਾੜ੍ਹਨ ਲਈ ਅਹਿਮ ਹੁਕਮ ਜਾਰੀ ਕੀਤੇ ਗਏ ਹਨ। ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਦੀ ਵਰਤੋਂ ਕਰਦਿਆਂ ਜ਼ਿਲ੍ਹਾ ਬਰਨਾਲਾ ਵਿੱਚ ਜਨਤਕ ਥਾਵਾਂ 'ਤੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਕਿਸੇ ਵੀ ਤਰ੍ਹਾਂ ਦੀ ਨਾਅਰੇਬਾਜ਼ੀ ਕਰਨ, ਭੜਕਾਊ ਭਾਸ਼ਣ ਦੇਣ, ਮੀਟਿੰਗਾਂ ਕਰਨ, ਜਲੂਸ ਕੱਢਣ ਤੇ ਰੈਲੀਆਂ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਇਨ੍ਹਾਂ ਹੁਕਮਾਂ ਤੋਂ ਡਿਊਟੀ 'ਤੇ ਤਾਇਨਾਤ ਸੁਰੱਖਿਆ/ਪੁਲਿਸ ਅਮਲੇ 'ਤੇ, ਵਰਦੀ ਵਿੱਚ ਫੌਜ ਦੇ ਅਧਿਕਾਰੀਆਂ, ਡਿਊਟੀ 'ਤੇ ਮੌਜੂਦ ਹੋਰ ਸਰਕਾਰੀ ਕਰਮਚਾਰੀਆਂ ਤੋਂ ਇਲਾਵਾ ਵਿਆਹ-ਸ਼ਾਦੀ, ਧਾਰਮਿਕ ਸਥਾਨਾਂ, ਧਾਰਮਿਕ ਸੰਸਥਾਵਾਂ, ਜ਼ਿਲ੍ਹਾ ਮੈਜਿਸਟ੍ਰੇਟ/ ਉਪ ਮੰਡਲ ਮੈਜਿਸਟ੍ਰੇਟ /ਰਿਟਰਨਿੰਗ ਅਫ਼ਸਰ ਚੋਣਾਂ, ਨਗਰ ਨਿਗਮ ਬਰਨਾਲਾ/ਨਗਰ ਕੌਂਸਲ, ਤਪਾ, ਧਨੌਲਾ, ਭਦੌੜ, ਨਗਰ ਪੰਚਾਇਤ ਹੰਡਿਆਇਆ ਪਾਸੋਂ ਜਾਰੀ ਪ੍ਰਵਾਨਗੀ ਅਨੁਸਾਰ, ਨੂੰ ਛੋਟ ਹੋਵੇਗੀ।

# ਪੀ.ਐਮ. ਸ੍ਰੀ ਕੇਂਦਰੀ ਵਿਦਿਆਲਿਆ ਵਾਯੂ ਸੈਨਾ ਸਥਲ ਵਿਖੇ ਦਾਖ਼ਲਾ ਜਾਗਰੂਕਤਾ ਪ੍ਰੋਗਰਾਮ




ਬਰਨਾਲਾ, 25 ਮਈ (ਹਮੀਰ ਸਿੰਘ) : ਪੀਐਮ ਸ਼੍ਰੀ ਕੇਂਦਰੀ ਵਿਦਿਆਲਿਆ ਵਾਯੂ ਸੈਨਾ ਸਥਲ ਬਰਨਾਲਾ ਵਿਖੇ ਦਾਖਲਾ ਜਾਗਰੂਕਤਾ ਪ੍ਰੋਗਰਾਮ ਦਾ ਸਫਲ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਸਕੂਲ ਦੀ ਪ੍ਰਿੰਸੀਪਲ ਜਸਦੀਪ ਕੌਰ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਮਾਪਿਆਂ ਅਤੇ ਸਥਾਨਕ ਗਣਮਾਨਯ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੌਰਾਨ ਅਨੁਪਮ ਚੌਹਾਨ ਅਤੇ ਵਿਦੁਸ਼ੀ ਗੁਪਤਾ ਦੀ ਵਿਸ਼ੇਸ਼ ਹਾਜ਼ਰੀ ਰਹੀ। ਮਾਪਿਆਂ ਨੇ ਸਕੂਲ ਦੀਆਂ ਸਿੱਖਿਆ ਸੰਬੰਧੀ ਗਤੀਵਿਧੀਆਂ ਅਤੇ ਆਧੁਨਿਕ ਸਹੂਲਤਾਂ ਪ੍ਰਤੀ ਗਹਿਰੀ ਰੁਚੀ ਦਿਖਾਈ। ਪ੍ਰਿੰਸੀਪਲ ਜਸਦੀਪ ਕੌਰ ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਸਕੂਲ ਵਿੱਚ ਦਿੱਤੀਆਂ ਜਾ ਰਹੀਆਂ ਉੱਨਤ ਸਿੱਖਿਆ ਸਹੂਲਤਾਂ, ਸਮਾਰਟ ਕਲਾਸਰੂਮ, ਖੇਡ ਗਤੀਵਿਧੀਆਂ, ਅਨੁਸ਼ਾਸਿਤ ਮਾਹੌਲ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਵਿੰਗ ਕਮਾਂਡਰ ਅਨੁਪਮ ਚੌਹਾਨ ਨੇ ਕਿਹਾ ਕਿ ਉਹ ਖੁਦ ਵੀ ਕੇਂਦਰੀ ਵਿਦਿਆਲਿਆ ਦੇ ਵਿਦਿਆਰਥੀ ਰਹਿ ਚੁੱਕੇ ਹਨ ਅਤੇ ਇੱਥੇ ਮਿਲਣ ਵਾਲੀ ਸਿੱਖਿਆ ਤੇ ਸੰਸਕਾਰ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਮਜ਼ਬੂਤ ਨੀਂਹ ਰੱਖਦੇ ਹਨ। ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਅਧਿਆਪਿਕਾ ਵਿਭੁ ਸਚਦੇਵਾ ਵੱਲੋਂ ਧੰਨਵਾਦ ਕੀਤਾ ਗਿਆ। ਇਸ ਤੋਂ ਬਾਅਦ ਸਾਰੇ ਮਹਿਮਾਨਾਂ ਨੂੰ ਸਕੂਲ ਕੈਂਪਸ ਦਾ ਦੌਰਾ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਸਮਾਰਟ ਕਲਾਸਾਂ, ਰਸਾਇਣ, ਭੌਤਿਕ ਅਤੇ ਜੀਵ ਵਿਗਿਆਨ ਲੈਬਾਂ, ਵੋਕੇਸ਼ਨਲ ਅਤੇ ਅਟਲ ਲੈਬ ਅਤੇ ਖੇਡ ਮੈਦਾਨ ਦਾ ਨਿਰੀਖਣ ਕੀਤਾ। ਪ੍ਰੋਗਰਾਮ ਦੌਰਾਨ ਕਈ ਮਾਪਿਆਂ ਨੇ ਆਪਣੇ ਬੱਚਿਆਂ ਦੇ ਦਾਖਲੇ ਲਈ ਮੌਕੇ 'ਤੇ ਹੀ ਰਜਿਸਟ੍ਰੇਸ਼ਨ ਵੀ ਕਰਵਾਈ, ਜਿਸ ਨਾਲ ਪ੍ਰੋਗਰਾਮ ਦੀ ਸਫਲਤਾ ਹੋਰ ਵੱਧ ਗਈ।

# ਪੰਜਾਬ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਕਚਿਹਰੀ ਚੌਕ ਵਿੱਚ ਰੋਸ ਪ੍ਰਦਰਸ਼ਨ



ਬਰਨਾਲਾ, 25 ਮਈ (ਬਘੇਲ ਸਿੰਘ ਧਾਲੀਵਾਲ) : ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝੇ ਫਰੰਟ ਦੇ ਸੂਬਾਈ ਫ਼ੈਸਲੇ ਅਨੁਸਾਰ ਜ਼ਿਲ੍ਹਾ ਬਰਨਾਲਾ ਵੱਲੋਂ ਕਚਿਹਰੀ ਚੌਕ ਵਿੱਚ ਕਨਵੀਨਰ ਮਾ ਮਨੋਹਰ ਲਾਲ, ਦਰਸ਼ਨ ਚੀਮਾ, ਮੋਹਨ ਸਿੰਘ ਛੰਨਾਂ, ਰਮੇਸ਼ ਹਮਦਰਦ, ਦੀ ਪ੍ਰਧਾਨਗੀ ਹੇਠ ਇੱਕ ਸਫ਼ਲ ਰੋਸ ਰੈਲੀ ਕੀਤੀ ਗਈ। ਜਿਸ ਨੂੰ ਸੰਬੋਧਨ ਕਰਦਿਆਂ ਰੂਪ ਸਿੰਘ ਡਵੀਜ਼ਨ ਪ੍ਰਧਾਨ ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ,ਅਨਿਲ ਕੁਮਾਰ ਪਸਸਫ, ਨਰਾਇਣ ਦੱਤ ਪ੍ਰਧਾਨ ਇਨਕਲਾਬੀ ਕੇਂਦਰ ਪੰਜਾਬ, ਪ੍ਰਿੰਸੀਪਲ ਕੌਰ ਸਿੰਘ ਅਤੇ ਮਿਲਖਾ ਸਿੰਘ ਡੀਐਮਐਫ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਆਪਣੇ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ ਕਿਉਂਕਿ ਸਰਕਾਰ ਆਉਣ ਤੋਂ ਪਹਿਲਾਂ ਇਸ ਦੇ ਮੰਤਰੀ ਮੰਨ ਰਹੇ ਸਨ ਕਿ ਸਰਕਾਰ ਬਣਨ ਤੇ ਪੈਨਸ਼ਨਰਾਂ ਤੇ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇਗਾ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇਗੀ, ਸਾਰੇ ਕੱਚੇ ਕਾਮੇ ਪੱਕੇ ਕੀਤੇ ਜਾਣਗੇ, ਮਾਣ ਭੱਤਿਆਂ ਤੇ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ ਅਤੇ ਮਿਡ ਡੇ ਮੀਲ ਵਰਕਰਾਂ ਨੂੰ 26000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ ਅਤੇ ਪੇ ਕਮਿਸ਼ਨ ਦੀ ਰਿਪੋਰਟ ਸੋਧ ਕੇ ਲਾਗੂ ਕੀਤੀ ਜਾਵੇਗੀ, ਸਾਰੇ ਕੱਟੇ ਭੱਤੇ ਬਹਾਲ ਕੀਤੇ ਜਾਣਗੇ। ਪਰ ਸਰਕਾਰ ਹੁਣ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨਾ ਤਾਂ ਦੂਰ ਦੀ ਗੱਲ, ਮੀਟਿੰਗਾਂ ਕਰਨ ਤੋਂ ਵੀ ਭੱਜ ਰਹੀ ਹੈ। ਜੇਕਰ ਇਹ ਮਸਲੇ ਤੁਰੰਤ ਨਾ ਹੱਲ ਕੀਤੇ ਗਏ ਤਾਂ ਸਾਂਝੇ ਫਰੰਟ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸਘੰਰਸ਼ ਹੋਰ ਤੇਜ਼ ਕੀਤਾ ਜਾਵੇਗਾ। 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁਲਾਜ਼ਮ ਅਤੇ ਪੈਨਸ਼ਨਰਜ ਵਿਰੋਧੀ ਕਿਰਦਾਰ ਨੰਗਾ ਕਰਕੇ ਸਬਕ ਸਿਖਾਉਣ ਤੋਂ ਪਿੱਛੋਂ ਨਹੀਂ ਹਟੇਗਾ। ਇਸ ਸਮੇਂ ਬਲਵੰਤ ਸਿੰਘ, ਜੱਗਾ ਸਿੰਘ ਧਨੌਲਾ, ਪਰਮਜੀਤ ਸਿੰਘ ਪਾਸੀ, ਸੁਰਜੀਤ ਸਿੰਘ ਬਾਠ, ਰਛਪਾਲ ਸਿੰਘ ਔਲਖ ਅਜਿੰਦਰਪਾਲ ਸਿੰਘ, ਮੁਨੀਸ਼ ਕੁਮਾਰ ਅਮਰਜੀਤ ਸਿੰਘ, ਮਾਸਟਰ ਹੰਸ ਰਾਜ, ਸਿਕੰਦਰ ਸਿੰਘ ਤਪਾ ਆਦਿ ਆਗੂ ਵੀ ਹਾਜ਼ਰ ਸਨ।

# ਗਰਮੀ ਕਾਰਨ ਸੇਵਾ ਕੇਂਦਰਾਂ ਦੇ ਸਮੇਂ ਵਿੱਚ ਤਬਦੀਲੀ




ਬਰਨਾਲਾ, 25 ਮਈ (ਬਘੇਲ ਸਿੰਘ ਧਾਲੀਵਾਲ) : ਗਰਮੀ ਦੇ ਮੌਸਮ ਨੂੰ ਵੇਖਦਿਆਂ ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰਾਂ ਦਾ ਸਮਾਂ ਤਬਦੀਲ ਕੀਤਾ ਗਿਆ ਹੈ। ਹੁਣ ਸੇਵਾ ਕੇਂਦਰ ਸਵੇਰੇ 7.30 ਤੋਂ ਦੁਪਹਿਰ 3.30 ਵਜੇ ਤੱਕ ਖੁੱਲ੍ਹੇ ਰਹਿਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਬਰਨਾਲਾ ਹਰਪ੍ਰੀਤ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਗਰਮੀ ਦੇ ਮੌਸਮ ਨੂੰ ਵੇਖਦਿਆਂ ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰਾਂ ਦੇ ਸਮੇਂ ਵਿੱਚ ਤਬਦੀਲੀ ਲਿਆਂਦੀ ਗਈ ਹੈ। ਪਹਿਲਾਂ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 9.00 ਵਜੇ ਤੋਂ ਲੈ ਕੇ ਸ਼ਾਮ 5.00 ਵਜੇ ਤੱਕ ਸੀ। ਹੁਣ ਗਰਮੀ ਨੂੰ ਵੇਖਦਿਆਂ ਇਹ ਸਮਾਂ ਸਵੇਰੇ 7.30 ਤੋਂ ਦੁਪਹਿਰ ਬਾਅਦ 3:30 ਤੱਕ ਕੀਤਾ ਗਿਆ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਕਤ ਸਮੇਂ ਦੌਰਾਨ ਜ਼ਿਲ੍ਹੇ ਦੇ ਸੇਵਾ ਕੇਂਦਰਾਂ ਵਿੱਚ ਪਹੁੰਚ ਕੇ ਸਰਕਾਰੀ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਸਕਦੇ ਹਨ।

# ਐਮ.ਟੀ.ਐਸ. ਬਰਨਾਲਾ ਵਿੱਚ ਕੂਟਨੀਤੀ ਦੀ ਗੂੰਜ




ਬਰਨਾਲਾ, 25 ਮਈ (ਇਸ਼ੇਨ ਕੰਗ) : ਐਮ.ਟੀ.ਐਸ. ਬਰਨਾਲਾ ਨੇ ਐਮ ਟੀ ਐਮ ਯੂ ਐਨ 2026 ਦਾ ਸਫਲ ਆਯੋਜਨ ਕੀਤਾ, ਜਿਸ ਵਿੱਚ ਕਲਾਸ VI ਤੋਂ XII ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਦੇ ਕੈਂਪਸ ਨੂੰ ਕੂਟਨੀਤੀ, ਬਹਿਸ, ਲੀਡਰਸ਼ਿਪ ਅਤੇ ਵਿਸ਼ਵ ਜਾਗਰੂਕਤਾ ਦਾ ਇੱਕ ਉਤਸ਼ਾਹ ਭਰਿਆ ਮੰਚ ਬਣਾਇਆ ਗਿਆ। ਵਿਦਿਆਰਥੀਆਂ ਨੇ ਆਪਣਾ ਆਤਮਵਿਸ਼ਵਾਸ, ਰਿਸਰਚ ਸਕਿਲਸ ਅਤੇ ਪਬਲਿਕ ਸਪੀਕਿੰਗ ਦੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਕਾਨਫਰੰਸ ਦਾ ਆਯੋਜਨ ਪੰਜ ਵੱਖ-ਵੱਖ ਵੇਨਿਊਜ਼ ਵਿੱਚ ਕੀਤਾ ਗਿਆ, ਜਿੱਥੇ ਹਰ ਵੇਨਿਊ ਵਿੱਚ ਇੱਕ ਵਿਸ਼ੇਸ਼ ਕਮੇਟੀ ਨੇ ਆਪਣਾ ਏਜੰਡਾ ਚਲਾਇਆ। ਹਰ ਕਮੇਟੀ ਦਾ ਸੁਚੱਜਾ ਪ੍ਰਬੰਧ ਚੇਅਰਪਰਸਨ ਵੱਲੋਂ ਕੀਤਾ ਗਿਆ, ਜਿਸ ਨੇ ਚਰਚਾ ਨੂੰ ਸੁਗਮ, ਮਾਇਨੇਦਾਰ ਅਤੇ ਅਨੁਸ਼ਾਸਿਤ ਬਣਾਇਆ। ਏਜੰਡਿਆਂ ਦਾ ਮਕਸਦ ਅੰਤਰਰਾਸ਼ਟਰੀ ਅਤੇ ਸਮਾਜਿਕ ਮੁੱਦਿਆਂ 'ਤੇ ਸੋਚ ਨੂੰ ਪ੍ਰੋਤਸਾਹਿਤ ਕਰਨਾ ਅਤੇ ਪ੍ਰਭਾਵਸ਼ਾਲੀ ਹੱਲ ਕਰਨਾ ਸੀ।ਸਮਾਗਮ ਵਿੱਚ ਸਕੂਲ ਦੇ ਮਾਣਯੋਗ ਪ੍ਰਿੰਸੀਪਲ ਅਤੇ ਕਲਾਸ VI-XII ਦੇ ਕੋਆਰਡੀਨੇਟਰਜ਼ ਮੌਜੂਦ ਸਨ। ਮੇਟੀਆਂ ਨੇ ਇੱਕ ਮਾਡਲ ਯੂਨਾਈਟਡ ਨੇਸ਼ਨਸ ਕਾਨਫਰੰਸ ਦੀ ਅਸਲੀ ਰੂਹ ਨੂੰ ਦਰਸਾਇਆ ਸਹਿਮਤੀ, ਸਹਿਯੋਗ, ਨੀਤੀ-ਨਿਰਮਾਣ ਅਤੇ ਲੀਡਰਸ਼ਿਪ। ਵਿਦਿਆਰਥੀਆਂ ਨੇ ਆਪਣੇ ਵਿਚਾਰ ਨਿਰਭੀਕਤਾ ਨਾਲ ਪੇਸ਼ ਕੀਤੇ, ਨਿਯੰਤ੍ਰਿਤ ਚਰਚਾ ਵਿੱਚ ਭਾਗ ਲਿਆ, ਰੈਜ਼ੋਲੂਸ਼ਨ ਤਿਆਰ ਕੀਤੇ ਅਤੇ ਵਿਸ਼ਵ ਭਰ ਦੀਆਂ ਚੁਣੌਤੀਆਂ ਲਈ ਸਮੂਹਿਕ ਹੱਲ ਲੱਭਣ 'ਤੇ ਕੰਮ ਕੀਤਾ।ਸਕੂਲ ਦੇ ਕੈਂਪਸ ਵਿੱਚ ਬੌਧਿਕ ਊਰਜਾ ਦਾ ਮਹੌਲ ਬਣਿਆ ਰਿਹਾ, ਕਿਉਂਕਿ ਵਿਦਿਆਰਥੀਆਂ ਨੇ ਕੂਟਨੀਤਿਗਤ ਅਤੇ ਭਵਿੱਖ ਦੇ ਨੇਤਿਆਂ ਦੀ ਭੂਮਿਕਾ ਨਿਭਾਈ। ਆਯੋਜਕ ਟੀਮ, ਚੇਅਰਪਰਸਨ ਅਤੇ ਵਿਦਿਆਰਥੀਆਂ ਦੇ ਯਤਨਾਂ ਨੇ ਐਮ ਟੀ ਐਮ ਯੂ ਐਨ 2026 ਨੂੰ ਇੱਕ ਸ਼ਾਨਦਾਰ ਸਫਲਤਾ ਅਤੇ ਯਾਦਗਾਰ ਅਨੁਭਵ ਬਣਾਇਆ।



# ਪਟਿਆਲਾ-ਆਸ/ਪਾਸ



# ਪਟਿਆਲਾ ਦੇ ਤੋਪ ਖਾਨਾ ਮੋੜ ਦਾ ਨਾਮ ਬਦਲ ਕੇ ਰੱਖਿਆ ਬਾਬਾ ਰਾਮਦੇਵ ਚੌਕ

## ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਵੱਲੋਂ ਉਦਘਾਟਨ

ਪਟਿਆਲਾ, 25 ਮਈ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਸ਼ਹਿਰ ਦੀ ਇਤਿਹਾਸਕ ਅਤੇ ਧਾਰਮਿਕ ਪਛਾਣ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਅੱਜ ਪਟਿਆਲਾ ਦੇ ਤੋਪ ਖਾਨਾ ਮੋੜ ਦਾ ਨਾਮ ਬਾਬਾ ਰਾਮਦੇਵ ਚੌਕ ਰੱਖਣ ਦਾ ਉਦਘਾਟਨ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪਟਿਆਲਾ ਦੇ ਵਿਧਾਇਕ ਸ੍ਰੀ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਸ੍ਰੀ ਕੁੰਦਨ ਗੋਗੀਆ ਨੇ ਸਾਂਝੇ ਤੌਰ 'ਤੇ ਨਵੇਂ ਨਾਮ ਵਾਲੇ ਬੋਰਡ ਦਾ ਉਦਘਾਟਨ ਕੀਤਾ। ਸਮਾਗਮ ਦੌਰਾਨ ਇਲਾਕੇ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਧਾਰਮਿਕ ਆਗੂ ਹਾਜ਼ਰ ਰਹੇ। ਇਸ ਮੌਕੇ ਵਿਧਾਇਕ ਸ੍ਰੀ ਅਜੀਤਪਾਲ ਸਿੰਘ ਕੋਹਲੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਬਾਬਾ ਰਾਮਦੇਵ ਜੀ ਨੇ ਸਮਾਜ ਨੂੰ ਭਾਈਚਾਰੇ, ਸੇਵਾ ਅਤੇ ਮਨੁੱਖਤਾ ਦਾ ਸੰਦੇਸ਼ ਦਿੱਤਾ ਹੈ ਅਤੇ ਉਨ੍ਹਾਂ ਦੇ ਨਾਮ 'ਤੇ ਚੌਕ ਦਾ ਨਾਮਕਰਨ ਕਰਨਾ ਪਟਿਆਲਾ ਲਈ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਮਹਾਨ ਸੰਤਾਂ ਅਤੇ ਮਹਾਂਪੁਰਖਾਂ ਦੀ ਧਰਤੀ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀਆਂ ਭਾਵਨਾਵਾਂ ਅਤੇ ਇਤਿਹਾਸਕ ਵਿਰਾਸਤ ਦਾ ਪੂਰਾ ਸਤਿਕਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ ਅਤੇ ਲੋਕਾਂ ਦੀ ਸਹੂਲਤ ਲਈ ਨਵੀਆਂ ਯੋਜਨਾਵਾਂ ਲਗਾਤਾਰ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਮੇਅਰ ਸ੍ਰੀ ਕੁੰਦਨ ਗੋਗੀਆ ਨੇ ਕਿਹਾ ਕਿ ਸ਼ਹਿਰ ਦੀ ਪਹਿਚਾਣ ਨੂੰ ਹੋਰ ਮਜ਼ਬੂਤ ਬਣਾਉਣ ਲਈ ਨਗਰ ਨਿਗਮ ਵੱਲੋਂ ਕਈ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਤੋਪ ਖਾਨਾ ਮੋੜ ਨੂੰ ਬਾਬਾ ਰਾਮਦੇਵ ਚੌਕ ਦੇ ਨਾਮ ਨਾਲ ਜਾਣਿਆ ਜਾਣਾ ਲੋਕਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਸੀ, ਜਿਸ ਨੂੰ ਹੁਣ ਪੂਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸੁੰਦਰੀਕਰਨ, ਸਫਾਈ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਗਰ ਨਿਗਮ ਵਚਨਬੱਧ ਹੈ। ਸਮਾਗਮ ਦੌਰਾਨ ਧਾਰਮਿਕ ਆਗੂਆਂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਇਸ ਉਪਰਾਲੇ ਲਈ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਦਾ ਧੰਨਵਾਦ ਕੀਤਾ। ਇਸ ਮੌਕੇ ਦੋਵੇਂ ਆਗੂਆਂ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਵਿੱਚ ਵਾਰਡ ਨੰਬਰ 45 ਤੋਂ ਕੌਂਸਲਰ ਮੀਨਾ ਦੇਵੀ, ਐਕਸੀਅਨ ਨਰੇਨ ਦਾਸ, ਸਨੀ ਡਾਬੀ , ਵਿਕੀ ਖੱਤਰੀ, ਦੁਆਰਕਾ ਦਾਸ, ਕ੍ਰਿਸ਼ਨ ਬੰਟੂ ਖੱਤਰੀ, ਹਰੀ ਗਹਿਲੋਤ , ਸੁਰੇਸ਼ ਨਿਵਾਰਨ, ਸ਼ਾਮ ਲਾਲ ਖੱਤਰੀ, ਮੰਗਤ ਡਾਬੀ, ਨਗਰ ਨਿਗਮ ਅਧਿਕਾਰੀ, ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

## ਨਾਜਾਇਜ਼ ਮਾਈਨਿੰਗ ਦੇ ਮਾਮਲੇ 'ਚ ਪੋਕਲੇਨ ਮਸ਼ੀਨ ਬ੍ਰਾਮਦ, ਜ਼ਮੀਨ ਮਾਲਕ ਤੇ ਮਸ਼ੀਨ ਮਾਲਕ ਵਿਰੁੱਧ ਮਾਮਲਾ ਦਰਜ



ਸਮਾਣਾ, 25 ਮਈ (ਵਿਜੇ ਕੁਮਾਰ) : ਪਿੰਡ ਗਾਜ਼ੀਪੁਰ ਵਿੱਚ ਕੀਤੀ ਜਾ ਰਹੀ ਨਾਜਾਇਜ਼ ਮਾਈਨਿੰਗ ਦੇ ਮਾਮਲੇ ਵਿੱਚ ਮਾਈਨਿੰਗ ਵਿਭਾਗ ਵੱਲੋਂ ਸਦਰ ਪੁਲਿਸ ਦੀ ਸਹਾਇਤਾ ਨਾਲ ਕੀਤੀ ਗਈ ਛਾਪੇਮਾਰੀ ਦੌਰਾਨ ਇੱਕ ਪੋਕਲੇਨ ਮਸ਼ੀਨ ਬਰਾਮਦ ਕਰਕੇ ਉਸਦੇ ਮਾਲਕ ਅਤੇ ਜ਼ਮੀਨ ਮਾਲਕ ਖ਼ਿਲਾਫ਼ ਮਿਨਰਲਜ਼ ਐਂਡ ਮਾਈਨਿੰਗ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐਸ.ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਮਾਈਨਿੰਗ ਇੰਸਪੈਕਟਰ ਸਮਾਣਾ ਹੁਸਨਪ੍ਰੀਤ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਵਿਭਾਗ ਨੂੰ ਪਿੰਡ ਗਾਜ਼ੀਪੁਰ ਵਿੱਚ ਕੀਤੀ ਜਾ ਰਹੀ ਨਾਜਾਇਜ਼ ਮਾਈਨਿੰਗ ਬਾਰੇ ਮਿਲੀ ਸੂਚਨਾ ਤੋਂ ਬਾਅਦ ਉਨ੍ਹਾਂ ਦੀ ਅਗਵਾਈ ਵਿੱਚ ਵਿਭਾਗ ਦੀ ਟੀਮ ਨੇ ਛਾਪੇਮਾਰੀ ਦੌਰਾਨ ਦੇਖਿਆ ਕਿ ਇੱਕ ਪੋਕਲੇਨ ਮਸ਼ੀਨ ਰਾਹੀਂ ਜ਼ਮੀਨ ਵਿੱਚ 7 ਫੁੱਟ ਡੂੰਘੀ ਨਾਜਾਇਜ਼ ਮਾਈਨਿੰਗ ਕੀਤੀ ਗਈ ਹੈ ਅਤੇ ਪੋਕਲੇਨ ਮਸ਼ੀਨ ਮੌਕੇ 'ਤੇ ਖੜ੍ਹੀ ਪਾਈ ਗਈ। ਅਨੁਸਾਰ ਪੁਲਿਸ ਨੇ ਮਸ਼ੀਨ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਜ਼ਮੀਨ ਮਾਲਕ ਅਤੇ ਮਸ਼ੀਨ ਮਾਲਕ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਆਪਣੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕਿਸਾਨਾਂ ਨੇ ਨਿਰਵਿਘਨ ਬਿਜਲੀ ਸਪਲਾਈ ਲਈ ਐਸ.ਡੀ.ਓ. ਪਾਵਰਕਾਮ ਨੂੰ ਮੰਗ ਪੱਤਰ ਦਿੱਤਾ

### ➢ਜੇ.ਈ. ਤੇ ਲਾਈਨਮੈਨ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟੀ ਪ੍ਰਗਟ ਕੀਤੀ

ਸ਼ੇਰਪੁਰ, 25 ਮਈ (ਬਲਜੀਤ ਸਿੰਘ ਟਿੱਬਾ) : ਪਿੰਡ ਟਿੱਬਾ ਦੇ ਕਿਸਾਨਾਂ ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਇਕਾਈ ਟਿੱਬਾ ਵੱਲੋਂ ਖੇਤਾਂ ਲਈ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਨੂੰ ਲੈ ਕੇ ਐਸਡੀਓ ਪਾਵਰਕੌਮ ਸ਼ੇਰਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ। ਕਿਸਾਨਾਂ ਨੇ ਆਪਣੇ ਖੇਤਰ ਵਿੱਚ ਆ ਰਹੀਆਂ ਬਿਜਲੀ ਸੰਬੰਧੀ ਸਮੱਸਿਆਵਾਂ ਬਾਰੇ ਵੀ ਵਿਭਾਗ ਨੂੰ ਜਾਣੂੰ ਕਰਵਾਇਆ। ਕਿਸਾਨ ਜਥੇਬੰਦੀਆਂ ਦੇ ਇਕਾਈ ਪ੍ਰਧਾਨ ਗੁਰਜੰਟ ਸਿੰਘ ਟਿੱਬਾ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਟਿਊਬਵੈੱਲਾਂ ਲਈ ਬਿਜਲੀ ਸਪਲਾਈ ਸਮੇਂ ਸਿਰ ਨਹੀਂ ਮਿਲ ਰਹੀ, ਜਿਸ ਕਾਰਨ ਝੋਨੇ ਦੀ ਪਨੀਰੀ ਅਤੇ ਹੋਰ ਖੇਤੀਬਾੜੀ ਦੇ ਕੰਮ ਪ੍ਰਭਾਵਿਤ ਹੋ ਰਹੇ ਹਨ ਅਤੇ ਵਾਰ-ਵਾਰ ਕੱਟ ਅਤੇ ਲੰਮੇ ਬਿਜਲੀ ਕੱਟਾਂ ਕਾਰਨ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮੋਹਤਵਰ ਕਿਸਾਨ ਜਸਵੀਰ ਸਿੰਘ ਜਾਵੰਧਾ, ਕਰਮਜੀਤ ਸਿੰਘ ਪੰਚ ਆਦਿ ਕਿਸਾਨਾਂ ਨੇ ਸਮੂਹਕ ਤੌਰ 'ਤੇ ਦੱਸਿਆ ਕਿ ਗੁਰਬਖਸ਼ਪੁਰ ਫੀਡਰ 'ਤੇ ਪਿਛਲੇ ਤਿੰਨ ਦਿਨ ਤੋਂ ਬਿਜਲੀ ਸਪਲਾਈ ਨਹੀਂ ਆ ਰਹੀ, ਜਿਸ ਕਰਕੇ ਕਿਸਾਨਾਂ ਦੀਆਂ ਮੱਕੀ ਅਤੇ ਝੋਨੇ ਦੀ ਪਨੀਰੀ ਨੂੰ ਪਾਣੀ ਲਾਉਣਾ ਮੁਸ਼ਕਿਲ ਹੋ ਰਿਹਾ ਹੈ, ਉਹਨਾਂ ਵਿਭਾਗ ਦੇ ਜੇ.ਈ ਅਤੇ ਲਾਈਨਮੈਨ ਸਬੰਧੀ ਆ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਉਕਤ ਅਧਿਕਾਰੀ ਸਾਡੇ ਵਾਰ ਵਾਰ ਫੋਨ ਕਰਨ ਦੇ ਬਾਵਜੂਦ ਵੀ ਫੋਨ ਨਹੀਂ ਚੁੱਕਦੇ ਜਿਸ ਕਰਕੇ ਮਜਬੂਰਨ ਅੱਜ ਸਾਨੂੰ ਇਕੱਠੇ ਹੋ ਕੇ ਐਸਡੀਓ ਪਾਵਰਕਾਮ ਸ਼ੇਰਪੁਰ ਦੇ ਦਫਤਰ ਆਉਣਾ ਪਿਆ। ਉਹਨਾਂ ਮੰਗ ਕੀਤੀ ਕਿ ਖੇਤੀ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਪਿੰਡਾਂ ਵਿੱਚ ਪੂਰੀ ਅਤੇ ਸੁਚੱਜੀ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਹਨਾਂ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਅਤੇ ਪਿੰਡ ਦੇ ਕਿਸਾਨ ਹਾਜ਼ਰ ਸਨ।

## ਸੇਵਾ ਕੇਂਦਰ ਮੁਲਾਜ਼ਮ ਕਲਮ ਛੋੜ ਹੜ੍ਹਤਾਲ ਕਰਨਗੇ

ਸਮਾਣਾ, 25 ਮਈ (ਵਿਜੇ ਕੁਮਾਰ) : ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਵੱਲੋਂ




ਆਪਣੀਆਂ ਮੰਗਾਂ ਨੂੰ ਲੈ ਕੇ ਇੱਕ ਮੰਗ ਪੱਤਰ ਰਾਹੀਂ ਐਸ.ਡੀ.ਐਮ. ਪੰਜਾਬ ਸਰਕਾਰ ਨੂੰ ਭੇਜਿਆ ਗਿਆ। ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਸਕੱਤਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਠੇਕੇ 'ਤੇ ਆਊਟਸੋਰਸਿੰਗ ਕੰਪਨੀਆਂ ਰਾਹੀ ਕੰਮ ਕਰਦੇ ਕਾਮਿਆਂ ਨੂੰ ਰੈਗੂਲਰ ਕਰਨ ਅਤੇ ਉਹਨਾਂ ਨੂੰ ਪੰਜਾਬ ਸਰਕਾਰ ਅਧੀਨ ਚੋਣਾਂ ਸਮੇਂ ਵਾਅਦਾ ਕੀਤਾ ਸੀ, ਪਰ ਸਾਢੇ ਚਾਰ ਸਾਲ ਬੀਤ ਜਾਣ ਅਤੇ ਕਈ ਮੀਟਿੰਗਾਂ ਕਰਨ ਉਪਰੰਤ ਉਨ੍ਹਾਂ ਦੀਆਂ ਮੰਗਾਂ ਨੂੰ ਹਾਲੇ ਤੱਕ ਬੂਰ ਨਹੀਂ ਪਿਆ, ਤੇ ਉਹ ਨਿਗੁਣੀਆਂ ਤਨਖਾਹਾਂ 'ਤੇ ਕੰਮ ਕਰਨ ਲਈ ਮਜਬੂਰ ਹਨ। ਉਹਨਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹਨਾਂ ਦੀਆਂ ਮੰਗਾਂ ਸਰਕਾਰ ਵਿਚਾਰ ਅਧੀਨ ਨਹੀਂ ਲਿਆਂਦੀ ਤਾਂ ਉਹ ਅਣਮਿਥੇ ਸਮੇਂ ਲਈ ਕਲਮ ਛੱਡੋ ਹੜਤਾਲ ਸ਼ੁਰੂ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਜਗਦੀਪ ਸਿੰਘ, ਹਰਦੀਪ ਸਿੰਘ, ਮਨਪ੍ਰੀਤ ਸਿੰਘ, ਸੁਖਦੇਵ ਸਿੰਘ, ਰਮਨਦੀਪ ਸਿੰਘ ਆਦਿ ਮੌਜੂਦ ਸਨ।

## 12 ਬੋਤਲਾਂ ਸ਼ਰਾਬ ਸਮੇਤ ਵਿਅਕਤੀ ਕਾਬੂ

ਸਮਾਣਾ, 25 ਮਈ (ਵਿਜੇ ਕੁਮਾਰ) : ਸ਼ਰਾਬ ਵੇਚਣ ਲਈ ਸੜਕ 'ਤੇ ਖੜ੍ਹੇ ਇੱਕ ਵਿਅਕਤੀ ਨੂੰ ਸਿਟੀ ਪੁਲਿਸ ਨੇ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 12 ਬੋਤਲਾਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਕਮਲ ਸਿੰਘ ਨਿਵਾਸੀ ਪਿੰਡ ਕਾਹਨਗੜ੍ਹ ਭੂਤਨਾ ਵਜੋਂ ਹੋਈ ਹੈ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੈੱਡ ਕਾਂਸਟੇਬਲ ਧਰਮਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਸਰਾਪੱਤੀ ਚੌਕ ਸਮਾਣਾ ਵਿਖੇ ਮੌਜੂਦ ਸਨ। ਉਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਸ਼ਰਾਬ ਵੇਚਣ ਲਈ ਕਾਹਨਗੜ੍ਹ ਰੋਡ 'ਤੇ ਖੜ੍ਹਾ ਹੈ। ਪੁਲਿਸ ਪਾਰਟੀ ਵੱਲੋਂ ਛਾਪੇਮਾਰੀ ਦੌਰਾਨ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 12 ਬੋਤਲਾਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਪੁਲਿਸ ਨੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮਾਤਾ ਗੁਜਰੀ ਸਕੂਲ ਦੇ ਵਿਦਿਆਰਥੀਆਂ ਨੇ ਤਾਈਕਵਾਂਡੋ ਚੈਂਪੀਅਨਸ਼ਿਪ 'ਚ ਮਾਰੀਆਂ ਮੱਲਾਂ



ਦੇਵੀਗੜ੍ਹ , 25 ਮਈ (ਗੁਰਜੀਤ ਸਿੰਘ ਢੋਟ) : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਗੁਥਮੜਾ ਦੇ ਵਿਦਿਆਰਥੀਆਂ ਨੇ 24 ਮਈ 2026 ਨੂੰ ਮਲੇਨੀਅਮ ਸਕੂਲ, ਪਟਿਆਲਾ ਵਿਖੇ ਆਯੋਜਿਤ ਅੱਠਵੀਂ ਪੰਜਾਬ ਤਾਈਕਵਾਂਡੋ ਕੱਪ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਕੋਚ ਹਰਦੀਪ ਕੁਮਾਰ ਦੀ ਅਗਵਾਈ ਹੇਠ ਸਕੂਲ ਦੀ ਟੀਮ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਲਗਭਗ 20 ਤੋਂ 22 ਸਕੂਲਾਂ ਅਤੇ ਅਕੈਡਮੀਆਂ ਦੇ ਕਰੀਬ 550 ਖਿਡਾਰੀਆਂ ਨੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਦੌਰਾਨ ਮਾਤਾ ਗੁਜਰੀ ਸਕੂਲ ਦੇ ਖਿਡਾਰੀਆਂ ਨੇ 4 ਸੋਨ ਤਗਮੇ, 7 ਚਾਂਦੀ ਦੇ ਤਗਮੇ ਅਤੇ 11 ਕਾਂਸੀ ਦੇ ਤਗਮੇ ਜਿੱਤ ਕੇ ਸ਼ਾਨਦਾਰ ਪ੍ਰਾਪਤੀ ਦਰਜ ਕੀਤੀ। ਇਸ ਮੌਕੇ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਪੂਨਮ ਧੀਮਾਨ ਅਤੇ ਅਕਾਦਮਿਕ ਡਾਇਰੈਕਟਰ ਸ਼੍ਰੀਮਤੀ ਤੇਜਿੰਦਰ ਕੌਰ ਵਾਲੀਆ ਨੇ ਜੇਤੂ ਵਿਦਿਆਰਥੀਆਂ ਅਤੇ ਕੋਚ ਹਰਦੀਪ ਕੁਮਾਰ ਨੂੰ ਵਧਾਈ ਦਿੱਤੀ।

## ਹੀਟ ਵੇਵ ਕਾਰਨ ਸੇਵਾ ਕੇਂਦਰਾਂ ਦੇ ਸਮੇਂ 'ਚ ਕੀਤੀ ਤਬਦੀਲੀ

ਮਲੇਰਕੋਟਲਾ, 25 ਮਈ (ਚ.ਨ.ਸ.) : ਪੰਜਾਬ ਸਰਕਾਰ ਅਤੇ ਪੰਜਾਬ ਸਟੇਟ ਈ-ਗਵਰਨੈਂਸ ਸੋਸਾਇਟੀ ਵੱਲੋਂ ਚੱਲ ਰਹੀਆਂ ਹੀਟ ਵੇਵ ਸਥਿਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਲੋਕਾਂ ਦੀ ਸਹੂਲਤ ਲਈ ਸੂਬੇ ਭਰ ਦੇ ਸੇਵਾ ਕੇਂਦਰਾਂ ਦੇ ਕੰਮਕਾਜ ਦੇ ਸਮੇਂ ਵਿੱਚ ਤਬਦੀਲੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਜ਼ਿਲ੍ਹਾ ਆਈ.ਟੀ. ਮੈਨੇਜਰ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਪਹਿਲਾਂ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਸੀ, ਜਿਸ ਨੂੰ ਹੁਣ ਬਦਲ ਕੇ ਸਵੇਰੇ 7:30 ਵਜੇ ਤੋਂ ਦੁਪਹਿਰ 3:30 ਵਜੇ ਤੱਕ ਕਰ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਨਵੇਂ ਸਮੇਂ 25 ਮਈ 2026 ਤੋਂ ਲਾਗੂ ਹੋਣਗੇ ਅਤੇ ਅਗਲੇ ਹੁਕਮਾਂ ਤੱਕ ਜਾਰੀ ਰਹਿਣਗੇ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰਾਂ ਨੂੰ ਹਦਾਇਤ ਕੀਤੀ ਕਿ ਨਵੇਂ ਸਮੇਂ ਦੀ ਜਾਣਕਾਰੀ ਲੋਕਾਂ ਤੱਕ ਡਿਸਪਲੇ ਬੋਰਡਾਂ ਅਤੇ ਹੋਰ ਸੰਚਾਰ ਮਾਧਿਅਮਾਂ ਰਾਹੀਂ ਪਹੁੰਚਾਈ ਜਾਵੇ ।

## ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਸਰਦਾਰ ਕਰਤਾਰ ਸਿੰਘ ਸਰਾਭਾ ਨੂੰ ਯਾਦ ਕੀਤਾ

ਪਟਿਆਲਾ, 25 ਮਈ (ਚ.ਨ.ਸ) : ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਵੇਰ ਦੀ ਸਭਾ ਵਿੱਚ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਯਾਦ ਕੀਤਾ ਗਿਆ। ਸਕੂਲ ਦੀ ਵਿਦਿਆਰਥਣ ਮਹਿਕ ਨੇ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਦੀ ਵਿਚਾਰਧਾਰਾ ਅਤੇ ਆਜ਼ਾਦੀ ਸੰਗਰਾਮ




ਵਿੱਚ ਉਨ੍ਹਾਂ ਦੇ ਯੋਗਦਾਨ 'ਤੇ ਚਾਨਣਾ ਪਾਇਆ। ਇਸ ਮੌਕੇ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਦੀ ਸਿੱਖਿਆਵਾਂ 'ਤੇ ਚੱਲਣ ਦਾ ਸੁਨੇਹਾ ਦਿੱਤਾ । ਇਸ ਮੌਕੇ ਸਕੂਲ ਇੰਚਾਰਜ ਸ੍ਰੀ ਸਤਵੀਰ ਸਿੰਘ ਗਿੱਲ ਜੀ ਵੱਲੋਂ ਵਿਦਿਆਰਥੀਆਂ ਨੂੰ ਸਮਾਂ ਮਿਲਣ 'ਤੇ ਸਰਦਾਰ ਕਰਤਾਰ ਸਿੰਘ ਸਰਾਭਾ ਦੇ ਪਿੰਡ ਲੁਧਿਆਣਾ ਜ਼ਿਲ੍ਹੇ ਵਿੱਚ ਜ਼ਰੂਰ ਜਾਣ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ।

## ਸਪੈਸ਼ਲ ਕੇਡਰ ਅਧਿਆਪਕ ਯੂਨੀਅਨ ਦੀ ਮੀਟਿੰਗ

### ➢ਬਦਲੀਆਂ ਲਈ ਪੋਰਟਲ ਨਾ ਖੋਲ੍ਹਣ ਕਰਕੇ ਅਧਿਆਪਕਾਂ 'ਚ ਰੋਸ



ਪਟਿਆਲਾ, 25 ਮਈ (ਚ.ਨ.ਸ) : ਸਪੈਸ਼ਲ ਕੇਡਰ ਅਧਿਆਪਕ ਯੂਨੀਅਨ ਨੇ ਸਰਕਾਰ ਦੇ ਕੀਤੇ ਵਾਅਦੇ ਨੂੰ ਲੈ ਕੇ ਰੈਗੂਲਰ ਦੀਆਂ ਸ਼ਰਤਾਂ ਲਾਗੂ ਨਾ ਕਰਨ ਕਰਕੇ ਸੂਬਾ ਆਗੂ ਹਰਪ੍ਰੀਤ ਕੌਰ ਜਲੰਧਰ ਦੀ ਅਗਵਾਈ ਵਿੱਚ ਬਨਾਸਰ ਬਾਗ ਸੰਗਰੂਰ ਵਿਖੇ ਇਕ ਅਹਿਮ ਮੀਟਿੰਗ ਕੀਤੀ ਗਈ ।ਮੀਟਿੰਗ ਦੌਰਾਨ ਅਧਿਆਪਕਾਂ ਦੀਆਂ ਬਦਲੀਆਂ ਲਈ ਪੋਰਟਲ ਨਾ ਖੋਲਣ ਕਰਕੇ ਵੀ ਸਪੈਸ਼ਲ ਅਧਿਆਪਕਾਂ ਵਿਚ ਰੋਸ ਪਾਇਆ ਗਿਆ।ਮੀਟਿੰਗ ਵਿਚ ਪਹੁੰਚੇ ਵੱਖ-ਵੱਖ ਜ਼ਿਲ੍ਹਿਆਂ ਦੇ ਆਗੂਆਂ ਨੇ ਮੀਟਿੰਗ ਕਰਨ ਤੋਂ ਬਾਅਦ ਮੌਕੇ 'ਤੇ ਹੀ ਸੰਗਰੂਰ ਵਿਖੇ ਰੈਲੀ ਕਰਨ ਦਾ ਅਹਿਮ ਫੈਸਲਾ ਕੀਤਾ। ਸੰਗਰੂਰ ਪੁਲਿਸ ਪ੍ਰਸ਼ਾਸਨ ਨੇ ਮੁੱਖ ਮੰਤਰੀ ਦੇ ਓ.ਐਸ.ਡੀ. ਨਾਲ ਤਾਲਮੇਲ ਕਰਕੇ ਕੀਤਾ ਗਿਆ ਅਤੇ ਭਰੋਸਾ ਦਿੱਤਾ ਗਿਆ ਕਿ ਮੁੱਖ ਮੰਤਰੀ ਨਾਲ ਕੁਝ ਦਿਨਾਂ ਵਿਚ ਮੀਟਿੰਗ ਤਹਿ ਕੀਤੀ ਜਾਵੇਗੀ । ਇਸ ਦੌਰਾਨ ਸਟੇਟ ਆਗੂ ਕਰਮਿੰਦਰ ਸਿੰਘ ਪਟਿਆਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ, ਜਿਸ ਵਿੱਚ ਓ.ਐਸ. ਡੀ. ਦਾ ਰਵੱਈਆ ਹਾਂ ਪੱਖੀ ਸੀ।ਮੁੱਖ ਮੰਤਰੀ ਦੇ ਓ.ਐਸ.ਡੀ. ਵੱਲੋਂ ਜਲਦੀ ਹੀ ਮੁੱਖ ਮੰਤਰੀ ਦੀ ਪੈਨਲ ਮੀਟਿੰਗ 'ਚ ਰਹਿੰਦੇ ਸਾਰੇ ਮਸਲੇ ਹਲ ਕਰਨ ਦਾ ਭਰੋਸਾ ਦਿੱਤਾ ਗਿਆ, ਪਰ ਸਰਕਾਰਾਂ ਦੇ ਲਾਰਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਕੱਤਰ ਹੋਏ ਸਮੂਹ ਜ਼ਿਲ੍ਹਾ ਆਗੂਆਂ ਅਤੇ ਹਰਪ੍ਰੀਤ ਕੌਰ ਵੱਲੋਂ 8 ਜੂਨ ਨੂੰ ਹੀ ਧੂਰੀ ਵਿਚ ਭਰਵੀ ਰੈਲੀ ਕਰਨ ਦਾ ਐਲਾਨ ਵੀ ਕੀਤਾ ਅਤੇ ਇਸ ਮੌਕੇ 'ਤੇ ਹਰਪ੍ਰੀਤ ਕੌਰ ਜਲੰਧਰ ਵਲੋਂ ਮਰਨ ਵਰਤ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ । ਇਸ ਦੌਰਾਨ ਹਰ ਤਰ੍ਹਾਂ ਦੇ ਜਾਨੀ ਮਾਲੀ ਨੁਕਸਾਨ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

## ਸਨਾਤਨ ਸਮਾਜ ਵੈਲਫੇਅਰ ਫਰੰਟ ਪੰਜਾਬ ਵੱਲੋਂ ਸਮਾਜ ਸੇਵਾ ਤੇ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ




ਪਟਿਆਲਾ, 25 ਮਈ (ਚ.ਨ.ਸ) : ਸਨਾਤਨ ਸਮਾਜ ਵੈਲਫੇਅਰ ਫਰੰਟ ਪੰਜਾਬ ਵੱਲੋਂ ਸਾਬਕਾ ਚੇਅਰਮੈਨ ਬ੍ਰਾਹਮਣ ਭਲਾਈ ਬੋਰਡ ਪੰਜਾਬ ਅਤੇ ਸੂਬਾ ਪ੍ਰਧਾਨ ਸਨਾਤਨ ਸਮਾਜ ਵੈਲਫੇਅਰ ਫਰੰਟ ਪੰਜਾਬ ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਦੀ ਅਗਵਾਈ ਹੇਠ ਚਰਨ ਬਾਗ ਪਾਰਕ ਪਟਿਆਲਾ ਵਿਖੇ ਸਮਾਜ ਸੇਵਾ ਅਤੇ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਲੋੜਵੰਦ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਵੰਡਿਆ ਗਿਆ। ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਨੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਮਾਜ ਦੇ ਹਰ ਵਰਗ ਨੂੰ ਇਕੱਤਰ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ। ਯੂਥ ਵਿੰਗ ਪੰਜਾਬ ਦੇ ਪ੍ਰਧਾਨ ਪਿਊਸ਼ ਦਵੇਸਰ ਨੇ ਆਪਣੇ ਸੰਬੋਧਨ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਨਾਉਣ ਦੀ ਸਲਾਹ ਦਿੱਤੀ। ਸਨਾਤਨ ਸਮਾਜ ਦੇ ਕੈਸ਼ੀਅਰ ਸੁਨੀਲ ਮਹਿਤਾ ਸਮੇਤ ਕਈ ਸਮਾਜ ਸੇਵੀ ਤੇ ਮੈਂਬਰ ਮੌਜੂਦ ਰਹੇ। ਭੂਸ਼ਨ ਸ਼ਰਮਾ ਅਤੇ ਬਲਦੇਵ ਸਿੰਘ (ਚਰਨ ਬਾਗ) ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਜਨਤਾ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਨਵਲ ਗੌਤਮ ਲਹਿਲ ਅਤੇ ਧਰਮਪਾਲ ਰਾਏਪੁਰ ਮੰਡਲਾ ਨੇ ਕਿਹਾ ਕਿ ਨਸ਼ੇ ਦੀ ਸਮੱਸਿਆ ਸਿਰਫ ਕਾਨੂੰਨੀ ਵਿਵਸਥਾ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੀ ਜਾਗਰੂਕਤਾ ਅਤੇ ਭਾਈਵਾਲੀ ਦਾ ਵਿਸ਼ਾ ਹੈ। ਮੀਟਿੰਗ ਵਿੱਚ ਬਲਦੇਵ ਸਿੰਘ (ਚਰਨ ਬਾਗ), ਐਮ.ਐਸ.ਮਾਨ, ਬ੍ਰਿਜ ਭੂਸ਼ਨ ਅਤਰੀ, ਸੁਨੀਤਾ ਅੱਤਰੀ, ਸਤਪਾਲ ਗੋਇਲ (ਸੇਵਕ ਕਲੋਨੀ), ਮੁਨਾ ਤਫੱਜਲਪੁਰਾ, ਸਰੋਜ਼ ਸ਼ਰਮਾ ਚਮਾਰਹੇੜੀ, ਮਨਦੀਪ ਕੌਰ, ਲਕਸ਼, ਨਵਲ ਗੌਤਮ, ਅਮੇਤਸ਼ਵਰ ਸਿੰਘ, ਸੁਰਜੀਤ ਸਿੰਘ (ਲਹਿਲ), ਰਜਿੰਦਰ ਸਿੰਘ, ਅੰਜੂ ਸ਼ਰਮਾ ਬਾਰਨ, ਬੱਬਲੂ, ਐਸ.ਪੀ. ਚੌਹਾਨ, ਨਰਿੰਦਰ ਸ਼ਰਮਾ, ਦੇਵ ਪ੍ਰਿਆ ਮੁਖਰਜੀ ਰਾਣੀ, ਬਲਦੇਵ ਸਿੰਘ, ਭੂਸ਼ਨ ਸ਼ਰਮਾ, ਸਤਪਾਲ ਡੀ.ਐਲ.ਐਫ. ਕਲੋਨੀ, ਰਮੇਸ਼ ਬਾਰਨ, ਲਾਲਵਿੰਦਰ ਸਿੰਘ, ਧਰਮਪਾਲ ਰਾਏਪੁਰ ਮੰਡਲਾ, ਐਡ. ਅਸ਼ਵਨੀ ਸ਼ਰਮਾ, ਐਡ. ਨਵਦੀਪ ਸ਼ਰਮਾ, ਐਡ. ਸੌਰਵ ਆਦਿ ਹਾਜ਼ਰ ਸਨ।

## 14ਵੀਂ ਜ਼ਿਲ੍ਹਾ ਪੱਧਰੀ ਵੂਸ਼ੂ ਚੈਂਪੀਅਨਸ਼ਿਪ ਦੌਰਾਨ ਖਿਡਾਰੀਆਂ ਵੱਲੋਂ ਐਨ.ਆਈ.ਐਸ. ਵਿਖੇ ਸ਼ਾਨਦਾਰ ਪ੍ਰਦਰਸ਼ਨ



ਪਟਿਆਲਾ, 25 ਮਈ (ਚ.ਨ.ਸ) : ਐਨ.ਐਸ.ਐਨ.ਆਈ.ਐਸ. ਵਿਖੇ ਵੂਸ਼ੂ ਐਸੋਸੀਏਸ਼ਨ ਪਟਿਆਲਾ ਵੱਲੋਂ ਪ੍ਰਧਾਨ ਸੁਰਿੰਦਰ ਸਿੰਘ ਟਿਵਾਣਾ ਅਤੇ ਜਨਰਲ ਸਕੱਤਰ ਵਿਸ਼ਾਲ ਕੁਮਾਰ ਦੀ ਅਗਵਾਈ ਵਿੱਚ 14ਵੀਂ ਜ਼ਿਲ੍ਹਾ ਪੱਧਰੀ ਲੜਕੇ-ਲੜਕੀਆਂ ਵੂਸ਼ੂ ਚੈਂਪੀਅਨਸ਼ਿਪ 2026 ਦਾ ਆਯੋਜਨ ਕੀਤਾ ਗਿਆ, ਜਿਸ ਮੌਕੇ ਐਨ.ਆਈ.ਐਸ. ਦੇ ਡਿਪਟੀ ਡਾਇਰੈਕਟਰ ਡਾ.ਰਾਜਬੀਰ ਸਿੰਘ ਗਿੱਲ, ਸੈਕਸ਼ਨ ਅਫਸਰ ਸਤੀਸ਼ ਕੁਮਾਰ ਜ਼ਿਲ੍ਹਾ ਖੇਡ ਅਫਸਰ ਨਵਜੋਤ ਸਿੰਘ ਧਾਰੀਵਾਲ, ਡਾ. ਗੌਰਵ ਆਲੋਵਾਲੀਆ, ਚੀਫ ਕੋਚ ਸਦਾਨੰਦ, ਕੋਚ ਪੰਛੀ ਬਾਮਤੇ ਅਤੇ ਸੀਨੀਅਰ ਕਾਂਗਰਸ ਨੇਤਾ ਮਨਸਿਮਰਤ ਸਿੰਘ ਵੱਲੋਂ ਸ਼ਮੂਲੀਅਤ ਕਰਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਖੇਡ ਪ੍ਰਦਰਸ਼ਨ ਦੌਰਾਨ ਗੋਲਡ ਮੈਡਲ ਜਿੱਤਣ ਵਾਲੇ ਪ੍ਰਿਆਂਸ਼ ਸੁਖੀਜਾ, ਨਮਨ, ਗੁਣਵ ਸਹੋਤਾ, ਅਮਿਤੋਜ਼, ਯਸ਼ਪ੍ਰੀਤ, ਮਹਾਂਦੇਵ ਪਾਂਡੇ, ਹਰਜੀਤ, ਹਰਪ੍ਰੀਤ, ਸ਼ਿਵਮ, ਸ਼ੇਰ ਬਹਾਦਰ, ਅਭਿਸ਼ੇਕ, ਅਭਿਜੀਤ, ਪ੍ਰਿਅੰਕਾ, ਦਿਪਾਲੀ, ਜ਼ਸਵੀਰ ਕੌਰ, ਆਕ੍ਰਤੀ, ਹੈਜਲ, ਰਹਿਮਤ ਕੌਰ, ਰਿਆਨਾ, ਪ੍ਰਾਂਚੀ, ਸੁਜਾਤਾ, ਹਰਸਿਮਰਤ ਕੌਰ, ਵਿਵਾਨ, ਜੈ ਦੀਪ, ਰਿਆਂਸ, ਗੁਰੂ ਨਿਵਾਜ, ਜਸਕੀਰਤ, ਹਰਜੋਸ਼, ਚੰਦੇਸ਼ਵਰ, ਜਗਪ੍ਰਤਾਪ, ਸ਼ੁਭਮ, ਅੰਸ਼ਵੀਰ, ਦਲਜੀਤ, ਹਰਸ਼ਿਤ ਬਹਾਦੁਰ, ਮਹੇਸ਼, ਵਿਰਾਜ, ਸਿਮੋਨ, ਯੁਵਰਾਜ ਰਾਜੋਜਿਆ, ਗੌਰਵ ਸੇਠੀ, ਹਰਕਿਸ਼ਨ, ਵਿਲੀਅਤ, ਫਤਿਹਵੀਰ, ਆਯੁਸ਼, ਆਕਾਸ਼ ਬਹਾਦੁਰ, ਅਰਜੁਨ ਬਹਾਦੁਰ, ਮਨਦੀਪ ਬਹਾਦੁਰ, ਪ੍ਰਿਥਵੀ, ਹਰੀਸ਼, ਹਰਸ਼, ਕਰਣ, ਜੈਸਮੀਨ ਕੌਰ, ਵਾਨੀਆ, ਅਵਲਨੂਰ ਕੌਰ, ਜਸਕੀਰਤ ਕੌਰ, ਸ਼ੁਭਦੀਪ ਕੌਰ, ਅਤੇ ਸਿਵਲਰ ਮੈਡਲ ਜਿੱਤਣ ਵਾਲੇ ਖਿਡਾਰੀਆਂ ਵਿੱਚ ਵਿਸ਼ਆਂਸ਼, ਸਮਰਵੀਰ, ਭਵਨੀਤ ਕੌਰ, ਕਾਵਯਾ, ਰਿਆਸੀ, ਮਨਵੀਰ, ਗਿਰੀਸ਼, ਸ਼ਿਵਾਯ, ਪ੍ਰਭਨੂਰ, ਦਿਲਜੋਤ ਸਿੰਘ, ਜਗਬੀਰ, ਏਕਮਜੋਤ, ਸੁਖਮਨ ਸਿੰਘ, ਹਰਫਤਿਹ ਸਿੰਘ, ਭਵਯਮ ਸ਼ਰਮਾ, ਗੁਰਏਕਮ, ਕਰਣਬੀਰ ਸਿੰਘ, ਗੁਰਨੂਰ ਸਿੰਘ, ਬ੍ਰਾਊਜ਼ ਮੈਡਲ ਜਿੱਤਣ ਵਾਲੇ ਖਿਡਾਰੀਆਂ ਵਿੱਚ ਦਕਸ਼ਪ੍ਰੀਤ, ਮੰਨਤ, ਹਰਲੀਨ ਕੌਰ, ਯਸ਼ਰਾਜ ਸਿੰਘ, ਕਸ਼ਟਨ, ਨਾਕੇਸ਼, ਜੈ ਰਾਜ, ਸਹਿਜ, ਸਮੀਰ ਰਾਵਤ, ਅੰਸ਼ਵੀਰ, ਗੁਰਸ਼ਾਂਤ, ਅਦਿਤਯ ਰਾਘਵ, ਮਹਿਕਪ੍ਰੀਤ ਕੌਰ, ਗੁਰਸ਼ਰਨ ਕੌਰ ਦੇ ਨਾਮ ਸ਼ਾਮਲ ਸਨ।

## ਡਾ. ਬੀ.ਐਸ. ਸੰਧੂ ਸਕੂਲ ਦੇ ਬੱਚਿਆਂ ਨੇ ਗਰਮੀ ਦੌਰਾਨ ਮਾਣਿਆ ਪੂਲ ਪਾਰਟੀ ਦਾ ਆਨੰਦ

ਦੇਵੀਗੜ੍ਹ, 25 ਮਈ (ਗੁਰਜੀਤ ਸਿੰਘ ਢੋਟ) : ਘੜਾਮ ਰੋਡ ਸਥਿਤ ਡਾ. ਬੀ.ਐਸ. ਸੰਧੂ ਮੈਮੋਰੀਅਲ ਪਬਲਿਕ ਸਕੂਲ ਦੇ ਕੈਂਪਸ ਵਿੱਚ ਅੱਜ ਪ੍ਰੀ-ਨਰਸਰੀ ਅਤੇ ਨਰਸਰੀ ਜਮਾਤਾਂ ਦੇ ਛੋਟੇ ਬੱਚਿਆਂ ਲਈ ਇੱਕ ਸ਼ਾਨਦਾਰ 'ਪੂਲ ਪਾਰਟੀ' ਦਾ ਆਯੋਜਨ ਕੀਤਾ ਗਿਆ। ਗਰਮੀ ਦੇ ਮੌਸਮ ਵਿੱਚ ਬੱਚਿਆਂ ਨੂੰ ਤਰੋ-ਤਾਜ਼ਾ ਕਰਨ ਅਤੇ ਉਨ੍ਹਾਂ ਦੇ ਮਨੋਰੰਜਨ ਲਈ ਸਕੂਲ ਵੱਲੋਂ ਇਹ ਖ਼ਾਸ ਉਪਰਾਲਾ ਕੀਤਾ ਗਿਆ। ਰੰਗ-ਬਿਰੰਗੇ ਪਹਿਰਾਵੇ ਪਹਿਨ ਕੇ ਆਏ ਨੰਨ੍ਹੇ-ਮੁੰਨੇ ਬੱਚਿਆਂ ਨੇ ਪਾਣੀ ਵਿੱਚ ਵੱਖ-ਵੱਖ ਖੇਡਾਂ ਖੇਡੀਆਂ ਅਤੇ ਸੰਗੀਤ ਦੀਆਂ ਧੁਨਾਂ 'ਤੇ ਖੂਬ ਡਾਂਸ ਕੀਤਾ। ਬੱਚਿਆਂ ਲਈ ਖ਼ਾਸ ਤੌਰ 'ਤੇ ਤਿਆਰ ਕੀਤੇ ਗਏ ਪੂਲ ਨੂੰ ਸੁੰਦਰ ਗੁਬਾਰਿਆਂ ਅਤੇ ਖਿਡੌਣਿਆਂ ਨਾਲ ਸਜਾਇਆ ਗਿਆ ਸੀ। ਸਕੂਲ ਦੇ ਚੇਅਰਮੈਨ ਸ੍ਰ. ਹਰਦੀਪ ਸਿੰਘ ਸੰਧੂ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਮੈਨੇਜਿੰਗ ਡਾਇਰੈਕਟਰ ਰਾਜਿੰਦਰ ਕੌਰ ਸੰਧੂ ਨੇ ਕਿਹਾ ਕਿ ਖੇਡ-




ਖੇਡ ਵਿੱਚ ਬੱਚਿਆਂ ਨੂੰ ਨਵੀਆਂ ਚੀਜ਼ਾਂ ਸਿੱਖਣ ਦਾ ਮੌਕਾ ਮਿਲਦਾ ਹੈ ਅਤੇ ਸਕੂਲ ਦਾ ਮਾਹੌਲ ਉਨ੍ਹਾਂ ਲਈ ਵਧੇਰੇ ਖੁਸ਼ਗਵਾਰ ਬਣਦਾ ਹੈ। ਸਕੂਲ ਦੇ ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਗਰਮੀ ਦੇ ਇਸ ਮੌਸਮ ਵਿੱਚ ਬੱਚਿਆਂ ਦੀ ਸੁਰੱਖਿਆ ਅਤੇ ਸਹੂਲਤ ਦਾ ਪੂਰਾ ਧਿਆਨ ਰੱਖਦੇ ਹੋਏ ਇਸ ਪਾਰਟੀ ਦਾ ਪ੍ਰਬੰਧ ਕੀਤਾ ਗਿਆ ਸੀ।

## ਮਾਤਾ ਜੋਗਿੰਦਰ ਕੌਰ ਦੇ ਦੇਹਾਂਤ 'ਤੇ ਸੁਖਬੀਰ ਸਿੰਘ ਬਾਦਲ ਨੇ ਨਕਈ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ



ਸਮਾਣਾ, 25 ਮਈ (ਜਵੰਦਾ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਮਾਣਾ ਦੇ ਟਕਸਾਲੀ ਅਕਾਲੀ ਆਗੂ ਪ੍ਰਿਤਪਾਲ ਸਿੰਘ ਨਕਈ ਅਤੇ ਹਰਪਾਲ ਸਿੰਘ ਨਕਈ ਦੀ ਸਤਿਕਾਰਯੋਗ ਮਾਤਾ ਅਤੇ ਅਜੇਪਾਲ ਸਿੰਘ ਯੂ.ਐਸ.ਏ. ਦੇ ਦਾਦੀ ਸਰਦਾਰਨੀ ਜੋਗਿੰਦਰ ਕੌਰ (94) ਪਤਨੀ ਸਵਰਗਵਾਸੀ ਤਰਲੋਕ ਸਿੰਘ ਦੇ ਦੇਹਾਂਤ 'ਤੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਰਦਾਰਨੀ ਜੋਗਿੰਦਰ ਕੌਰ ਇਕ ਧਾਰਮਿਕ ਅਤੇ ਸੇਵਾਭਾਵਨਾ ਵਾਲੇ ਸੁਭਾਅ ਦੀ ਮਾਲਕ ਸਨ, ਜਿਨ੍ਹਾਂ ਨੇ ਆਪਣੇ ਪਰਿਵਾਰ ਨੂੰ ਉੱਚੀਆਂ ਕਦਰਾਂ-ਕੀਮਤਾਂ ਨਾਲ ਜੋੜ ਕੇ ਰੱਖਿਆ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਿਵਾਰ ਅਤੇ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖ਼ਸ਼ਣ। ਇਸ ਦੌਰਾਨ ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਸ. ਜਗਮੀਤ ਸਿੰਘ ਹਰਿਆਊ ਸਮੇਤ ਹੋਰ ਅਕਾਲੀ ਆਗੂ ਅਤੇ ਵਰਕਰ ਵੀ ਹਾਜ਼ਰ ਰਹੇ।

## ਨਗਰ ਕੌਂਸਲ ਮਲੇਰਕੋਟਲਾ, ਅਹਿਮਦਗੜ੍ਹ ਅਤੇ ਨਗਰ ਪੰਚਾਇਤ ਅਮਰਗੜ੍ਹ ਚੋਣਾਂ ਲਈ ਵੋਟਾਂ ਅੱਜ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿਆਰੀਆਂ ਮੁਕੰਮਲ

### ➢141 ਪੋਲਿੰਗ ਬੂਥਾਂ ਲਈ ਪੋਲਿੰਗ ਪਾਰਟੀਆਂ ਚੋਣ ਸਮੱਗਰੀ ਸਮੇਤ ਰਵਾਨਾ

ਮਲੇਰਕੋਟਲਾ, 25 ਮਈ (ਬਲਜੀਤ ਸਿੰਘ ਟਿੱਬਾ) : ਨਗਰ ਕੌਂਸਲ ਮਾਲੇਰਕੋਟਲਾ, ਅਹਿਮਦਗੜ੍ਹ ਅਤੇ ਨਗਰ ਪੰਚਾਇਤ ਅਮਰਗੜ੍ਹ ਦੀਆਂ ਚੋਣਾਂ ਲਈ ਵੋਟਾਂ 26 ਮਈ 2026 ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਪੈਣਗੀਆਂ। ਚੋਣ ਪ੍ਰਕਿਰਿਆ ਨੂੰ ਨਿਰਪੱਖ, ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਸੰਪੰਨ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੀਆਂ ਲੋੜੀਂਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜ਼ਿਲ੍ਹੇ ਦੇ 61 ਵਾਰਡਾਂ ਲਈ ਸਥਾਪਿਤ 141 ਪੋਲਿੰਗ ਬੂਥਾਂ 'ਤੇ ਵੋਟਿੰਗ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਅੰਜ਼ਾਮ ਦੇਣ ਲਈ ਰਿਟਰਨਿੰਗ ਅਫਸਰ-ਕਮ-ਐਸ.ਡੀ.ਐਮ ਮਾਲੇਰਕੋਟਲਾ ਕਨੂ ਗਰਗ, ਰਿਟਰਨਿੰਗ ਅਫਸਰ-ਕਮ-ਐਸ.ਡੀ.ਐਮ ਅਮਰਗੜ੍ਹ ਹਰੰਬਸ ਸਿੰਘ, ਰਿਟਰਨਿੰਗ ਅਫਸਰ-ਕਮ-ਕਾਰਜਕਾਰੀ ਇੰਜੀਨੀਅਰ ਪੰਜਾਬ ਸਟੇਟ ਟਿਊਵੈਲ ਕਾਰਪੋਰੇਸ਼ਨ ਇੰਜ. ਹਰਮਿੰਦਰ ਸਿੰਘ ਦੀ ਦੇਖ-ਰੇਖ 'ਚ



ਪੋਲਿੰਗ ਪਾਰਟੀਆਂ ਨੂੰ ਚੋਣ ਸਮੱਗਰੀ ਸਮੇਤ ਰਵਾਨਾ ਕਰ ਦਿੱਤਾ ਗਿਆ ਹੈ, ਜੋ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ 'ਤੇ ਪੁੱਜ ਚੁੱਕੀਆਂ ਹਨ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਿਰਾਜ ਐਸ. ਤਿੜਕੇ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਲੋਕਤੰਤਰ ਦੇ ਇਸ ਮਹੱਤਵਪੂਰਨ ਤਿਉਹਾਰ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਬਿਨਾਂ ਕਿਸੇ ਡਰ, ਭੈਅ ਜਾਂ ਲਾਲਚ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਲੋਕ ਪ੍ਰਸ਼ਾਸਨ ਦਾ ਸਹਿਯੋਗ ਕਰਨ। ਉਨ੍ਹਾਂ ਚੋਣ ਅਮਲੇ ਨੂੰ ਹਦਾਇਤ ਕੀਤੀ ਕਿ ਡਿਊਟੀ ਨੂੰ ਪੂਰੀ ਨਿਰਪੱਖਤਾ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਇਆ ਜਾਵੇ। ਉਨ੍ਹਾਂ ਕਿਹਾ ਕਿ ਚੋਣ ਡਿਊਟੀ ਦੌਰਾਨ ਕਿਸੇ ਵੀ ਕਿਸਮ ਦੀ ਲਾਪਰਵਾਹੀ ਜਾਂ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਦੋਸ਼ੀ ਅਧਿਕਾਰੀਆਂ ਜਾਂ ਕਰਮਚਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਰ ਆਪਣੀ ਪਛਾਣ ਲਈ ਐਪਿਕ ਵੋਟਰ ਆਈ.ਡੀ. ਕਾਰਡ ਤੋਂ ਇਲਾਵਾ ਚੋਣ ਕਮਿਸ਼ਨ ਵੱਲੋਂ ਮਨਜ਼ੂਰਸ਼ੁਦਾ ਹੋਰ ਦਸਤਾਵੇਜ਼ ਅਤੇ ਹੋਰ ਪ੍ਰਵਾਨਿਤ ਪਛਾਣ ਪੱਤਰਾਂ ਰਾਹੀਂ ਵੀ ਵੋਟ ਪਾ ਸਕਦੇ ਹਨ। ਇਸ ਮੌਕੇ ਐਸ.ਐਸ.ਪੀ. ਗੁਰਮੀਤ ਸਿੰਘ ਨੇ ਦੱਸਿਆ ਕਿ ਚੋਣਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪੁਲਿਸ ਵੱਲੋਂ ਪੁਖ਼ਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਲੋੜੀਂਦੀ ਪੁਲਿਸ ਫੋਰਸ ਦੀ ਤਾਇਨਾਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਅਤੇ ਅਤਿ ਸੰਵੇਦਨਸ਼ੀਲ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇਗੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ



ਡਾ. ਸਰਬ ਸਿੰਘ
ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ
ਅੱਜ ਦਾ ਪ੍ਰੋਗਰਾਮ
26-5-2026
ਦਿਨ-ਮੰਗਲਵਾਰ



ਭਾਈ ਤਖਤ ਸਿੰਘ ਜੀ
ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

ਗੁ: ਪ੍ਰੀਤ ਨਗਰ ਤ੍ਰਿਪੜੀ (ਸਥਾਨ : ਬੀ.ਐਨ. ਖਾਲਸਾ ਸਕੂਲ ਸਰਹਿੰਦ ਰੋਡ) ਪਟਿਆਲਾ।
ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।
ਸੰਪਰਕ ਕਰੋ : 98887-42047, 99157-70074

ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ



# ਪਟਿਆਲਾ-ਆਸ/ਪਾਸ



## ਅੱਜ 21 ਵਾਰਡਾਂ ਦੇ 46624 ਵੋਟਰ 108 ਉਮੀਦਵਾਰਾਂ ਦੀ ਕਿਸਮਤ ਬਕਸਿਆਂ 'ਚ ਬੰਦ ਕਰਨਗੇ

### ➢51 ਬੂਥਾਂ ਲਈ ਚੋਣ ਸਮੱਗਰੀ ਨਾਲ ਪੋਲਿੰਗ ਪਾਰਟੀਆਂ ਰਵਾਨਾ



ਸਮਾਣਾ, 25 ਮਈ (ਵਿਜੇ ਕੁਮਾਰ) : ਰਿਟਰਨਿੰਗ ਅਫਸਰ/ ਕਮ ਸਹਾਇਕ ਚੋਣ ਅਧਿਕਾਰੀ ਰਸ਼ਪਿੰਦਰ ਸਿੰਘ ਨੇ ਦੱਸਿਆ ਕਿ 26 ਮਈ ਨੂੰ ਨਗਰ ਕੌਂਸਲ ਦੇ 21 ਵਾਰਡਾਂ ਦੀਆਂ ਨਿਰਪੱਖ ਤੇ ਪਾਰਦਰਸ਼ੀ ਚੋਣਾ ਕਰਵਾਉਣ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ। ਕਿਸੇ ਵੀ ਅਣਸੁਖਾਵੀ ਘਟਨਾ ਨਾਲ ਨਜਿੱਠਣ ਲਈ ਪੂਰੇ ਸ਼ਹਿਰ ਨੂੰ ਅੱਠ ਸੈਕਟਰਾਂ ਵਿੱਚ ਵੰਡਿਆ ਗਿਆ ਹੈ। ਇਨਾਂ ਸੈਕਟਰਾਂ 'ਚ ਉੱਚ ਅਧਿਕਾਰੀਆਂ ਦੀ ਅਗਵਾਈ 'ਚ ਮੋਬਾਈਲ ਟੀਮਾਂ ਭਾਰੀ ਪੁਲਿਸ ਫੋਰਸ ਨਾਲ ਲਗਾਤਾਰ ਗਸ਼ਤ ਕਰਨਗੀਆਂ। ਕਿਸੇ ਵੀ ਗੈਰ ਸਮਾਜੀ ਅਨਸਰ ਨੂੰ ਚੋਣ ਪ੍ਰਕਿਰਿਆ ਵਿੱਚ ਵਿਘਨ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜੇਕਰ ਫਿਰ ਵੀ ਕੋਈ ਵਿਅਕਤੀ ਕਾਨੂੰਨ ਦੀ ਉਲੰਘਣਾ ਕਰਦਾ ਹੈ, ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਦੇ ਕੁੱਲ 46624 ਵੋਟਰਾਂ ਲਈ 21 ਸਟੇਸ਼ਨਾਂ 'ਤੇ ਕੁੱਲ 51 ਬੂਥ ਬਣਾਏ ਗਏ ਹਨ। ਇਹਨਾਂ ਸਾਰੇ ਬੂਥਾਂ ਦੇ ਬਾਹਰ ਅਤੇ ਅੰਦਰ ਸੀ.ਸੀ.ਟੀ.ਵੀ ਕੈਮਰਿਆਂ ਦੀ ਨਿਗਰਾਨੀ ਹੇਠ ਪੋਲਿੰਗ ਟੀਮਾਂ ਵੱਲੋਂ ਵੋਟਾਂ ਪੁਆਈਆਂ ਜਾਣਗੀਆਂ। ਉਹਨਾਂ ਅੱਗੇ ਦੱਸਿਆ ਕਿ ਉਕਤ 51 ਬੂਥਾਂ ਵਿੱਚੋਂ 15 ਬੂਥ 14, 15, 16, 17, 18, 19, 20, 21, 24, 25, 26, 27, 28, 29, 30 ਸੰਵੇਦਨਸ਼ੀਲ ਅਤੇ ਪੰਜ ਬੂਥ 11, 12, 13, 22, 23 ਅਤਿਸੰਵੇਦਨਸ਼ੀਲ ਐਲਾਨੇ ਗਏ ਹਨ। ਉਕਤ ਇਨਾਂ ਬੂਥਾਂ ਤੇ ਪੁਲਿਸ ਦੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਹਨਾਂ ਬੂਥਾਂ ਤੇ 51 ਪੋਲਿੰਗ ਪਾਰਟੀਆਂ ਨੂੰ ਬੈਲਟ ਪੇਪਰ, ਬੈਲਟ ਬਕਸਿਆਂ ਤੇ ਹੋਰ ਚੋਣ ਸਮਗਰੀ ਦੇ ਕੇ ਪੁਲਿਸ ਫੋਰਸ ਨਾਲ 21 ਪੋਲਿੰਗ ਸਟੇਸ਼ਨਾਂ ਲਈ ਰਵਾਨਾ ਕੀਤਾ ਗਿਆ ਹੈ। 46624 ਵੋਟਰਾ ਲਈ ਕੁੱਲ 108 ਉਮੀਦਵਾਰ ਚੋਣ ਮੈਦਾਨ ਵਿੱਚ ਹਨ, ਜਿਨ੍ਹਾਂ ਦੇ ਭਵਿੱਖ ਦਾ ਫੈਸਲਾ ਵੋਟਰ ਆਪਣੀਆਂ ਵੋਟਾਂ ਦਾ ਇਸਤੇਮਾਲ ਕਰਕੇ ਬੈਲਟ ਬਕਸਿਆਂ ਵਿੱਚ 26 ਮਈ ਨੂੰ ਬੰਦ ਕਰਨਗੇ।

## ਪੰਜਾਬੀ ਯੂਨੀਵਰਸਿਟੀ ਦੇ 24 ਖਿਡਾਰੀਆਂ ਨੂੰ ਪੰਜਾਬ ਸਰਕਾਰ ਨੇ ਵੱਕਾਰੀ 'ਮਹਾਰਾਜਾ ਰਣਜੀਤ ਸਿੰਘ ਖੇਡ ਐਵਾਰਡ' ਨਾਲ਼ ਸਨਮਾਨਿਆ

### ➢ਸ਼ੂਟਰ ਅਮਨਪ੍ਰੀਤ ਸਿੰਘ ਨੂੰ 1.54 ਕਰੋੜ ਅਤੇ ਤੀਰਅੰਦਾਜ਼ ਪਰਨੀਤ ਕੌਰ ਨੂੰ ਮਿਲੇ 19.5 ਲੱਖ ਰੁਪਏ
### ➢ਐਵਾਰਡ ਹਾਸਲ ਕਰਨ ਵਾਲੇ ਬਾਕੀ ਸਾਰੇ ਖਿਡਾਰੀਆਂ ਨੂੰ ਵੀ ਪੰਜ-ਪੰਜ ਲੱਖ ਦੀ ਰਾਸ਼ੀ ਹੋਈ ਪ੍ਰਾਪਤ

ਪਟਿਆਲਾ, 25 ਮਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ ਹੈ ਕਿ ਯੂਨੀਵਰਸਿਟੀ ਅਤੇ ਇਸ ਨਾਲ਼ ਸਬੰਧਤ ਕਾਲਜਾਂ ਦੇ ਵੱਖ-ਵੱਖ ਖੇਡਾਂ ਦੇ 24 ਹੋਣਹਾਰ ਖਿਡਾਰੀਆਂ ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਮਾਨ ਵੱਲੋਂ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਵੱਕਾਰੀ 'ਮਹਾਰਾਜਾ ਰਣਜੀਤ ਸਿੰਘ ਖੇਡ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਖਿਡਾਰੀਆਂ ਨੂੰ ਇਹ ਐਵਾਰਡ ਸਾਲ 2018 ਤੋਂ 2023 ਦੌਰਾਨ ਉਨ੍ਹਾਂ ਵੱਲੋਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਕੀਤੇ ਗਏ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਯੂਨੀਵਰਸਿਟੀ ਅਤੇ ਸੂਬੇ ਦਾ ਨਾਮ ਰੌਸ਼ਨ ਕਰਨ ਲਈ ਦਿੱਤੇ ਗਏ ਹਨ। ਯੂਨੀਵਰਸਿਟੀ ਤੋਂ ਖੇਡ ਨਿਰਦੇਸ਼ਕ ਡਾ. ਗੁਰਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਇਸ ਖੇਡ ਸਮਾਰੋਹ ਦੌਰਾਨ ਅੰਤਰ-ਰਾਸ਼ਟਰੀ ਪੱਧਰ ਦੇ ਸ਼ੂਟਿੰਗ ਖਿਡਾਰੀ ਅਮਨਪ੍ਰੀਤ ਸਿੰਘ ਨੂੰ 1.54 ਕਰੋੜ ਰੁਪਏ ਅਤੇ ਅੰਤਰ-ਰਾਸ਼ਟਰੀ ਤੀਰਅੰਦਾਜ਼ ਖਿਡਾਰਨ ਪਰਨੀਤ ਕੌਰ ਨੂੰ 19.5 ਲੱਖ ਰੁਪਏ ਦੀ ਨਕਦ ਰਾਸ਼ੀ ਦੇ ਚੈੱਕ ਦੇ ਕੇ ਵਿਸ਼ੇਸ਼




ਤੌਰ 'ਤੇ ਨਿਵਾਜਿਆ ਗਿਆ। ਉਨ੍ਹਾਂ ਦੱਸਿਆ ਕਿ ਐਵਾਰਡ ਹਾਸਲ ਕਰਨ ਵਾਲੇ ਬਾਕੀ ਸਾਰੇ ਖਿਡਾਰੀਆਂ ਨੂੰ ਵੀ ਪੰਜ ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ। ਐਵਾਰਡ ਪ੍ਰਾਪਤ ਕਰਨ ਵਾਲੇ ਹੋਰਨਾਂ ਪ੍ਰਮੁੱਖ ਖਿਡਾਰੀਆਂ ਵਿੱਚ ਸਾਈਕਲਿੰਗ ਖਿਡਾਰੀ ਹਰਸ਼ਵੀਰ ਸਿੰਘ ਸੇਖੋਂ, ਵਿਸ਼ਵਦੀਪ ਸਿੰਘ ਭੰਗੂ, ਰਾਜਬੀਰ ਸਿੰਘ ਮੁੰਡੀ ਅਤੇ ਨਮਨ ਕਪਿਲ ਸ਼ਾਮਲ ਹਨ। ਐਥਲੈਟਿਕਸ ਵਿੱਚ ਹਰਮਿਲਨ ਬੈਂਸ, ਜੂਡੋ ਵਿੱਚ ਹਰਸ਼ਪ੍ਰੀਤ ਸਿੰਘ ਅਤੇ ਹਰਸ਼ਦੀਪ ਸਿੰਘ ਬਰਾੜ ਨੂੰ ਸਨਮਾਨਿਤ ਕੀਤਾ ਗਿਆ। ਫੈਂਸਿੰਗ ਖਿਡਾਰਨ ਐਨਾ ਅਰੋੜਾ ਅਤੇ ਜਸਸੀਰਤ ਸਿੰਘ ਨੇ ਇਹ ਵੱਕਾਰੀ ਐਵਾਰਡ ਹਾਸਲ ਕੀਤਾ। ਤੀਰਅੰਦਾਜ਼ੀ ਦੇ ਖੇਤਰ ਵਿੱਚ ਸੰਗਮਪ੍ਰੀਤ ਸਿੰਘ ਤੇ ਪ੍ਰਭਜੋਤ ਕੌਰ, ਸੁਖਬੀਰ ਸਿੰਘ ਅਤੇ ਰਾਜ ਕੌਰ ਨੂੰ ਐਵਾਰਡ ਨਾਲ ਨਿਵਾਜਿਆ ਗਿਆ। ਕੁਸ਼ਤੀ ਵਿੱਚ ਸੰਦੀਪ ਸਿੰਘ ਅਤੇ ਰੂਬਲਜੀਤ ਸਿੰਘ ਤੋਂ ਇਲਾਵਾ ਵੇਟਲਿਫਟਿੰਗ ਵਿੱਚ ਹਰਜਿੰਦਰ ਕੌਰ ਅਤੇ ਕਬੱਡੀ ਵਿੱਚ ਗੁਰਲਾਲ ਸਿੰਘ ਘਨੌਰ ਨੂੰ ਸਨਮਾਨਿਤ ਕੀਤਾ ਗਿਆ। ਹੈਂਡਬਾਲ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਬਦਲੇ ਚਾਰ ਖਿਡਾਰੀਆਂ ਕਰਮਜੀਤ ਸਿੰਘ, ਮਨਦੀਪ ਕੌਰ, ਹਰਜਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਕੈਨੋਇੰਗ ਵਿੱਚ ਜਸਮੀਤ ਕੌਰ, ਕੈਯਾਕਿੰਗ ਵਿੱਚ ਅਵਤਾਰ ਸਿੰਘ ਅਤੇ ਰੋਇੰਗ ਵਿੱਚ ਜਸਪਾਲ ਸਿੰਘ ਨੂੰ ਇਸ ਵੱਕਾਰੀ ਰਾਜ ਪੱਧਰੀ ਪੁਰਸਕਾਰ ਨਾਲ ਨਿਵਾਜਿਆ ਗਿਆ। ਇਸ ਇਤਿਹਾਸਕ ਪ੍ਰਾਪਤੀ 'ਤੇ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਵੱਲੋਂ ਸਮੂਹ ਜੇਤੂ ਖਿਡਾਰੀਆਂ, ਉਨ੍ਹਾਂ ਦੇ ਕੋਚ ਸਾਹਿਬਾਨ ਅਤੇ ਸਬੰਧਤ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ ਹਾਰਦਿਕ ਵਧਾਈ ਦਿੱਤੀ ਗਈ।

## ਤੀਰਅੰਦਾਜ਼ੀ 'ਚ ਪ੍ਰਭਜੋਤ ਕੌਰ 'ਮਹਾਰਾਜਾ ਰਣਜੀਤ ਸਿੰਘ ਖੇਡ ਐਵਾਰਡ' ਤੇ 5 ਲੱਖ ਦੀ ਰਾਸ਼ੀ ਨਾਲ ਸਨਮਾਨਿਤ



ਪਟਿਆਲਾ, 25 ਮਈ (ਚ.ਨ.ਸ) : ਅਕਾਲ ਪੁਰਖ ਦੀ ਕ੍ਰਿਪਾ ਸਦਕਾ ਅਤੇ ਸ਼ਾਹ ਪਰਿਵਾਰ ਦੀ ਮਿਹਨਤ ਸਦਕਾ ਪ੍ਰਭਜੋਤ ਕੌਰ ਨੇ ਤੀਰਅੰਦਾਜ਼ੀ ਦੇ ਖੇਤਰ ਵਿੱਚ 2019 ਵਿਚ ਪ੍ਰਾਪਤ ਕੀਤੇ ਮੈਡਲ ਸਦਕਾ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਮਾਨ ਵੱਲੋਂ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਵੱਕਾਰੀ 'ਮਹਾਰਾਜਾ ਰਣਜੀਤ ਸਿੰਘ ਖੇਡ ਐਵਾਰਡ' ਅਤੇ 5 ਲੱਖ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

## ਸੁਰਜੀਤ ਸਿੰਘ ਰੱਖੜਾ ਵੱਲੋਂ 'ਆਪ' ਉਮੀਦਵਾਰਾਂ ਦੇ ਹੱਕ 'ਚ ਸਮਾਣਾ ਵਾਸੀਆਂ ਨੂੰ ਵੋਟ ਪਾਉਣ ਦੀ ਅਪੀਲ



ਸਮਾਣਾ, 25 ਮਈ (ਜਵੰਦਾ) : ਸਾਬਕਾ ਕੈਬਨਿਟ ਮੰਤਰੀ ਅਤੇ 'ਆਪ' ਆਗੂ ਸੁਰਜੀਤ ਸਿੰਘ ਰੱਖੜਾ ਨੇ ਅੱਜ 26 ਮਈ ਨੂੰ ਹੋਣ ਵਾਲੀਆਂ ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਸਮਾਣਾ ਵਾਸੀਆਂ ਨੂੰ 'ਆਪ' ਉਮੀਦਵਾਰਾਂ ਦੇ ਹੱਕ ਵਿੱਚ ਝਾੜੂ ਦੇ ਚੋਣ ਨਿਸ਼ਾਨ 'ਤੇ ਮੋਹਰ ਲਗਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਮਾਣਾ ਦੇ ਸਰਬਪੱਖੀ ਵਿਕਾਸ ਅਤੇ ਇਲਾਕੇ ਦੀ ਨੁਹਾਰ ਬਦਲਣ ਲਈ 'ਆਪ' ਉਮੀਦਵਾਰਾਂ ਨੂੰ ਜਿਤਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਸ. ਰੱਖੜਾ ਨੇ ਕਿਹਾ ਕਿ ਸਮਾਣਾ ਸਿਰਫ਼ ਉਨ੍ਹਾਂ ਦਾ ਸਿਆਸੀ ਹਲਕਾ ਨਹੀਂ, ਸਗੋਂ ਉਨ੍ਹਾਂ ਦਾ ਆਪਣਾ ਪਰਿਵਾਰ ਹੈ। ਸ. ਰੱਖੜਾ ਨੇ ਕਿਹਾ ਕਿ 2012 ਤੋਂ 2017 ਤੱਕ ਆਪਣੇ ਕੈਬਨਿਟ ਮੰਤਰੀ ਕਾਰਜਕਾਲ ਦੌਰਾਨ ਸਮਾਣਾ ਵਿੱਚ ਰਿਕਾਰਡ ਤੋੜ ਵਿਕਾਸ ਹੋਇਆ ਸੀ ਅਤੇ ਹੁਣ ਵੀ ਲੋਕਾਂ ਦੇ ਸਹਿਯੋਗ ਨਾਲ ਇਲਾਕੇ ਨੂੰ ਨਵੀਆਂ ਉੱਚਾਈਆਂ ਤੱਕ ਲਿਜਾਇਆ ਜਾਵੇਗਾ। ਸ. ਰੱਖੜਾ ਨੇ ਸਮਾਣਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ 'ਆਪ' ਉਮੀਦਵਾਰਾਂ ਨੂੰ ਵੋਟ ਦੇ ਕੇ ਸਮਾਣਾ ਦੇ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਨ ਲਈ ਆਪਣਾ ਕੀਮਤੀ ਸਹਿਯੋਗ ਦੇਣ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸਮਾਣਾ ਨੂੰ ਤਰੱਕੀ, ਆਧੁਨਿਕ ਸਹੂਲਤਾਂ ਅਤੇ ਨਵੀਂ ਪਛਾਣ ਵਾਲੇ ਸ਼ਹਿਰ ਵਜੋਂ ਸਥਾਪਿਤ ਕੀਤਾ ਜਾ ਸਕੇ।

## ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਪੰਜ ਸਾਈਕਲਿਸਟਾਂ ਦਾ ਸਨਮਾਨ



ਪਟਿਆਲਾ, 25 ਮਈ (ਚ.ਨ.ਸ) : ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਰਵਉੱਚ ਖੇਡ ਐਵਾਰਡ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਪੰਜਾਬ ਦੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਸਾਈਕਲਿੰਗ ਖੇਡ ਦੇ 5 ਖਿਡਾਰੀ ਨਮਨ ਕਪਲ, ਹਰਸ਼ਵੀਰ ਸਿੰਘ ਸੇਖੋਂ, ਰਾਜਬੀਰ ਸਿੰਘ, ਵਿਸ਼ਵਜੀਤ ਸਿੰਘ ਅਤੇ ਅਮਰਜੀਤ ਸਿੰਘ ਵੀ ਸ਼ਾਮਲ ਹਨ। ਇਹਨਾਂ ਖਿਡਾਰੀਆਂ ਨੂੰ ਐਵਾਰਡ ਮਿਲਣ ਤੋਂ ਬਾਅਦ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਪਟਿਆਲਾ ਸਥਿਤ ਮੁੱਖ ਦਫਤਰ ਵਿੱਚ ਪ੍ਰਧਾਨ ਸ. ਚਰਨਜੀਤ ਸਿੰਘ ਧਾਲੀਵਾਲ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਵੱਖ-ਵੱਖ ਅਹੁਦੇਦਾਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਸਭ ਤੋਂ ਪਹਿਲਾਂ ਪੰਜਾਬ ਦੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੰਦੇ ਹਨ, ਜਿਨ੍ਹਾਂ ਦੀਆਂ ਖੇਡ ਪ੍ਰਾਪਤੀਆਂ ਨੂੰ ਦੇਖਦਿਆਂ ਹੋਇਆ ਪੰਜਾਬ ਸਰਕਾਰ ਨੇ ਉਹਨਾਂ ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਸਾਈਕਲਿੰਗ ਖੇਡ ਵਿੱਚ ਜਿਨ੍ਹਾਂ 5 ਖਿਡਾਰੀਆਂ ਨੂੰ ਇਹ ਸਨਮਾਨ ਮਿਲਿਆ, ਉਹ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦਾ ਨਾਮ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕਰ ਰਹੇ ਹਨ। ਇਸ ਮੌਕੇ ਜਾਣਕਾਰੀ ਦਿੰਦਿਆਂ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਹਨਾਂ 5 ਸਾਈਕਲਿਸਟਾਂ ਨੇ ਏਸ਼ੀਆਈ ਖੇਡਾਂ, ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦੀ ਪ੍ਰਤੀਨਿਧਤਾ ਕੀਤੀ ਹੈ, ਇਸ ਤੋਂ ਇਲਾਵਾ ਇਹਨਾਂ ਸਾਈਕਲਿਸਟਾਂ ਨੇ ਏਸ਼ੀਅਨ ਚੈਂਪੀਅਨਸ਼ਿਪ ਅਤੇ ਏਸ਼ੀਆ ਕੱਪ ਵਿੱਚ ਅਨੇਕਾਂ ਤਗਮੇ ਭਾਰਤ ਅਤੇ ਪੰਜਾਬ ਲਈ ਜਿੱਤੇ ਹਨ। ਇਸ ਮੌਕੇ ਸੁਖਜਿੰਦਰ ਸਿੰਘ, ਬੀ.ਐਸ. ਸੂਦਨ, ਮਨੀਸ਼ ਸਾਹਨੀ, ਨੀਰਜ ਸਾਹਨੀ, ਰਜੇਸ਼ ਕੁਮਾਰ, ਅਤੇ ਵੱਡੀ ਗਿਣਤੀ ਖੇਡ ਪ੍ਰੇਮੀ ਹਾਜ਼ਰ ਸਨ।

## ਵੋਟਰ ਕਿਸੇ ਡਰ ਭੈਅ ਤੋਂ ਵੋਟ ਦੇ ਹੱਕ ਦਾ ਇਸਤੇਮਾਲ ਕਰਨ: ਵਰੁਣ ਸ਼ਰਮਾ



ਸਮਾਣਾ, 25 ਮਈ (ਵਿਜੇ ਕੁਮਾਰ) : ਅੱਜ ਹੋਣ ਵਾਲੀਆਂ ਨਗਰ ਕੌਂਸਲ ਚੋਣਾਂ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਪੁਲਿਸ ਵੱਲੋਂ ਸਹਿਰ ਅੰਦਰ ਐਸ. ਐਸ.ਪੀ ਵਰੁਣ ਸ਼ਰਮਾ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ, ਜੋ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਥਾਣਾ ਸਿਟੀ ਸਮਾਣਾ ਵਿਖੇ ਸੰਪੰਨ ਹੋਇਆ। ਇਸ ਮੌਕੇ ਐਸ.ਐਸ.ਪੀ ਵਰੁਣ ਸ਼ਰਮਾ ਨੇ ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਬਿਨਾਂ ਕਿਸੇ ਪੱਖਪਾਤ ਤੇ ਬਿਨਾਂ ਕਿਸੇ ਡਰ ਭੈਅ ਤੋਂ ਵੋਟਰਾਂ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਵੋਟਰ ਆਪਣੀ ਵੋਟ ਦੇ ਹੱਕ ਦਾ ਖੁੱਲ ਕੇ ਇਸਤੇਮਾਲ ਕਰਨ। ਉਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਗੈਰ ਸਮਾਜੀ ਅਫਸਰਾਂ ਨੂੰ ਨੱਥ ਪਾਉਣ ਲਈ ਮੁਕੰਮਲ ਪ੍ਰਬੰਧ ਕੀਤੇ ਹੋਏ ਹਨ। ਜਿਨ੍ਹਾਂ ਦੀ ਨਿਗਰਾਨੀ ਲਈ ਪੈਟਰੋਲਿੰਗ ਪਾਰਟੀਆਂ ਚੋਣ ਦੌਰਾਨ ਮੁਸਤੈਦ ਰਹਿਣਗੀਆਂ। ਸੰਵੇਦਨਸ਼ੀਲ ਬੂਥਾਂ ਤੇ ਪੁਲਿਸ ਫੋਰਸ ਦੇ ਨਾਲ ਗਜ਼ਟਿਡ ਅਫਸਰਾ ਦੀ ਵੀ ਤੈਨਾਤੀ ਕੀਤੀ ਗਈ ਹੈ। ਇਸ ਮੌਕੇ ਐਸ.ਪੀ ਹੈਡ ਕੁਆਰਟਰ ਵੈਭਵ ਚੌਧਰੀ, ਡੀ.ਐਸ.ਪੀ. ਸਮਾਣਾ ਫਤਿਹ ਸਿੰਘ ਬਰਾੜ, ਸੀ.ਆਈ. ਸਟਾਫ ਮੁੱਖੀ ਅੰਕੁਰਦੀਪ ਸਿੰਘ, ਸਿਟੀ ਥਾਣਾ ਮੁੱਖੀ ਬਲਜੀਤ ਸਿੰਘ, ਸਦਰ ਥਾਣਾ ਮੁੱਖੀ ਅਜੈ ਕੁਮਾਰ ਪਰੋਚਾ ਤੋਂ ਇਲਾਵਾ ਵੱਖ-ਵੱਖ ਥਾਣਿਆਂ ਤੇ ਪੁਲਿਸ ਚੌਕੀਆਂ ਦੇ ਸੈਂਕੜੇ ਪੁਲਿਸ ਮੁਲਾਜ਼ਮ ਹਾਜ਼ਰ ਸਨ।

## ਪਿੰਗਲਾ ਆਸ਼ਰਮ ਸਨੌਰ ਦੇ 44ਵੇਂ ਸਥਾਪਨਾ ਦਿਵਸ ਮੌਕੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ 31 ਨੂੰ: ਜਥੇ: ਕਰਤਾਰਪੁਰ



ਬਲਬੇੜ੍ਹਾ/ਡਕਾਲਾ, 25 ਮਈ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਆਲ ਇੰਡੀਆ ਪਿੰਗਲਾ ਆਸ਼ਰਮ ਸਨੌਰ ਦੇ 44ਵੇਂ ਸਥਾਪਨਾ ਦਿਵਸ ਮੌਕੇ ਲੋੜਵੰਦ ਪਰਿਵਾਰਾਂ ਦੀਆਂ 11 ਲੜਕੀਆਂ ਦੇ ਸਮੂਹਿਕ ਆਨੰਦ ਕਾਰਜ 31 ਮਈ ਦਿਨ ਐਤਵਾਰ ਨੂੰ ਪਿੰਗਲਾ ਆਸ਼ਰਮ ਸਨੌਰ ਵਿਖੇ ਸਬੰਧਤ ਧਰਮ ਦੀ ਮਰਿਆਦਾ ਦੇ ਅਨੁਸਾਰ ਕਰਵਾਏ ਜਾ ਰਹੇ ਹਨ, ਇਹ ਵਿਚਾਰ ਸਾਂਝੇ ਕਰਦਿਆਂ ਪੰਜਾਬ ਸਿੱਖ ਕੌਂਸਲ ਦੇ ਸੂਬਾ ਪ੍ਰਧਾਨ ਜਥੇਦਾਰ ਮੋਹਣ ਸਿੰਘ ਕਰਤਾਰਪੁਰ ਅਗਜੈਕਟਿਵ ਮੈਂਬਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਅਦਾਰਾ ਚੜ੍ਹਦੀਕਲਾ ਟਾਈਮ ਟੀ.ਵੀ. ਨਾਲ ਸਾਂਝੇ ਕਰਦੇ ਹੋਇਆਂ ਦੱਸਿਆ ਕਿ ਆਲ ਇੰਡੀਆ ਪਿੰਗਲਾ ਆਸ਼ਰਮ ਸਨੌਰ ਦੇ ਮੁੱਖ ਸੰਚਾਲਕ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜਾਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਜਥੇਦਾਰ ਮੋਹਨ ਸਿੰਘ ਕਰਤਾਰਪੁਰ ਨੇ ਦੱਸਿਆ ਕਿ ਸਮੂਹਿਕ ਆਨੰਦ ਕਾਰਜਾਂ ਮੌਕੇ ਵਿਆਹ ਵਾਲੇ ਜੋੜਿਆਂ ਨੂੰ ਅਸ਼ੀਰਵਾਦ ਦੇਣ ਲਈ ਪੰਥ ਦੇ ਪ੍ਰਸਿੱਧ ਇੰਟਰਨੈਸ਼ਨਲ ਕੀਰਤਨੀਏ ਭਾਈ ਜੋਗਿੰਦਰ ਸਿੰਘ ਰਿਆੜ ਅਤੇ ਸੰਤ ਬਾਬਾ ਮਨਮੋਹਨ ਸਿੰਘ ਬਾਰਨ (ਪਟਿਆਲਾ) ਵਾਲੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ, ਇਸ ਮੌਕੇ ਉਹਨਾਂ ਪ੍ਰੈਸ ਦੇ ਮਾਧਿਅਮ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਉਹ ਲਗਾਤਾਰ ਪਿਛਲੇ ਡੇਢ ਮਹੀਨੇ ਤੋਂ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਹੋਰਡਿੰਗ ਬੋਰਡ ਅਤੇ ਪੈਂਫਲਟ ਪਰਚੇ ਛਪਵਾ ਕੇ ਅਤੇ ਗੁਰੂ ਘਰਾਂ ਵਿੱਚੋਂ ਅਨਾਉਂਸਮੈਂਟਾਂ ਕਰਵਾ ਕੇ ਉਹਨਾਂ ਲੋਕਾਂ ਤੱਕ ਆਵਾਜ਼ ਪਹੁੰਚਾ ਰਹੇ ਹਨ, ਜਿਹੜੇ ਕਿਸੇ ਆਰਥਿਕ ਤੰਗੀ ਕਾਰਨ ਆਪਣੀਆਂ ਬੱਚੀਆਂ ਦੇ ਵਿਆਹ ਕਾਰਜ ਕਰਨ ਤੋਂ ਅਸਮਰੱਥ ਹਨ ਕਿ ਉਹ ਪਿੰਗਲਾ ਆਸ਼ਰਮ ਸਨੌਰ ਵਿਖੇ ਪਹੁੰਚ ਕੇ ਬਾਬਾ ਬਲਬੀਰ ਸਿੰਘ ਨਾਲ ਸੰਪਰਕ ਕਰਕੇ ਆਪਣੀਆਂ ਬੱਚੀਆਂ ਦੀਆਂ ਸ਼ਾਦੀਆਂ ਕਰਵਾਉਣ ਲਈ ਸੰਪਰਕ ਕਰਨ।

## ਬਰਸਟ ਵੱਲੋਂ ਸਮਾਣਾ ਦੇ ਵਿਕਾਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਵੋਟ ਪਾਉਣ ਦੀ ਅਪੀਲ



ਸਮਾਣਾ, 25 ਮਈ (ਵਿਜੇ ਕੁਮਾਰ) : ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਸਮਾਣਾ ਸ਼ਹਿਰ ਦੀ ਮਿਊਂਸੀਪਲ ਕੌਂਸਲ ਚੋਣ ਪ੍ਰਚਾਰ ਦੌਰਾਨ ਸ਼ਹਿਰ ਦੇ ਅਹਿਮ ਵਿਕਾਸ ਮੁੱਦਿਆਂ 'ਤੇ ਗੱਲ ਕਰਦੇ ਹੋਏ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਮਾਣਾ ਸ਼ਹਿਰ ਦੇ ਵਿਕਾਸ ਲਈ ਵੋਟ ਕਰਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਮਾੜੀ ਕਾਰਗੁਜ਼ਾਰੀ ਕਰਕੇ ਸਮਾਣਾ ਸ਼ਹਿਰ ਅੱਜ ਕਈ ਬੁਨਿਆਦੀ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਜਿਨ੍ਹਾਂ ਵਿੱਚ ਸਭ ਤੋਂ ਵੱਡੀ ਸਮੱਸਿਆ ਟਰੈਫਿਕ ਦੀ ਹੈ। ਇਸਦੇ ਨਾਲ ਹੀ ਟੁੱਟੀਆਂ ਸੜਕਾਂ ਦੀ ਮੁਰੰਮਤ, ਗਲੀਆਂ-ਨਾਲੀਆਂ ਦੀ ਮੁਰੰਮਤ, ਸੀਵਰੇਜ਼ ਪ੍ਰਣਾਲੀ ਵਿੱਚ ਸੁਧਾਰ ਅਤੇ ਲੋਕਾਂ ਤੱਕ ਸਾਫ ਪੀਣ ਵਾਲਾ ਪਾਣੀ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਕਿ 26 ਮਈ ਨੂੰ ਹੋਣ ਵਾਲੀ ਵੋਟਿੰਗ ਦੌਰਾਨ ਕਿਸੇ ਕਿਸਮ ਦੀ ਹੁੱਲੜਬਾਜ਼ੀ ਨਾ ਕੀਤੀ ਜਾਵੇ, ਸ਼ਾਂਤੀਪੂਰਨ ਮਾਹੌਲ ਵਿੱਚ ਵੋਟਾਂ ਪਾਈਆਂ ਜਾਣ ਅਤੇ ਹਰ ਨਾਗਰਿਕ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰੇ।

## ਸੜਕ ਹਾਦਸੇ 'ਚ ਦੋ ਦੀ ਮੌਤ

ਪਟਿਆਲਾ, 25 ਮਈ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਦਿਲਪ੍ਰੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ ਕਾਲੇਕੀ ਨੇ ਟਰੱਕ ਦੇ ਡਰਾਇਵਰ ਰਛਪਾਲ ਸਿੰਘ ਵਾਸੀ ਪਿੰਡ ਕਕਰਾਲਾ ਭਾਈਕਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਮਾਮੇ ਦਾ ਲੜਕਾ ਰਾਜਵਿੰਦਰ ਸਿੰਘ ਪੁੱਤਰ ਨਿਰਭੈ ਸਿੰਘ ਵਾਸੀ ਬਾਦਸ਼ਾਹਪੁਰ ਕਾਲੇਕੀ ਸਮੇਤ ਮਜਦੂਰ ਗਿਰਧਾਰੀ ਰਾਏ ਪੁੱਤਰ ਸਾਗ ਰਾਏ ਵਾਸੀ ਪਿੰਡ ਬਾਦਸ਼ਾਹਪੁਰ ਕਾਲੇਕੀ ਨਾਲ ਟਰੈਕਟਰ ਟਰਾਲੀ ਪਰ ਸਵਾਰ ਹੋ ਕੇ ਪਿੰਡ ਭਾਨਰਾ ਪਾਸ ਜਾ ਰਿਹਾ ਸੀ ਤਾ ਦੋਸ਼ੀ ਡਰਾਇਵਰ ਨੇ ਆਪਣਾ ਟਰੱਕ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਹਨ੍ਹਾ ਵਿੱਚ ਮਾਰਿਆ, ਜੋ ਐਕਸੀਡੈਂਟ ਵਿੱਚ ਦੋਵਾਂ ਦੀ ਮੌਤ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਤੂੜੀ ਨਾਲ ਭਰੀ ਟਰਾਲੀ ਪਲਟੀ, ਵੱਡੇ ਹਾਦਸੇ ਤੋਂ ਬਚਾਅ



ਘਨੌਰ, 25 ਮਈ (ਰਾਜਿੰਦਰ ਸਿੰਘ ਕੰਬੋਜ) : ਪਿੰਡ ਲਾਛੜੂ ਖੁਰਦ ਤੋਂ ਜਮੁਨਾ ਨਗਰ ਲਈ ਤੂੜੀ ਨਾਲ ਭਰੀ ਟਰਾਲੀ ਲੈ ਕੇ ਜਾ ਰਹੇ ਡਰਾਈਵਰ ਮਨਸੂਰ ਨਾਲ ਅੱਜ ਇਕ ਹਾਦਸਾ ਵਾਪਰ ਗਿਆ, ਜਦੋਂ ਪਿੰਡ ਪਿੱਪਲ ਮੰਘੋਲੀ ਨੇੜੇ ਸੜਕ ਕਿਨਾਰੇ ਦਰੱਖਤ ਦੀਆਂ ਟਾਹਣੀਆਂ ਨਾਲ ਟਰਾਲੀ ਟਕਰਾ ਗਈ। ਟਾਹਣੀਆਂ ਨਾਲ ਲੱਗਣ ਕਾਰਨ ਟਰਾਲੀ ਦਾ ਸੰਤੁਲਨ ਬਿਗੜ ਗਿਆ ਅਤੇ ਉਹ ਬੇਕਾਬੂ ਹੋ ਕੇ ਸੜਕ ਕਿਨਾਰੇ ਪਲਟ ਗਈ।ਹਾਦਸੇ ਦੌਰਾਨ ਟਰਾਲੀ ਵਿੱਚ ਭਰੀ ਤੂੜੀ ਸੜਕ ਤੇ ਖਿਲਰ ਗਈ, ਜਿਸ ਕਾਰਨ ਕੁਝ ਸਮੇਂ ਲਈ ਆਵਾਜਾਈ ਵੀ ਪ੍ਰਭਾਵਿਤ ਰਹੀ। ਖੁਸ਼ਕਿਸਮਤੀ ਨਾਲ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਡਰਾਈਵਰ ਮਨਸੂਰ ਵੀ ਸੁਰੱਖਿਅਤ ਬਚ ਗਿਆ। ਸਥਾਨਕ ਲੋਕਾਂ ਨੇ ਤੁਰੰਤ ਮੌਕੇ ਤੇ ਪਹੁੰਚ ਕੇ ਮਦਦ ਕੀਤੀ ਅਤੇ ਟਰੈਕਟਰ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ। ਇਲਾਕਾ ਵਾਸੀਆਂ ਨੇ ਦੱਸਿਆ ਕਿ ਸੜਕ ਕਿਨਾਰੇ ਦਰੱਖਤਾਂ ਦੀਆਂ ਥੱਲੇ ਝੁਕੀਆਂ ਟਾਹਣੀਆਂ ਅਕਸਰ ਵਾਹਨਾਂ ਲਈ ਖਤਰਾ ਬਣਦੀਆਂ ਹਨ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸੜਕਾਂ ਦੇ ਕਿਨਾਰੇ ਖਤਰਨਾਕ ਟਾਹਣੀਆਂ ਦੀ ਕਟਾਈ ਕਰਵਾਈ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੇ ਹਾਦਸਿਆਂ ਤੋਂ ਬਚਿਆ ਜਾ ਸਕੇ।

## ਗੁਰਪ੍ਰੀਤ ਸਿੰਘ ਨੇ ਗਊਸ਼ਾਲਾ ਘਨੌਰ 'ਚ ਆਪਣਾ ਜਨਮ ਦਿਨ ਮਨਾਇਆ



ਘਨੌਰ, 25 ਮਈ (ਮਦਨ ਲਾਲ) : ਸ੍ਰੀ ਕ੍ਰਿਸ਼ਨ ਜੀ ਗਊਸ਼ਾਲਾ ਘਨੌਰ ਦੇ ਸੇਵਾਦਾਰ ਗੁਰਪ੍ਰੀਤ ਸਿੰਘ ਨੇ ਗਊਸ਼ਾਲਾ ਵਿੱਚ ਆਪਣਾ ਜਨਮਦਿਨ ਮਨਾ ਕੇ ਇੱਕ ਮਿਸਾਲ ਕਾਇਮ ਕੀਤੀ ਹੈ ਉਹਨਾਂ ਹੋਟਲਾਂ ਕਲੱਬਾਂ ਅਤੇ ਪਾਰਟੀਆਂ ਨੂੰ ਪਿੱਛੇ ਛੱਡ ਕੇ ਗਊਸ਼ਾਲਾ ਵਿੱਚ ਗਊਆਂ ਲਈ ਇੱਕ ਹਰੇ ਚਾਰੇ ਦੀ ਟਰਾਲੀ ਮੰਗਵਾਈ ਅਤੇ ਗਊਸ਼ਾਲਾ ਦੇ ਮੁਲਾਜ਼ਮਾਂ ਅਤੇ ਸੇਵਾਦਾਰਾਂ ਲਈ ਮਠਿਆਈ ਮੰਗਵਾ ਕੇ ਮੂੰਹ ਮਿੱਠਾ ਕਰਵਾਇਆ ਅਤੇ ਗਊਆਂ ਨੂੰ ਆਪਣੇ ਹੱਥੀ ਹਰਾ ਚਾਰਾ ਪਾ ਕੇ ਆਪਣਾ ਜੀਵਨ ਸਫਲ ਬਣਾਉਣ ਲਈ ਆਪਣੀ ਜਨਨੀ ਮਾਂ ਪ੍ਰਕਾਸ਼ ਕੌਰ ਅਤੇ ਗਊ ਮਾਤਾ ਜੀ ਦਾ ਅਸ਼ੀਰਵਾਦ ਲੇ ਕੇ ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਮੰਗੀਂ ਇਸ ਮੌਕੇ ਗੁਰਪ੍ਰੀਤ ਸਿੰਘ ਨੇ ਗਊ ਸੇਵਾਦਾਰਾਂ ਅਤੇ ਇਲਾਕਾ ਵਾਸੀਆਂ ਨੂੰ ਇੱਕ ਸੁਨੇਹਾ ਦਿੰਦਿਆਂ ਕਿਹਾ ਕਿ ਆਪਣਾ ਜਨਮਦਿਨ ਅਤੇ ਵਿਆਹ ਦੀ ਸਾਲ ਗਿਰਾ ਸਾਨੂੰ ਧਾਰਮਿਕ ਤਰੀਕੇ ਨਾਲ ਧਾਰਮਿਕ ਸਥਾਨਾਂ ਤੇ ਜਾਂ ਕੇ ਬੇਜਵਾਨ ਪਸ਼ੂਆਂ ਨੂੰ ਹਰਾ ਚਾਰਾ ਜਾਂ ਦਾਣਾ ਪਾ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਸ਼੍ਰੀ ਕ੍ਰਿਸ਼ਨ ਗਊਸ਼ਾਲਾ ਘਨੌਰ ਦੇ ਪ੍ਰਧਾਨ ਗੁਲਸ਼ਨ ਕੁਮਾਰ, ਬਲਬੀਰ ਸਿੰਘ ਸ਼ਰਮਾ, ਸੁਭਾਸ਼ ਚੰਦ ਜਿੰਦਲ,ਰਾਜੀਵ ਕੁਮਾਰ ਸ਼ਰਮਾ, ਗੁਰਮੀਤ ਸਿੰਘ ਭੱਟਮਾਜਰਾ ਸਮੇਤ ਹੋਰ ਵੀ ਸੇਵਾਦਾਰਾਂ ਨੇ ਹਰੇ ਚਾਰੇ ਅਤੇ ਦਾਣੇ ਦੀ ਬਾਖੂਬੀ ਸੇਵਾ ਨਿਭਾਈ।

## ਰਣਜੋਧ ਸਿੰਘ ਹਡਾਣਾ ਵੱਲੋਂ ਕੋਆਪ੍ਰੇਟਿਵ ਸੁਸਾਇਟੀ ਫ਼ਤਿਹਪੁਰ ਰਾਜਪੂਤਾਂ ਦੀ ਸਰਬਸੰਮਤੀ ਨਾਲ ਚੁਣੀ ਨਵੀਂ ਕਮੇਟੀ ਨੂੰ ਵਧਾਈ

### ➢ਰਵਿੰਦਰ ਸਿੰਘ ਪ੍ਰਧਾਨ, ਗੁਰਵਿੰਦਰ ਸਿੰਘ ਮੀਤ ਪ੍ਰਧਾਨ ਤੇ ਰਣਜੀਤ ਕੌਰ ਜੂਨੀਅਰ ਮੀਤ ਪ੍ਰਧਾਨ ਚੁਣੇ



ਦੇਵੀਗੜ੍ਹ , 25 ਮਈ (ਗੁਰਜੀਤ ਸਿੰਘ ਢੋਟ) : ਕੋਆਪਰੇਟਿਵ ਸੁਸਾਇਟੀ ਫ਼ਤਿਹਪੁਰ ਰਾਜਪੂਤਾਂ ਦੀ ਪ੍ਰਬੰਧਕੀ ਕਮੇਟੀ ਦੀ ਚੋਣ ਅੱਜ ਪੂਰਨ ਤੌਰ 'ਤੇ ਅਮਨ-ਅਮਾਨ ਅਤੇ ਸਰਬਸੰਮਤੀ ਨਾਲ ਸੰਪੰਨ ਹੋ ਗਈ। ਇਸ ਚੋਣ ਵਿੱਚ ਆਪਸੀ ਸਹਿਮਤੀ ਨਾਲ ਸ੍ਰ ਰਵਿੰਦਰ ਸਿੰਘ ਨੂੰ ਕੋਆਪਰੇਟਿਵ ਸੁਸਾਇਟੀ ਦਾ ਪ੍ਰਧਾਨ ਚੁਣਿਆ ਗਿਆ। ਚੋਣ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਸੁਸਾਇਟੀ ਦੇ ਨਵ-ਨਿਯੁਕਤ ਅਹੁਦੇਦਾਰ ਅਤੇ ਪ੍ਰਬੰਧਕ ਮੈਂਬਰ ਵਿਸ਼ੇਸ਼ ਤੌਰ 'ਤੇ ਹਲਕਾ ਇੰਚਾਰਜ ਅਤੇ ਚੇਅਰਮੈਨ ਸ. ਰਣਜੋਧ ਸਿੰਘ ਹਡਾਣਾ ਦੇ ਗ੍ਰਹਿ ਪਹੁੰਚੇ, ਜਿੱਥੇ ਸ. ਹਡਾਣਾ ਵੱਲੋਂ ਸਮੁੱਚੀ ਟੀਮ ਦਾ ਮੂੰਹ ਮਿੱਠਾ ਕਰਵਾ ਕੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਭਵਿੱਖ ਦੇ ਕਾਰਜਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਸੰਦੀਪ ਕੌਰ ਪ੍ਰਬੰਧਨ ਮੈਂਬਰ, ਕੁਲਵੰਤ ਸਿੰਘ ਪ੍ਰਬੰਧਨ ਮੈਂਬਰ, ਦਲਜੀਤ ਸਿੰਘ ਪ੍ਰਬੰਧਨ ਮੈਂਬਰ, ਪੰਜਾਬ ਸਿੰਘ ਖੁੱਡਾ ਸ੍ਰੀ ਸੁਖਦੀਪ ਸਿੰਘ ਫਤਿਹਪੁਰ, ਸ੍ਰੀ ਹਰਪਾਲ ਸਿੰਘ ਫਤਿਹਪੁਰ, ਤਜਿੰਦਰ ਸਿੰਘ, ਲਖਵਿੰਦਰ ਸਿੰਘ ਸਰਪੰਚ, ਹਰਿੰਦਰ ਸਿੰਘ ਕੌੜਾ, ਮਨਦੀਪ ਸਿੰਘ, ਵਿਸ਼ਾਲ ਪਾਲ ਸਰਪੰਚ, ਸ੍ਰੀ ਜਸਬੀਰ ਸਿੰਘ, ਰਾਜਕੁਮਾਰ ਮੈਂਬਰ ਬਲਾਕ ਸੰਮਤੀ, ਸ੍ਰੀ ਭੁਪਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਦੱਸਣਯੋਗ ਹੈ ਕਿ ਇਸ ਸਰਬਸੰਮਤੀ ਨਾਲ ਹੋਈ ਚੋਣ ਦੌਰਾਨ ਜਿੱਥੇ ਰਵਿੰਦਰ ਸਿੰਘ ਨੂੰ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੀ ਗਈ, ਉੱਥੇ ਹੀ ਸ੍ਰੀ ਗੁਰਵਿੰਦਰ ਸਿੰਘ ਨੂੰ ਮੀਤ ਪ੍ਰਧਾਨ ਅਤੇ ਸ਼੍ਰੀਮਤੀ ਰਣਜੀਤ ਕੌਰ ਨੂੰ ਜੂਨੀਅਰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਕੋਆਪਰੇਟਿਵ ਸੁਸਾਇਟੀ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰਬੰਧਕ ਮੈਂਬਰਾਂ ਵਜੋਂ ਸੰਦੀਪ ਕੌਰ, ਕੁਲਵੰਤ ਸਿੰਘ ਅਤੇ ਦਲਜੀਤ ਸਿੰਘ ਨੂੰ ਸਰਬਸੰਮਤੀ ਨਾਲ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਅਤੇ ਸਮੂਹ ਮੈਂਬਰਾਂ ਨੇ ਮਾਨ ਸਰਕਾਰ ਅਤੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਜ਼ਿਲ੍ਹੇ 'ਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਮੁਹਿੰਮ

### ਬੱਚਿਆਂ ਦੀ ਸੜਕ ਸੁਰੱਖਿਆ ਟਰਾਂਸਪੋਰਟ ਵਿਭਾਗ, ਸਕੂਲ ਪ੍ਰਬੰਧਕਾਂ, ਵਾਹਨ ਚਾਲਕਾਂ ਅਤੇ ਮਾਪਿਆਂ ਦੀ ਸਾਂਝੀ ਜ਼ਿੰਮੇਵਾਰੀ : ਡਾ. ਪੂਨਮ ਪ੍ਰੀਤ ਕੌਰ




ਪਟਿਆਲਾ, 25 ਮਈ (ਰੁਪਾਣਾ) : ਸੇਫ ਸਕੂਲ ਵਾਹਨ ਪਾਲਿਸੀ ਤਹਿਤ ਅਤੇ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਪਟਿਆਲਾ ਜ਼ਿਲ੍ਹੇ ਵਿੱਚ ਖ਼ਾਸ ਚੈਕਿੰਗ ਅਤੇ ਜਾਗਰੂਕਤਾ ਮੁਹਿੰਮ ਚਲਾਈ ਗਈ। ਪਟਿਆਲਾ ਦੇ ਰੀਜਨਲ ਟਰਾਂਸਪੋਰਟ ਅਫਸਰ, ਡਾ. ਪੂਨਮ ਪ੍ਰੀਤ ਕੌਰ ਦੀ ਅਗਵਾਈ ਹੇਠ ਚਲਾਈ ਗਈ ਇਸ ਮੁਹਿੰਮ ਦੌਰਾਨ ਸਕੂਲ ਬੱਸਾਂ, ਵੈਨਾਂ ਅਤੇ ਸਕੂਲੀ ਬੱਚਿਆਂ ਨੂੰ ਲਿਜਾਣ ਵਾਲੇ ਹੋਰ ਵਾਹਨਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ। ਡਾ. ਪੂਨਮ ਪ੍ਰੀਤ ਕੌਰ ਨੇ ਦੱਸਿਆ ਕਿ ਜਾਂਚ ਦੌਰਾਨ ਵਾਹਨਾਂ ਦੇ ਪਰਮਿਟ, ਫਿਟਨੈੱਸ ਸਰਟੀਫਿਕੇਟ, ਇੰਸ਼ੋਰੈਂਸ, ਸਪੀਡ ਗਵਰਨਰ, ਐਮਰਜੈਂਸੀ ਏਗਜ਼ਿਟ, ਅੱਗ ਬੁਝਾਊ ਯੰਤਰ, ਫਸਟ ਏਡ ਬਾਕਸ, ਸੀਸੀਟੀਵੀ ਕੈਮਰੇ ਅਤੇ ਬੈਠਕ ਸਮਰੱਥਾ ਆਦਿ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਦੀ ਜਾਂਚ ਕੀਤੀ ਗਈ। ਜਿਹੜੇ ਵਾਹਨ ਨਿਰਧਾਰਿਤ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਰਦੇ ਪਾਏ ਗਏ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਗਈ। ਉਲੰਘਣਾ ਕਰਨ ਵਾਲਿਆਂ ਦੇ ਚਲਾਨ ਮੌਕੇ 'ਤੇ ਹੀ ਆਨਲਾਈਨ ਪੀ.ਓ.ਐਸ. ਮਸ਼ੀਨਾਂ ਰਾਹੀਂ ਤੁਰੰਤ ਕੱਟੇ ਗਏ ਤਾਂ ਜੋ ਕਾਰਵਾਈ ਵਿੱਚ ਪਾਰਦਰਸ਼ਤਾ ਅਤੇ ਤੇਜ਼ੀ ਬਣੀ ਰਹੇ। ਰੀਜਨਲ ਟਰਾਂਸਪੋਰਟ ਅਫਸਰ ਨੇ ਦੱਸਿਆ ਕਿ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਕਿ ਕਿਸੇ ਵੀ ਸਕੂਲੀ ਵਾਹਨ ਨੂੰ ਲੰਮੇ ਸਮੇਂ ਲਈ ਨਾ ਰੋਕਿਆ ਜਾਵੇ ਅਤੇ ਸਕੂਲੀ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਜਾਂ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਇਸਦੇ ਨਾਲ ਨਾਲ ਜਾਗਰੂਕਤਾ ਉੱਤੇ ਵੀ ਖ਼ਾਸ ਜ਼ੋਰ ਦਿੱਤਾ ਗਿਆ। ਡਾ. ਪੂਨਮ ਪ੍ਰੀਤ ਕੌਰ ਨੇ ਖੁਦ ਬੱਚਿਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਬੱਚਿਆਂ ਦੀ ਸੁਰੱਖਿਆ ਸੰਬੰਧੀ ਆਪਣੀ ਜ਼ਿੰਮੇਵਾਰੀ ਬਾਰੇ ਜਾਗਰੂਕ ਕੀਤਾ।ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਓਵਰਲੋਡ, ਗੈਰ-ਅਧਿਕਾਰਤ ਜਾਂ ਅਸੁਰੱਖਿਅਤ ਵਾਹਨਾਂ ਵਿੱਚ ਨਾ ਭੇਜਣ ਅਤੇ ਇਹ ਯਕੀਨੀ ਬਣਾਉਣ ਕਿ ਬੱਚਿਆਂ ਨੂੰ ਲਿਜਾਣ ਵਾਲੇ ਵਾਹਨ ਸੇਫ ਸਕੂਲ ਵਾਹਨ ਪਾਲਿਸੀ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹੋਣ।ਆਰ.ਟੀ.ਓ. ਨੇ ਕਿਹਾ ਕਿ ਬੱਚਿਆਂ ਦੀ ਸੜਕ ਸੁਰੱਖਿਆ ਟਰਾਂਸਪੋਰਟ ਵਿਭਾਗ, ਸਕੂਲ ਪ੍ਰਬੰਧਕਾਂ, ਵਾਹਨ ਚਾਲਕਾਂ ਅਤੇ ਮਾਪਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਚੈਕਿੰਗ ਅਤੇ ਜਾਗਰੂਕਤਾ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ ਤਾਂ ਜੋ ਸਕੂਲੀ ਬੱਚਿਆਂ ਲਈ ਸੁਰੱਖਿਅਤ ਆਵਾਜਾਈ ਸੁਨਿਸ਼ਚਿਤ ਕੀਤੀ ਜਾ ਸਕੇ

## ਪਟਿਆਲਾ ਮਹਿਲਾ ਸੀਨੀਅਰ ਕ੍ਰਿਕਟ ਟੀਮ ਦੀ ਚੋਣ ਲਈ ਅੱਜ ਹੋਣਗੇ ਟਰਾਇਲ

ਪਟਿਆਲਾ, 25 ਮਈ (ਚ.ਨ.ਸ) : ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਪਟਿਆਲਾ ਸਬ ਕਮੇਟੀ ਦੇ ਚੇਅਰਪਰਸਨ ਸ. ਅਮਰਿੰਦਰ ਵੀਰ ਸਿੰਘ ਬਰਸਟ ਨੇ ਦੱਸਿਆ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਪਟਿਆਲਾ ਮਹਿਲਾ ਸੀਨੀਅਰ ਕ੍ਰਿਕਟ ਟੀਮ ਦੀ ਚੋਣ ਲਈ ਟਰਾਇਲ ਕਰਵਾਏ ਜਾ ਰਹੇ ਹਨ। ਇਹ ਟਰਾਇਲ 26 ਮਈ 2026 ਨੂੰ ਸਵੇਰੇ 8 ਵਜੇ ਤੋਂ ਧਰੁਵ ਪਾਂਡਵ ਕ੍ਰਿਕਟ ਸਟੇਡੀਅਮ, ਬਰਾਦਰੀ, ਪਟਿਆਲਾ ਵਿਖੇ ਹੋਣਗੇ। ਚੁਣੀ ਗਈ ਟੀਮ ਆਗਾਮੀ ਸੀਜ਼ਨ 2026-2027 ਦੇ ਪੰਜਾਬ ਸਟੇਟ ਇੰਟਰ ਡਿਸਟ੍ਰਿਕਟ ਮਹਿਲਾ ਸੀਨੀਅਰ ਵਨ ਡੇ ਲਿਮਟਿਡ ਓਵਰਜ਼ ਟੂਰਨਾਮੈਂਟ ਵਿੱਚ ਭਾਗ ਲਵੇਗੀ। ਖਿਡਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਯੋਗਤਾ ਸਬੰਧੀ ਅਸਲ ਦਸਤਾਵੇਜ਼ ਜਿਵੇਂ ਕਿ ਪਾਸਪੋਰਟ, ਡਿਜ਼ਿਟਲ ਜਨਮ ਸਰਟੀਫਿਕੇਟ, ਸਾਲ 2025-26 ਦੀ ਮਾਰਕਸ਼ੀਟ (ਓਪਨ ਸਕੂਲ ਯੋਗ ਨਹੀਂ), ਮੌਜੂਦਾ ਸੀਜ਼ਨ (2026-27) ਦਾ ਸਕੂਲ ਬੋਨਾਫਾਈਡ ਸਰਟੀਫਿਕੇਟ, ਇੱਕ ਫੋਟੋਗ੍ਰਾਫ ਅਤੇ ਉਪਰੋਕਤ ਸਾਰੇ ਦਸਤਾਵੇਜ਼ਾਂ ਦੀ ਫੋਟੋਕਾਪੀ ਦਾ ਇੱਕ ਸੈੱਟ ਨਾਲ ਲੈ ਕੇ ਆਉਣ।

## ਹੈਰੋਇਨ ਬ੍ਰਾਮਦ

ਨਾਭਾ, 25 ਮਈ (ਚੌਧਰੀਮਾਜਰਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਕੁਲਵੀਰ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਪ੍ਰੇਮ ਨਗਰ ਬੌੜਾ ਗੇਟ ਨਾਭਾ ਵਿਰੁੱਧ ਧਾਰਾ 21, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ. ਗੁਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਸਿਵਲ ਹਸਪਤਾਲ ਨਾਭਾ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 5 ਗ੍ਰਾਮ 80 ਮਿਲੀਗ੍ਰਾਮ ਚਿੱਟਾ-ਹੈਰੋਇਨ ਬ੍ਰਾਮਦ ਹੋਈ।

## ਸੁਸਾਇਟੀ ਵੱਲੋਂ ਭਰਤ ਸ਼ਰਮਾ ਦਾ ਸਨਮਾਨ



ਭਾਦਸੋਂ, 25 ਮਈ (ਭਰਪੂਰ ਸਿੰਘ ਮੱਟਰਾਂ) : ਬਾਬਾ ਸ੍ਰੀਚੰਦ ਸੇਵਾ ਸੁਸਾਇਟੀ ਪਿੰਡ ਲੌਟ ਵੱਲੋਂ ਭਰਤ ਸ਼ਰਮਾ ਦਾ ਸਨਮਾਨ ਕੀਤਾ ਗਿਆ, ਜੋ ਕਿ 47ਵਾਂ ਭਾਰਤੀ ਅੰਤਰ ਰਾਜ ਬਿਜਲੀ ਬੋਰਡ ਕੁਸਤੀ ਟੂਰਨਾਮੈਂਟ ਪੂਣੇ ਮਹਾਰਾਸ਼ਟਰ ਵਿਖੇ ਹੋਇਆ, ਜਿਸ ਵਿਚ ਤੀਜਾ ਸਥਾਨ ਤੇ ਮੈਡਲ ਪ੍ਰਾਪਤ ਕਰਕੇ ਆਇਆ ਜਿਸ ਦਾ ਮਾਣ ਮਹਿਸੂਸ ਕਰਨ 'ਤੇ ਦੀ ਪਟਿਆਲਾ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਸ. ਸਤਬੀਰ ਸਿੰਘ ਖੱਟੜਾ, ਬਾਬਾ ਰਾਜ ਸਿੰਘ ਲੌਟ ਵੱਲੋਂ ਮਾਣ ਮਹਿਸੂਸ ਕਰਦੇ ਸਨਮਾਨਿਤ ਕੀਤਾ ਗਿਆ, ਜਿਸ ਵਿਚ ਨਿਰਮਲ ਸਿੰਘ ਲੌਟ, ਹਰਵਿੰਦਰ ਸੋਟੀ, ਚਾਹਤ ਸਿੰਘ, ਦਲੇਰੀ ਸਿੰਘ, ਸਤਨਾਮ ਦਾਸ, ਪੰਚਾਇਤ ਮੈਂਬਰ ਲਵਪ੍ਰੀਤ ਸਿੰਘ ਲਵੀ, ਪਰਮਜੀਤ ਸਿੰਘ ਮਾਛਵਾੜਾ ਸਾਮਿਲ ਸਨ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।